


**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV





05

**ਅੰਦਰਲੀ ਖ਼ਬਰ**
ਸਾਰੇ ਸਿੱਖ ਵਿਧਾਇਕ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ

**ਅੰਦਰਲੀ ਖ਼ਬਰ**
ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਬੇਅਦਬੀ ਦੀ ਕੋਸ਼ਿਸ਼, ਸਰਕਾਰ ਬੇਅਦਬੀਆਂ ਰੋਕਣ 'ਚ ਫੇਲ੍ਹ: ਜਥੇ. ਕੁਲਦੀਪ ਸਿੰਘ ਗੜਗੱਜ
07





ਪੰਨਾ ਨੰ.:6 **ਲੇਖ**
**ਇਲਤੀਨਾਮਾ ਅੱਵਲ !**





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

18 ਜੂਨ ਤੋਂ 24 ਜੂਨ, 2026

Email :- editor@punjabstar.com, Vo. 20. Issue:1242


## ਕੈਨੇਡਾ 'ਚ ਸੈਂਕੜੇ ਲੋਕਾਂ ਦੀ ਸਿਟੀਜਨਸ਼ਿਪ ਰੱਦ !

*** ਫ਼ਰੌਡ ਦੇ ਦੋਸ਼ ਲਾਉਂਦਿਆਂ ਫ਼ੈਡਰਲ ਸਰਕਾਰ ਦੀ ਕਾਰਵਾਈ**
*** ਇੰਮੀਗ੍ਰੇਸ਼ਨ ਸਲਾਹਕਾਰਾਂ ਦੇ ਦਫ਼ਤਰਾਂ 'ਚ ਖੜਕ ਰਹੀਆਂ ਘੰਟੀਆਂ**



ਔਟਵਾ (ਪੰਜਾਬ ਸਟਾਰ ਬਿਓਰੋ): ਸੈਂਕੜੇ ਕੈਨੇਡੀਅਨਜ਼ ਦੀ ਸਿਟੀਜ਼ਨਸ਼ਿਪ ਖ਼ਤਰੇ ਵਿਚ ਹੈ ਅਤੇ ਸ਼ੱਕ ਦੇ ਘੇਰੇ ਵਿਚ ਆਏ ਲੋਕਾਂ ਦੇ ਸਿਟੀਜ਼ਨਸ਼ਿਪ ਸਰਟੀਫ਼ਿਕੇਟ ਮੁਅੱਤਲ ਕੀਤੇ ਜਾ ਚੁੱਕੇ ਹਨ। ਜੀ ਹਾਂ, ਕੈਨੇਡਾ ਸਰਕਾਰ ਦੇ ਤਾਜ਼ਾ ਹੁਕਮਾਂ ਮਗਰੋਂ ਇੰਮੀਗ੍ਰੇਸ਼ਨ ਸਲਾਹਕਾਰਾਂ ਦੇ ਦਫ਼ਤਰਾਂ ਵਿਚ ਘੰਟੀਆਂ ਖੜਕ ਗਈਆਂ ਅਤੇ ਲੋਕ ਬਚਾਅ ਦੇ ਤਰੀਕਿਆਂ ਦੀ ਭਾਲ ਵਿਚ ਜੁਟ ਗਏ। ਵੈਨਕੂਵਰ ਦੇ ਇੰਮੀਗ੍ਰੇਸ਼ਨ ਵਕੀਲ ਅਮਨਦੀਪ ਹੇਅਰ ਦਾ ਕਹਿਣਾ ਸੀ ਕਿ ਫ਼ਰੌਡ ਸਾਹਮਣੇ ਆਉਣ 'ਤੇ ਵੱਡੀ ਗਿਣਤੀ ਵਿਚ ਪਰਮਾਨੈਂਟ ਰੈਜ਼ੀਡੈਂਸੀ * ਬਾਕੀ ਸਫ਼ਾ 2 'ਤੇ

### ਸਾਵਧਾਨ !
## ਕੈਨੇਡਾ 'ਚ ਬਿੱਲ ਸੀ 14 ਕਾਨੂੰਨ ਹੁਣ ਕਾਨੂੰਨ ਬਣ ਚੁੱਕਾ ਹੈ




ਟੋਰਾਂਟੋ (ਸੇਖਾ) : ਕੈਨੇਡਾ ਵਿੱਚ ਵਿੱਚ ਬਿੱਲ ਸੀ-14, ਜ਼ਮਾਨਤ ਅਤੇ ਸਜ਼ਾ ਸੁਧਾਰ ਐਕਟ, ਸੰਘੀ ਕਾਨੂੰਨ ਦਾ ਇੱਕ ਵਿਆਪਕ ਹਿੱਸਾ ਹੈ ਜਿਸਨੇ ਕੈਨੇਡਾ ਦੇ ਕ੍ਰਿਮੀਨਲ ਕੋਡ, ਯੂਥ ਕ੍ਰਿਮੀਨਲ ਜਸਟਿਸ ਐਕਟ, ਅਤੇ ਨੈਸ਼ਨਲ ਡਿਫੈਂਸ ਐਕਟ ਵਿੱਚ ਸੋਧ ਕੀਤੀ ਹੈ। ਇਸ ਐਕਟ ਨੂੰ 15 ਜੂਨ, 2026 ਨੂੰ ਸ਼ਾਹੀ ਸਹਿਮਤੀ ਮਿਲੀ, ਜਿਸ ਨਾਲ ਗੰਭੀਰ, ਹਿੰਸਕ ਅਤੇ ਦੁਹਰਾਉਣ ਵਾਲੇ ਅਪਰਾਧਾਂ ਲਈ ਜ਼ਮਾਨਤ ਨਿਯਮਾਂ ਅਤੇ ਸਜ਼ਾ ਨੂੰ ਸਖ਼ਤ ਕਰਨ ਲਈ 80 ਤੋਂ ਵੱਧ ਨਿਸ਼ਾਨਾਬੱਧ ਬਦਲਾਅ ਪੇਸ਼ ਕੀਤੇ ਗਏ।

**ਕਾਨੂੰਨ ਦੇ ਮੁੱਖ ਹਿੱਸਿਆਂ ਵਿੱਚ ਸ਼ਾਮਲ ਹਨ:** ਸਖ਼ਤ ਜ਼ਮਾਨਤ ਨਿਯਮ: ਗੰਭੀਰ ਅਪਰਾਧਾਂ ਲਈ "ਉਲਟ ਜ਼ਿੰਮੇਵਾਰੀ" ਉਪਬੰਧਾਂ ਦਾ ਵਿਸਤਾਰ ਕਰਦਾ ਹੈ, * ਬਾਕੀ ਸਫ਼ਾ 2 'ਤੇ

## ਅਮਰੀਕਾ ਦੇ ਮਿਸੂਰੀ 'ਚ ਵਾਪਰਿਆ ਜਹਾਜ਼ ਹਾਦਸਾ
### ਪਾਇਲਟ ਤੇ 11 ਸਕਾਈਡਾਈਵਰਾਂ ਦੀ ਹੋਈ ਮੌਤ



(ਪੰਜਾਬ ਸਟਾਰ ਬਿਓਰੋ):
ਅਮਰੀਕਾ ਦੇ ਮਿਸੂਰੀ ਵਿੱਚ ਐਤਵਾਰ ਨੂੰ ਇੱਕ ਜਹਾਜ਼ ਹਾਦਸੇ ਵਿੱਚ ਬਾਰਾਂ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਦੇ ਅਨੁਸਾਰ, ਛੋਟਾ ਜਹਾਜ਼ ਸਕਾਈਡਾਈਵਿੰਗ ਲਈ ਯਾਤਰੀਆਂ ਨੂੰ ਲੈ ਕੇ ਜਾ ਰਿਹਾ ਸੀ, ਪਰ ਟੇਕਆਫ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਇਹ ਹਾਦਸਾ ਕੈਨਸਸ ਸਿਟੀ ਤੋਂ ਲਗਭਗ 105 ਕਿਲੋਮੀਟਰ ਦੱਖਣ ਵਿੱਚ ਸਥਿਤ ਮਿਸੂਰੀ ਦੇ ਬਟਲਰ ਮੈਮੋਰੀਅਲ ਹਵਾਈ ਅੱਡੇ ਦੇ ਨੇੜੇ ਵਾਪਰਿਆ। ਹਾਦਸੇ ਤੋਂ ਬਾਅਦ, ਜਹਾਜ਼ ਵਿੱਚ ਅੱਗ ਲੱਗ ਗਈ, ਜਿਸ ਕਾਰਨ ਕੋਈ ਵੀ ਬਚਿਆ ਨਹੀਂ।

ਮਿਸੂਰੀ ਸਟੇਟ ਹਾਈਵੇਅ ਪੈਟਰੋਲ ਸਾਰਜੈਂਟ ਜਸਟਿਨ ਈਵਿੰਗ ਨੇ ਕਿਹਾ ਕਿ ਐਮਰਜੈਂਸੀ ਸੇਵਾਵਾਂ ਨੂੰ ਐਤਵਾਰ ਸਵੇਰੇ 11:30 ਵਜੇ ਦੇ ਕਰੀਬ ਇੱਕ ਰਿਪੋਰਟ ਮਿਲੀ ਕਿ ਹਵਾਈ ਅੱਡੇ ਦੇ ਨੇੜੇ ਇੱਕ ਖੇਤ ਵਿੱਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ ਹੈ ਅਤੇ ਅੱਗ ਵਿੱਚ ਫਟ ਗਿਆ ਹੈ। ਰਾਹਤ ਅਤੇ ਬਚਾਅ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾ ਦਿੱਤੀ, ਪਰ ਉਦੋਂ ਤੱਕ ਜਹਾਜ਼ ਪੂਰੀ ਤਰ੍ਹਾਂ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ ਸੀ।

ਜਹਾਜ਼ ਸਕਾਈਡਾਈਵ * ਬਾਕੀ ਸਫ਼ਾ 2 'ਤੇ

## ਅਮਰੀਕੀ ਹਵਾਈ ਸੈਨਾ ਦਾ B-52 ਬੰਬਾਰ ਜਹਾਜ਼ Crash
### 8 ਲੋਕਾਂ ਦੀ ਮੌਤ ਦਾ ਖਦਸ਼ਾ !



ਕੈਲੀਫੋਰਨੀਆ, (ਪੰਜਾਬ ਸਟਾਰ ਬਿਓਰੋ): ਅਮਰੀਕੀ ਏਅਰਫੋਰਸ ਦਾ ਇੱਕ B-52 ਬੰਬਾਰ (ਬੌਂਬਰ) ਕਰੈਸ਼ ਹੋ ਗਿਆ ਹੈ। ਇਹ ਹਾਦਸਾ ਦੱਖਣੀ ਕੈਲੀਫੋਰਨੀਆ ਦੇ ਮੋਹਾਵੀ ਰੇਗਿਸਤਾਨ ਵਿੱਚ ਹੋਇਆ। ਬੰਬਾਰ ਜਹਾਜ਼ ਵਿੱਚ 8 ਕਰੂ ਮੈਂਬਰ ਸਵਾਰ ਸਨ। ਅਮਰੀਕੀ ਹਵਾਈ ਸੈਨਾ (ਏਅਰਫੋਰਸ) ਮੁਤਾਬਕ, ਜਹਾਜ਼ ਵਿੱਚ ਸਵਾਰ ਸਾਰੇ 8 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਅਮਰੀਕੀ ਹਵਾਈ ਸੈਨਾ ਦੇ ਅਨੁਸਾਰ, ਜਹਾਜ਼ ਰੂਟੀਨ ਟੈਸਟਿੰਗ ਉਡਾਣ 'ਤੇ ਸੀ। ਸਵੇਰੇ ਕਰੀਬ 11.20 ਵਜੇ ਟੇਕਆਫ ਦੇ ਤੁਰੰਤ ਬਾਅਦ ਜਹਾਜ਼ ਹੇਠਾਂ ਡਿੱਗ ਗਿਆ ਅਤੇ ਉਸ ਨੂੰ ਅੱਗ ਲੱਗ ਗਈਨਿਊਕਲੀਅਰ ਹਥਿਆਰ ਲੈ ਕੇ ਜਾਣ ਦੇ * ਬਾਕੀ ਸਫ਼ਾ 2 'ਤੇ

### ਅਮਰੀਕਾ-ਈਰਾਨ ਜੰਗ ਖ਼ਤਮ !
## ਰਾਸ਼ਟਰਪਤੀ ਟਰੰਪ ਅਤੇ ਪੇਜ਼ੇਸ਼ਕੀਅਨ ਨੇ MoU 'ਤੇ ਕੀਤੇ ਰਸਮੀ ਦਸਤਖ਼ਤ



ਅਮਰੀਕਾ, (ਪੰਜਾਬ ਸਟਾਰ ਬਿਓਰੋ): ਪੱਛਮੀ ਏਸ਼ੀਆ ਵਿੱਚ ਸ਼ਾਂਤੀ ਵੱਲ ਇੱਕ ਹੋਰ ਕਦਮ ਅੱਗੇ ਵਧ ਚੁੱਕਾ ਹੈ। ਅਮਰੀਕਾ ਅਤੇ ਈਰਾਨ ਵਿਚਾਲੇ ਮਹੀਨਿਆਂ ਤੋਂ ਚੱਲੀ ਆ ਰਹੀ ਜੰਗ ਆਖਰਕਾਰ ਖਤਮ ਹੋ ਗਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਦੋਵਾਂ ਮੁਲਕਾਂ ਵਿਚਾਲੇ ਕਈ ਮਹੀਨਿਆਂ ਤੋਂ ਚੱਲ ਰਹੀ ਜੰਗ ਨੂੰ ਖਤਮ ਕਰਨ ਲਈ ਐਮਓਯੂ (MoU) 'ਤੇ ਰਸਮੀ ਤੌਰ 'ਤੇ ਹਸਤਾਖਰ ਕਰ ਦਿੱਤੇ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ-ਈਰਾਨ ਸਮਝੌਤੇ ਦੇ ਖਰੜੇ 'ਤੇ ਸਹਿਮਤੀ ਜਤਾਉਂਦੇ ਹੋਏ ਹਸਤਾਖਰ ਕਰ ਦਿੱਤੇ ਹਨ। ਇੱਕ ਅਮਰੀਕੀ ਅਧਿਕਾਰੀ ਦੇ ਅਨੁਸਾਰ, ਟਰੰਪ ਨੇ ਬੁੱਧਵਾਰ ਸ਼ਾਮ ਨੂੰ ਵਰਸਾਏ ਪੈਲੇਸ ਵਿੱਚ ਆਯੋਜਿਤ ਰਾਤ ਦੇ ਖਾਣੇ ਦੌਰਾਨ ਅਮਰੀਕਾ-ਈਰਾਨ ਸਮਝੌਤੇ ਦੇ ਖਰੜੇ 'ਤੇ ਅਧਿਕਾਰਤ ਤੌਰ 'ਤੇ ਹਸਤਾਖਰ ਕੀਤੇ। ਅਮਰੀਕੀ ਅਤੇ ਈਰਾਨੀ ਅਧਿਕਾਰੀਆਂ ਦੇ ਅਨੁਸਾਰ, ਦੋਵਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਨੇ ਬੁੱਧਵਾਰ ਨੂੰ ਇਸ ਐਮਓਯੂ 'ਤੇ ਦਸਤਖਤ ਕੀਤੇ। ਇਹ ਸਮਝੌਤਾ ਤੁਰੰਤ ਪ੍ਰਭਾਵ ਤੋਂ ਲਾਗੂ ਹੋ ਗਿਆ ਹੈ।

ਇਸ ਦਾ ਇਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਮੈਕਰੋਂ ਅਤੇ ਹੋਰ ਮਹਿਮਾਨਾਂ ਨਾਲ ਡਿਨਰ ਟੇਬਲ 'ਤੇ ਬੈਠੇ ਟਰੰਪ ਸ਼ਾਂਤੀ ਸਮਝੌਤੇ ਦੀ ਹਾਰਡ ਕਾਪੀ 'ਤੇ ਦਸਤਖਤ ਕਰਦੇ ਦੇਖੇ ਜਾ ਸਕਦੇ ਹਨ। ਟਰੰਪ ਦੇ ਹਸਤਾਖਰ ਕਰਦੇ ਹੀ ਉੱਥੇ ਮੌਜੂਦ ਮਹਿਮਾਨਾਂ ਨੇ ਤਾਲੀਆਂ ਵਜਾ ਕੇ ਸ਼ਾਂਤੀ ਦੇ ਇਸ ਕਦਮ ਦਾ ਸਵਾਗਤ ਕੀਤਾ। ਇਸ ਸਮਝੌਤੇ * ਬਾਕੀ ਸਫ਼ਾ 2 'ਤੇ

## ਹੁਣ ਕੈਨੇਡਾ 'ਚ ਨਵੇਂ ਆਏ ਪ੍ਰਵਾਸੀਆਂ ਘਰ ਵੱਧ ਖਰੀਦ ਰਹੇ !
### ਕੈਨੇਡੀਅਨ-ਜਨਮੇ ਨਿਵਾਸੀ ਘੱਟ



ਟੋਰਾਂਟੋ (ਬਲਜਿੰਦਰ ਸੇਖਾ) ਸਟੇਟਕਸ਼ ਕੈਨੇਡਾ ਦੀ ਰਿਪੋਰਟ ਅਨੁਸਾਰ ਹਾਲ ਹੀ ਵਿੱਚ ਆਏ ਪ੍ਰਵਾਸੀ ਸਥਾਈ ਨਿਵਾਸੀਆਂ ਵਜੋਂ ਆਪਣੇ ਪਹਿਲੇ ਪੰਜ ਸਾਲਾਂ ਦੇ ਅੰਦਰ ਉੱਚ ਦਰਾਂ 'ਤੇ ਘਰਾਂ ਦੇ ਮਾਲਕ ਬਣ ਰਹੇ ਹਨ, ਜਦੋਂ ਕਿ ਕੈਨੇਡੀਅਨ-ਜਨਮੇ ਵਿਅਕਤੀਆਂ ਵਿੱਚ ਘਰ ਮਾਲਕੀ ਵਿੱਚ ਗਿਰਾਵਟ ਆਈ ਹੈ, ਮੰਗਲਵਾਰ ਨੂੰ ਜਾਰੀ ਕੀਤੇ ਗਏ ਸਟੈਟਿਸਟਿਕਸ ਕੈਨੇਡਾ ਦੇ ਅਧਿਐਨ ਵਿੱਚ ਓਨਟਾਰੀਓ ਵਿੱਚ ਇੱਕ ਸਪੱਸ਼ਟ ਤਬਦੀਲੀ ਆਈ, ਜਿੱਥੇ ਕੈਨੇਡਾ ਵਿੱਚ ਆਪਣੇ ਪੰਜਵੇਂ ਸਾਲ ਵਿੱਚ ਹਾਲ ਹੀ ਵਿੱਚ ਆਏ ਪ੍ਰਵਾਸੀਆਂ ਵਿੱਚ ਘਰ ਮਾਲਕੀ 2018 ਵਿੱਚ 35.7 ਪ੍ਰਤੀਸ਼ਤ ਤੋਂ ਵੱਧ ਕੇ 2021 ਵਿੱਚ 40.2 ਪ੍ਰਤੀਸ਼ਤ ਹੋ ਗਈ। ਇਸ ਵਿੱਚ 12 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਹੋਇਆ। ਇਸੇ ਸਮੇਂ ਦੌਰਾਨ, ਕੈਨੇਡੀਅਨ-ਜਨਮੇ ਵਿਅਕਤੀਆਂ ਲਈ ਦਰ 50.7 ਪ੍ਰਤੀਸ਼ਤ ਤੋਂ ਘੱਟ ਕੇ 47.8 ਪ੍ਰਤੀਸ਼ਤ ਹੋ ਗਈ, ਜੋ ਕਿ ਪੰਜ ਪ੍ਰਤੀਸ਼ਤ ਦੀ ਗਿਰਾਵਟ ਹੈ।

ਹਾਲ ਹੀ ਵਿੱਚ ਆਏ ਪ੍ਰਵਾਸੀਆਂ ਨੇ ਮੈਰੀਟਾਈਮਜ਼ ਅਤੇ ਮੈਨੀਟੋਬਾ ਵਿੱਚ ਸਭ ਤੋਂ ਵੱਧ ਘਰ ਮਾਲਕੀ ਦਰਾਂ ਦਰਜ ਕੀਤੀਆਂ। ਉਨ੍ਹਾਂ ਖੇਤਰਾਂ ਵਿੱਚ, ਉਨ੍ਹਾਂ ਦੇ ਮਾਲਕੀ ਪੱਧਰ ਕੈਨੇਡੀਅਨ-ਜਨਮੇ ਵਿਅਕਤੀਆਂ ਦੇ ਨੇੜੇ ਸਨ। "ਜਿਵੇਂ ਕਿ ਉਹ ਕੈਨੇਡਾ ਵਿੱਚ ਜ਼ਿਆਦਾ ਸਮਾਂ ਬਿਤਾਉਂਦੇ ਹਨ, ਹਾਲ ਹੀ ਦੇ ਪ੍ਰਵਾਸੀਆਂ ਦੇ ਕੈਨੇਡਾ ਵਿੱਚ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ 12 ਸਕੂਲੀ ਬੱਚਿਆਂ ਨੂੰ ਲੱਗਿਆ ਕਰੰਟ !



ਵੈਨਕੂਵਰ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿੱਚ 12 ਸਕੂਲੀ ਬੱਚਿਆਂ ਨੂੰ ਕਥਿਤ ਤੌਰ 'ਤੇ ਕਰੰਟ ਲੱਗਣ ਕਰ ਕੇ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਹਾਦਸਾ ਬੀ.ਸੀ. ਦੇ ਕਲਟਸ ਲੇਕ ਇਲਾਕੇ ਵਿਚਲੇ ਇਕ ਵਾਟਰ ਪਾਰਕ ਵਿਚ ਵਾਪਰਿਆ ਅਤੇ ਹਾਲਾਤ ਦੀ ਗੰਭੀਰਤਾ ਨੂੰ ਵੇਖਦਿਆਂ 2 ਬੱਚਿਆਂ ਨੂੰ ਏਅਰ ਲਿਫ਼ਟ ਕਰਨਾ ਪਿਆ। ਅੱਪਰ ਫ਼ਰੇਜ਼ਰ ਵੈਲੀ ਆਰ.ਸੀ.ਐਮ.ਪੀ. ਦੀ ਕਾਰਪੋਰਲ ਕਾਰਮਨ ਕੀਨਰ ਨੇ ਦੱਸਿਆ ਕਿ ਸਾਰੇ ਬੱਚਿਆਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ।

**ਬੀ.ਸੀ. ਦੇ ਵਾਟਰ ਪਾਰਕ ਵਿਚ ਵਾਪਰਿਆ ਹਾਦਸਾ**

ਉਧਰ, ਕੌਕੁਇਟਲੈਮ ਸਕੂਲ * ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਡਿਪੋਰਟ ਕੀਤੇ 3,200 ਭਾਰਤੀ



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵੱਲੋਂ ਚੁੱਪ-ਚਪੀਤੇ 3,200 ਤੋਂ ਵੱਧ ਪੰਜਾਬੀਆਂ ਨੂੰ ਡਿਪੋਰਟ ਕੀਤੇ ਜਾਣ ਦੀ ਰਿਪੋਰਟ ਦਰਮਿਆਨ ਹਵਾਈ ਅੱਡੇ ਤੋਂ ਮਾਯੂਸ ਪਰਤ ਰਹੇ ਕੁਝ ਭਾਰਤੀਆਂ ਦੀ ਵੀਡੀਓ ਵਾਇਰਲ ਹੋ ਰਹੀ ਹੈ। ਮੀਡੀਆ ਰਿਪੋਰਟ ਮੁਤਾਬਕ ਅਪਰਾਧਕ ਮਾਮਲਿਆਂ ਵਿਚ ਘਿਰੇ ਕੁਲ 1,500 ਵਿਦੇਸ਼ੀ ਨਾਗਰਿਕਾਂ ਨੂੰ ਕੱਢਿਆ ਜਾ ਰਿਹਾ ਹੈ ਅਤੇ ਇਨ੍ਹਾਂ ਵਿਚੋਂ ਘੱਟ-ਘੱਟੋ 350 ਭਾਰਤੀ ਸ਼ਾਮਲ ਹਨ। ਦੇਸ਼ ਨਿਕਾਲੇ ਦੇ ਸ਼ਿਕੰਜੇ ਵਿਚ ਫਸੇ ਇਕ ਸ਼ਖਸ ਤੋਂ ਜਦੋਂ ਪੁੱਛਿਆ ਗਿਆ ਕਿ ਉਸ ਨੂੰ ਡਿਪੋਰਟ ਕਿਉਂ ਕੀਤਾ ਜਾ ਰਿਹਾ ਹੈ ਤਾਂ ਉਸ ਨੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿਤੀ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਡਿਪਾਰਚਰ ਆਰਡਰਜ਼, ਐਕਸਕਲੂਜ਼ਲ ਆਰਡਰਜ਼ ਅਤੇ ਡਿਪੋਰਟੇਸ਼ਨ ਆਰਡਰਜ਼ ਅਧੀਨ ਵਿਦੇਸ਼ੀ ਨਾਗਰਿਕਾਂ ਨੂੰ ਮੁਲਕ ਵਿਚੋਂ ਕੱਢਿਆ ਜਾਂਦਾ ਹੈ ਜਦਕਿ ਇਕ ਸ਼੍ਰੇਣੀ ਪ੍ਰਸ਼ਾਸਕੀ ਰਿਮੂਵਲ ਵੀ ਦੱਸੀ ਜਾ ਰਹੀ ਹੈ ਅਤੇ ਸੈਲਫ਼ ਡਿਪੋਰਟ ਹੋਣ ਵਾਲੇ ਇਸ ਦੇ ਘੇਰੇ ਵਿਚ ਆਉਂਦੇ ਹਨ।

**ਦੇਸ਼ ਨਿਕਾਲੇ ਦੀ ਵੀਡੀਓ ਹੋ ਰਹੀ ਵਾਇਰਲ**

ਦੱਸ ਦੇਈਏ ਕਿ ਕੈਨੇਡਾ ਵਿਚ ਗੈਰਕਾਨੂੰਨੀ ਤੌਰ 'ਤੇ ਮੌਜੂਦ 29 ਹਜ਼ਾਰ ਤੋਂ ਵੱਧ ਪ੍ਰਵਾਸੀ ਅਜਿਹੇ ਹਨ * ਬਾਕੀ ਸਫ਼ਾ 2 'ਤੇ

### Modi G7 Summit 2026:
## PM ਮੋਦੀ ਨੇ ਸਮੁੰਦਰੀ ਸੁਰੱਖਿਆ ਦਾ ਮੁੱਦਾ ਚੁੱਕਿਆ
### ਭਾਰਤੀ ਪ੍ਰਧਾਨ ਮੰਤਰੀ ਵੱਲੋਂ ਆਲਮੀ ਇਕਜੁੱਟਤਾ 'ਤੇ ਜ਼ੋਰ




(ਪੰਜਾਬ ਸਟਾਰ ਬਿਓਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-7 ਸੰਮੇਲਨ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਸਮੇਤ ਆਲਮੀ ਆਗੂਆਂ ਦੀ ਹਾਜ਼ਰੀ ਵਿੱਚ ਸਮੁੰਦਰੀ ਮਾਰਗਾਂ ਦੀ ਸੁਰੱਖਿਆ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਿਆ। ਉਨ੍ਹਾਂ ਦਾ ਇਹ ਬਿਆਨ ਓਮਾਨ ਦੀ ਖਾੜੀ ਵਿੱਚ ਅਮਰੀਕੀ ਫ਼ੌਜੀ ਹਮਲੇ ਦੌਰਾਨ ਤਿੰਨ ਭਾਰਤੀ ਮਲਾਹਾਂ ਦੀ ਮੌਤ ਦੇ ਕੁਝ ਦਿਨ ਬਾਅਦ ਆਇਆ ਹੈ। ਉਨ੍ਹਾਂ ਕਿਹਾ ਕਿ ਸਾਰੇ ਮੁਲਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਮੁੰਦਰੀ ਰਸਤੇ ਸੁਰੱਖਿਅਤ ਰਹਿਣ ਤਾਂ ਜੋ ਮਲਾਹ ਬਿਨਾਂ ਕਿਸੇ ਡਰ ਦੇ ਆਪਣੀ ਡਿਊਟੀ ਨਿਭਾ ਸਕਣ। ਇਰਾਨ-ਅਮਰੀਕਾ ਅਤੇ ਰੂਸ-ਯੂਕਰੇਨ ਜੰਗ ਬਾਰੇ ਮੋਦੀ ਨੇ ਸਪੱਸ਼ਟ ਕੀਤਾ ਕਿ ਭਾਰਤ ਦਾ ਮੰਨਣਾ ਹੈ ਕਿ ਕਿਸੇ ਵੀ ਟਕਰਾਅ ਦਾ ਸਥਾਈ ਹੱਲ ਸਿਰਫ਼ ਗੱਲਬਾਤ, ਕੂਟਨੀਤੀ ਅਤੇ ਕੌਮਾਂਤਰੀ ਸਹਿਯੋਗ ਰਾਹੀਂ ਹੀ ਸੰਭਵ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਜੀ-7 ਸਮੂਹ ਦੇ ਆਗੂਆਂ ਨੂੰ ਕਿਹਾ ਕਿ ਵਿਸ਼ਵ ਨੂੰ ਇਕਜੁੱਟਤਾ ਅਤੇ ਸਮਾਨਤਾ 'ਤੇ ਆਧਾਰਿਤ ਭਾਈਵਾਲੀ ਵੱਲ ਵਧਣਾ ਚਾਹੀਦਾ ਹੈ। ਇਸ ਸੈਸ਼ਨ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ, ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ, ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡਾ ਸਿਲਵਾ, ਯੂਰੋਪੀਅਨ ਕਮਿਸ਼ਨ ਦੀ * ਬਾਕੀ ਸਫ਼ਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
**ਹੁਣੇ ਹੀ ਕਾਲ ਕਰੋ**
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

**PERSONAL INJURY**
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
PUNJABSTAR.COM
www.punjabstar.com

# ਪੇਜ ਇੱਕ ਦੀ ਬਾਕੀ

## ਕੈਨੇਡਾ 'ਚ ਸੈਂਕੜੇ...

ਵਾਲੀਆਂ ਅਰਜ਼ੀਆਂ ਤਾਂ ਰੱਦ ਹੁੰਦੀਆਂ ਦੇਖੀਆਂ ਹਨ ਪਰ ਸਿਟੀਜ਼ਨਸ਼ਿਪ ਸਰਟੀਫ਼ਿਕੇਟਸ ਦਾ ਮਸਲਾ ਪਹਿਲੀ ਵਾਰ ਸਾਹਮਣੇ ਆਇਆ ਹੈ।

ਦੱਸ ਦੇਈਏ ਕਿ 'ਲੌਸਟ ਕੈਨੇਡੀਅਨਜ਼' ਕਾਨੂੰਨ ਤਹਿਤ ਮੁਲਕ ਦੀ ਨਾਗਰਿਕਤਾ ਹਾਸਲ ਕਰਨ ਵਾਲਿਆਂ ਨੂੰ ਭੇਜੇ ਸੁਨੇਹੇ ਵਿਚ ਫ਼ੈਡਰਲ ਸਰਕਾਰ ਨੇ ਗਲਤ ਜਾਣਕਾਰੀ ਦਰਜ ਕਰਵਾਉਣ ਦੇ ਦੋਸ਼ ਲਾਏ ਅਤੇ ਪੜਤਾਲ ਮੁਕੰਮਲ ਹੋਣ ਤੱਕ ਤੱਕ ਸਿਟੀਜ਼ਨਸ਼ਿਪ ਸਰਟੀਫ਼ਿਕੇਟ ਵਾਪਸ ਕਰਨ ਦੇ ਹੁਕਮ ਦਿਤੇ। ਅਮਨਦੀਪ ਹੇਅਰ ਮੁਤਾਬਕ ਜੇ ਨਾਗਰਿਕਤਾ ਦੀ ਮੁਅੱਤਲੀ ਵਾਲਾ ਸ਼ਖਸ ਅਮਰੀਕਾ ਵਿਚ ਹੈ ਤਾਂ ਫ਼ੈਡਰਲ ਸਰਕਾਰ ਨੂੰ ਮੰਦਾ-ਚੰਗਾ ਬੋਲਣ ਤੋਂ ਸਿਵਾਏ ਕੁਝ ਨਹੀਂ ਕਰ ਸਕਦਾ ਪਰ ਜੇ ਉਹ ਕੈਨੇਡਾ ਵਿਚ ਹੈ ਤਾਂ ਘਬਰਾਹਟ ਪੈਦਾ ਹੋਣੀ ਲਾਜ਼ਮੀ ਹੈ। ਸਰਕਾਰੀ ਸੇਵਾਵਾਂ, ਕੰਮਕਾਜ, ਬੱਚਿਆਂ ਦੀ ਸਕੂਲਿੰਗ ਅਤੇ ਹੋਰ ਬਹੁਤ ਕੁਝ ਦਾਅ 'ਤੇ ਲੱਗ ਗਿਆ ਹੈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਰਜਿਸਟ੍ਰਾਰ ਆਫ਼ ਕੈਨੇਡੀਅਨ ਸਿਟੀਜ਼ਨਸ਼ਿਪ ਪੈਗੀ ਸਨ ਦੇ ਦਸਤਖ਼ਤ ਵਾਲੇ ਨੋਟਿਸ ਵਿਚ ਲੋਕਾਂ ਨੂੰ ਸੰਬੋਧਤ ਹੁੰਦਿਆਂ ਕਿਹਾ ਗਿਆ ਹੈ ਕਿ ਤੁਸੀਂ ਨਾਗਰਿਕਤਾ ਦਸਤਾਵੇਜ਼ ਰੱਖਣ ਦੇ ਹੱਕਦਾਰ ਨਹੀਂ। ਅਜਿਹੀਆਂ ਚਿੱਠੀਆਂ ਜਾਂ ਸੁਨੇਹੇ ਹਾਸਲ ਕਰਨ ਵਾਲੇ ਲੋਕ ਸੋਸ਼ਲ ਮੀਡੀਆ ਰਾਹੀਂ ਆਪਣੀਆਂ ਚਿੰਤਾਵਾਂ ਜ਼ਾਹਰ ਕਰ ਰਹੇ ਹਨ। ਪੈਗੀ ਸਨ ਨੇ ਚਿੱਠੀ ਵਿਚ ਅੱਗੇ ਲਿਖਿਆ ਹੈ ਕਿ ਫਲਾਣਾ ਦਸਤਾਵੇਜ਼ ਤੁਹਾਡੀ ਸਿਟੀਜ਼ਨਸ਼ਿਪ ਅਰਜ਼ੀ ਨਾਲ ਦਾਖ਼ਲ ਨਹੀਂ ਕੀਤਾ ਗਿਆ ਜਿਸ ਦੇ ਮੱਦੇਨਜ਼ਰ ਆਪਣੀ ਨਾਗਰਿਕਤਾ ਦਾ ਸਰਟੀਫ਼ਿਕੇਟ ਸਰੰਡਰ ਕਰ ਦਿਉ।

ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਫ਼ਿਲਹਾਲ ਇਸ ਮੁੱਦੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ। ਨਾਗਰਿਕਤਾ ਗਵਾਉਣ ਵਾਲਿਆਂ ਦੀ ਅਸਲ ਗਿਣਤੀ ਪਤਾ ਨਹੀਂ ਲੱਗ ਸਕੀ ਪਰ ਕਿਆਸਿਆਂ ਦਾ ਦੌਰ ਜਾਰੀ ਹੈ। ਚੇਤੇ ਰਹੇ ਕਿ 15 ਦਸੰਬਰ 2025 ਤੋਂ ਲਾਗੂ ਬਿਲ ਸੀ-3 ਰਾਹੀਂ ਉਹ ਲੋਕ ਕੈਨੇਡੀਅਨ ਨਾਗਰਿਕਤਾ ਹਾਸਲ ਕਰ ਸਕਦੇ ਹਨ ਜਿਨ੍ਹਾਂ ਦੇ ਵੱਡੇ ਵਡੇਰੇ ਕਿਸੇ ਵੇਲੇ ਕੈਨੇਡਾ ਵਿਚ ਰਹਿੰਦੇ ਸਨ। ਪਾਰਲੀਮਾਨੀ ਬਜਟ ਅਫ਼ਸਰ ਦਾ ਮੰਨਣਾ ਹੈ ਕਿ ਇਕ ਲੱਖ 15 ਹਜ਼ਾਰ ਲੋਕ ਬਿਲ ਸੀ-3 ਦੇ ਆਧਾਰ 'ਤੇ ਕੈਨੇਡੀਅਨ ਨਾਗਰਿਕਤਾ ਦੀ ਅਰਜ਼ੀ ਦਾਇਰ ਕਰ ਸਕਦੇ ਹਨ। ਨਵਾਂ ਕਾਨੂੰਨ ਆਉਣ ਮਗਰੋਂ ਇੰਮੀਗ੍ਰੇਸ਼ਨ ਵਿਭਾਗ ਕੋਲ ਸਿਟੀਜ਼ਨਸ਼ਿਪ ਅਰਜ਼ੀਆਂ ਦਾ ਬੈਕਲਾਗ ਵੀ ਵਧ ਗਿਆ ਹੈ। ਮਿਸਾਲ ਵਜੋਂ ਅਪ੍ਰੈਲ ਮਹੀਨੇ ਦੌਰਾਨ ਸਿਟੀਜ਼ਨਸ਼ਿਪ ਅਰਜ਼ੀਆਂ ਦਾ ਬੈਕਲਾਗ 56 ਹਜ਼ਾਰ ਦਰਜ ਕੀਤਾ ਗਿਆ ਜੋ ਮਈ ਵਿਚ 70 ਹਜ਼ਾਰ ਤੋਂ ਟੱਪਦਾ ਨਜ਼ਰ ਆਇਆ ਅਤੇ ਇਸ ਵੇਲੇ 82 ਹਜ਼ਾਰ ਲੋਕ ਸਿਟੀਜ਼ਨਸ਼ਿਪ ਅਰਜ਼ੀ ਦੇ ਨਿਪਟਾਰੇ ਦੀ ਉਡੀਕ ਕਰ ਰਹੇ ਹਨ। ਮੌਂਟਰੀਅਲ ਦੀ ਇੰਮੀਗ੍ਰੇਸ਼ਨ ਵਕੀਲ ਲੀਜ਼ਾ ਮਿਡਲਮਿਸ ਨੇ ਫ਼ੈਡਰਲ ਸਰਕਾਰ ਦੇ ਫੈਸਲੇ ਨੂੰ ਬੇਹੱਦ ਗੈਰਸਾਧਾਰਣ ਕਰਾਰ ਦਿੰਦਿਆਂ ਕਿਹਾ ਕਿ ਵੱਡੀ ਗਿਣਤੀ ਵਿਚ ਲੋਕਾਂ ਦੀ ਨਾਗਰਿਕਤਾ ਰੱਦ ਹੋਣ ਮਗਰੋਂ ਸਰਕਾਰ ਦੇ ਫ਼ੈਸਲੇ ਨੂੰ ਅਦਾਲਤੀ ਚੁਣੌਤੀ ਦਿਤੀ ਜਾ ਸਕਦੀ ਹੈ।

## ਅਮਰੀਕਾ ਦੇ ਮਿਸੂਰੀ 'ਚ...

ਕੈਨਸਸ ਸਿਟੀ ਨਾਮਕ ਕੰਪਨੀ ਦੁਆਰਾ ਚਲਾਇਆ ਜਾ ਰਿਹਾ ਸੀ। ਹਾਦਸਾਗ੍ਰਸਤ ਜਹਾਜ਼ ਇੱਕ ਪੈਸੀਫਿਕ ਏਰੋਸਪੇਸ 750XL ਮਾਡਲ ਸਿੰਗਲ-ਇੰਜਣ ਟਰਬੋਪ੍ਰੌਪ ਜਹਾਜ਼ ਸੀ, ਜੋ ਕਿ ਸਕਾਈਡਾਈਵਿੰਗ, ਕਾਰਗੋ ਆਵਾਜਾਈ, ਹਵਾਈ ਸਰਵੇਖਣ ਅਤੇ ਡਾਕਟਰੀ ਨਿਕਾਸੀ ਲਈ ਵਰਤਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਜਹਾਜ਼ 17 ਸਕਾਈਡਾਈਵਰਾਂ ਨੂੰ ਲਿਜਾਣ ਦੇ ਸਮਰੱਥ ਹੈ ਅਤੇ ਛੋਟੇ ਰਨਵੇਅ ਤੋਂ ਉਡਾਣ ਭਰ ਸਕਦਾ ਹੈ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਦੇ ਰਿਕਾਰਡਾਂ ਅਨੁਸਾਰ, ਜਹਾਜ਼ 2010 ਵਿੱਚ ਬਣਾਇਆ ਗਿਆ ਸੀ। ਯੂਐਸ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਅਤੇ FAA ਦੀਆਂ ਟੀਮਾਂ ਹਾਦਸੇ ਦੀ ਜਾਂਚ ਲਈ ਮੌਕੇ 'ਤੇ ਪਹੁੰਚ ਗਈਆਂ ਹਨ ਅਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਇੱਕ ਵਿਸਤ੍ਰਿਤ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਅਮਰੀਕੀ ਹਵਾਈ...

ਸਮਰੱਥ B-52 ਬੰਬਾਰ ਦੇ ਹਾਦਸਾਗ੍ਰਸਤ ਹੋਣ ਦੀ ਖ਼ਬਰ ਮਿਲਦੇ ਹੀ ਬਚਾਅ ਟੀਮ ਨੂੰ ਰਵਾਨਾ ਕਰ ਦਿੱਤਾ ਗਿਆ। ਮਰਨ ਵਾਲਿਆਂ ਵਿੱਚ ਹਵਾਈ ਸੈਨਾ ਦੇ ਜਵਾਨ ਅਤੇ ਜਹਾਜ਼ ਦੀ ਟੈਸਟਿੰਗ ਨਾਲ ਜੁੜੇ ਮਾਹਰ ਸ਼ਾਮਲ ਸਨ। ਫਿਲਹਾਲ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਜਹਾਜ਼ ਦੇ ਕੰਟਰੋਲ ਸਿਸਟਮ, ਇੰਜਣ ਜਾਂ ਟੈਸਟ ਕੀਤੇ ਜਾ ਰਹੇ ਕਿਸੇ ਉਪਕਰਣ ਵਿੱਚ ਕੋਈ ਖਰਾਬੀ ਆਈ ਹੋਵੇਗੀ। ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਹੈ ਕਿ ਕੀ ਜਹਾਜ਼ ਵਿੱਚ ਹਥਿਆਰ ਮੌਜੂਦ ਸਨ ਜਾਂ ਨਹੀਂ। ਹਾਦਸੇ ਤੋਂ ਬਾਅਦ ਏਅਰਫੀਲਡ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਆਉਣ ਵਾਲੀਆਂ ਉਡਾਣਾਂ ਨੂੰ ਦੂਜੇ ਏਅਰਬੇਸ ਵੱਲ ਮੋੜਿਆ ਜਾ ਰਿਹਾ ਹੈ।

ਹਵਾਬਾਜ਼ੀ (ਐਵੀਏਸ਼ਨ) ਸੁਰੱਖਿਆ ਮਾਹਰ ਜੈਫ ਗੁਜੇਟੀ ਨੇ ਕਿਹਾ ਕਿ ਜਹਾਜ਼ ਜਿਸ ਤਰ੍ਹਾਂ ਉਡਾਣ ਭਰਨ ਦੇ ਤੁਰੰਤ ਬਾਅਦ ਡਿੱਗਿਆ, ਉਸ ਤੋਂ ਸ਼ੁਰੂਆਤੀ ਤੌਰ 'ਤੇ ਫਲਾਈਟ ਕੰਟਰੋਲ ਸਿਸਟਮ ਵਿੱਚ ਖਰਾਬੀ ਦਾ ਖਦਸ਼ਾ ਲੱਗਦਾ ਹੈ। ਹਾਲਾਂਕਿ, ਉਨ੍ਹਾਂ ਨੇ ਕਿਹਾ ਕਿ ਜਾਂਚ ਪੂਰੀ ਹੋਣ ਤੋਂ ਪਹਿਲਾਂ ਕਿਸੇ ਨਤੀਜੇ 'ਤੇ ਪਹੁੰਚਣਾ ਜਲਦਬਾਜ਼ੀ ਹੋਵੇਗੀ। ਗੁਜੇਟੀ ਦੇ ਮੁਤਾਬਕ, ਇਹ ਮੇਨਟੇਨੈਂਸ ਤੋਂ ਬਾਅਦ ਕੰਟਰੋਲ ਸਿਸਟਮ ਵਿੱਚ ਗੜਬੜੀ, ਇੰਜਣ ਦੀ ਗੰਭੀਰ ਖਰਾਬੀ ਜਾਂ ਕਿਸੇ ਟੈਸਟਿੰਗ ਉਪਕਰਣ ਦੇ ਫੇਲ ਹੋਣ ਦਾ ਮਾਮਲਾ ਵੀ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਟੈਸਟਿੰਗ ਉਡਾਣਾਂ ਆਮ ਉਡਾਣਾਂ ਦੇ ਮੁਕਾਬਲੇ ਜ਼ਿਆਦਾ ਜੋਖਮ ਭਰੀਆਂ ਹੁੰਦੀਆਂ ਹਨ।

## ਕੈਨੇਡਾ 'ਚ ਬਿੱਲ...

ਭਾਵ ਆਟੋ ਚੋਰੀ, ਘਰੇਲੂ ਹਮਲੇ, ਜਬਰੀ ਵਸੂਲੀ, ਜਾਂ ਮਨੁੱਖੀ ਤਸਕਰੀ ਦੇ ਦੋਸ਼ੀ ਦੁਹਰਾਉਣ ਵਾਲੇ ਜਾਂ ਹਿੰਸਕ ਅਪਰਾਧੀਆਂ ਨੂੰ ਹੁਣ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਨੂੰ ਕਿਉਂ ਰਿਹਾਅ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਕਰਾਊਨ ਇਹ ਸਾਬਤ ਕਰੇ ਕਿ ਉਨ੍ਹਾਂ ਨੂੰ ਕਿਉਂ ਹਿਰਾਸਤ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

**ਨਵੇਂ ਵਧਾਊ ਕਾਰਕ:** ਅਦਾਲਤਾਂ ਨੂੰ ਸਜ਼ਾ ਸੁਣਾਉਣ ਦੌਰਾਨ ਨਵੇਂ ਵਧਾਊ ਕਾਰਕਾਂ 'ਤੇ ਵਿਚਾਰ ਕਰਨ ਦਾ ਆਦੇਸ਼ ਦਿੰਦਾ ਹੈ, ਜਿਸ ਵਿੱਚ ਦੁਹਰਾਉਣ ਵਾਲੇ ਹਿੰਸਕ ਅਪਰਾਧ, ਪਹਿਲੇ ਜਵਾਬ ਦੇਣ ਵਾਲਿਆਂ ਵਿਰੁੱਧ ਅਪਰਾਧ, ਸੰਗਠਿਤ ਪ੍ਰਚੂਨ ਚੋਰੀ, ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨੁਕਸਾਨ ਸ਼ਾਮਲ ਹੈ। ਨਿਸ਼ਾਨਾਬੱਧ ਹਥਿਆਰਾਂ 'ਤੇ ਪਾਬੰਦੀ: ਜੱਜਾਂ ਨੂੰ ਜਬਰੀ ਵਸੂਲੀ ਜਾਂ ਅਪਰਾਧਿਕ ਸੰਗਠਨਾਂ ਨਾਲ ਜੁੜੇ ਅਪਰਾਧਾਂ ਦੇ ਦੋਸ਼ਾਂ ਵਾਲੇ ਵਿਅਕਤੀਆਂ ਲਈ ਰਿਹਾਈ ਦੇ ਆਦੇਸ਼ ਦਿੰਦੇ ਸਮੇਂ ਹਥਿਆਰਾਂ ਅਤੇ ਹਥਿਆਰਾਂ ਦੇ ਕਬਜ਼ੇ 'ਤੇ ਪਾਬੰਦੀ ਲਗਾਉਣ ਦੀ ਲੋੜ ਹੁੰਦੀ ਹੈ।

**ਘਰ ਵਿੱਚ ਨਜ਼ਰਬੰਦੀ 'ਤੇ ਪਾਬੰਦੀਆਂ:** ਗੰਭੀਰ ਜਿਨਸੀ ਅਪਰਾਧਾਂ ਦੇ ਦੋਸ਼ੀ ਵਿਅਕਤੀਆਂ, ਖਾਸ ਕਰਕੇ 18 ਸਾਲ ਤੋਂ ਘੱਟ ਉਮਰ ਦੇ ਪੀੜਤਾਂ ਨਾਲ ਜੁੜੇ ਵਿਅਕਤੀਆਂ ਲਈ ਸ਼ਰਤੀਆ ਸਜ਼ਾਵਾਂ (ਘਰ ਵਿੱਚ ਨਜ਼ਰਬੰਦੀ) ਦੀ ਵਰਤੋਂ 'ਤੇ ਪਾਬੰਦੀ ਲਗਾਉਂਦਾ ਹੈ। ਨਿੰਦਾ ਅਤੇ ਰੋਕਥਾਮ 'ਤੇ ਧਿਆਨ ਕੇਂਦਰਿਤ ਕਰੋ: ਲੋੜ ਹੈ ਅਦਾਲਤਾਂ ਹਿੰਸਕ ਆਟੋ ਚੋਰੀ, ਭੰਨ-ਤੋੜ ਅਤੇ ਦਾਖਲ ਹੋਣ, ਅਤੇ ਸੰਗਠਿਤ ਅਪਰਾਧ ਨਾਲ ਸਬੰਧਤ ਦੁਹਰਾਉਣ ਵਾਲੀਆਂ ਸਜ਼ਾਵਾਂ ਲਈ ਨਿੰਦਾ ਅਤੇ ਰੋਕਥਾਮ ਨੂੰ ਤਰਜੀਹ ਦੇਣ।

## ਰਾਸ਼ਟਰਪਤੀ ਟਰੰਪ ਅਤੇ...

'ਤੇ ਸ਼ੁੱਕਰਵਾਰ ਨੂੰ ਰਸਮੀ ਤੌਰ 'ਤੇ ਦਸਤਖਤ ਕੀਤੇ ਜਾਣੇ ਸਨ, ਪਰ ਟਰੰਪ ਨੇ ਬੁੱਧਵਾਰ ਨੂੰ ਹੀ ਦਸਤਖਤ ਕਰ ਦਿੱਤੇ। ਦਸਤਖਤ ਕੀਤੇ ਗਏ ਸਮਝੌਤੇ ਦੀ ਕਾਪੀ ਈਰਾਨ ਅਤੇ ਵਿਚੋਲਗੀ ਕਰ ਰਹੇ ਦੇਸ਼ਾਂ ਨੂੰ ਭੇਜ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਐਤਵਾਰ ਨੂੰ ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਅਤੇ ਈਰਾਨ ਦੇ ਮੁੱਖ ਗੱਲਬਾਤਕਾਰ ਮੁਹੰਮਦ ਬਾਕਿਰ ਗਾਲੀਬਾਫ ਨੇ ਐਮਓਯੂ 'ਤੇ ਇਲੈਕਟ੍ਰਾਨਿਕ ਤਰੀਕੇ ਨਾਲ ਦਸਤਖਤ ਕੀਤੇ ਸਨ।

## ਹੁਣ ਕੈਨੇਡਾ 'ਚ ਨਵੇਂ...

ਰਹਾਇਸ਼ੀ ਜਾਇਦਾਦਾਂ ਦੇ ਮਾਲਕ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ," ਸੈਂਟਰ ਫਾਰ ਹਾਊਸਿੰਗ ਐਂਡ ਇਨਕਮ ਸਟੈਟਿਸਟਿਕਸ ਵਿਖੇ ਸਟੈਟਿਸਟਿਕਸ ਕੈਨੇਡਾ ਦੇ ਇੱਕ ਸੀਨੀਅਰ ਖੋਜ ਵਿਸ਼ਲੇਸ਼ਕ ਸੈਮੂਅਲ ਮੈਕਆਈਜ਼ੈਕ ਨੇ ਕਿਹਾ।

"ਜਦੋਂ ਕਿ ਪ੍ਰਵਾਸੀ ਪ੍ਰਵਾਸੀਆਂ ਵਜੋਂ ਆਪਣੇ ਪੰਜਵੇਂ ਸਾਲ ਤੱਕ ਔਸਤ ਕੈਨੇਡੀਅਨ ਜਨਮੇ ਵਿਅਕਤੀ ਨਾਲੋਂ ਘਰ ਦੇ ਮਾਲਕ ਹੋਣ ਦੀ ਸੰਭਾਵਨਾ ਘੱਟ ਰਹਿੰਦੀ ਹੈ, ਮਾਲਕੀ ਵਿੱਚ ਇਹ ਪਾੜਾ ਕਾਫ਼ੀ ਘੱਟ ਜਾਂਦਾ ਹੈ," ਮੈਕਆਈਜ਼ੈਕ ਨੇ ਕਿਹਾ। ਕੈਨੇਡਾ ਵਿੱਚ ਸਾਲਾਂ ਬਾਅਦ ਹਾਲ ਹੀ ਦੇ ਪ੍ਰਵਾਸੀ ਹਾਊਸਿੰਗ ਮਾਰਕੀਟ ਵਿੱਚ ਦਾਖਲ ਹੁੰਦੇ ਹਨ।

ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਹਾਲ ਹੀ ਦੇ 85 ਪ੍ਰਤੀਸ਼ਤ ਤੋਂ ਵੱਧ ਪ੍ਰਵਾਸੀ ਜਿਨ੍ਹਾਂ ਕੋਲ ਸਥਾਈ ਨਿਵਾਸੀ ਵਜੋਂ ਆਪਣੇ ਪਹਿਲੇ ਸਾਲ ਵਿੱਚ ਘਰ ਸੀ, ਪਹਿਲਾਂ ਹੀ ਗੈਰ-ਸਥਾਈ ਨਿਵਾਸੀਆਂ ਵਜੋਂ ਕੈਨੇਡਾ ਵਿੱਚ ਰਹਿ ਚੁੱਕੇ ਸਨ। ਬਹੁਤ ਸਾਰੇ ਸਥਾਈ ਨਿਵਾਸੀ ਦਰਜਾ ਪ੍ਰਾਪਤ ਕਰਨ ਤੋਂ ਪਹਿਲਾਂ ਵਰਕ ਪਰਮਿਟ, ਸਟੱਡੀ ਪਰਮਿਟ ਜਾਂ ਸ਼ਰਣ ਦਾਅਵਿਆਂ ਰਾਹੀਂ ਪਹਿਲਾਂ ਹੀ ਪਹੁੰਚੇ ਸਨ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਕੈਨੇਡਾ ਵਿੱਚ ਪੰਜ ਸਾਲਾਂ ਦੇ ਸੈਟਲਮੈਂਟ ਤੋਂ ਬਾਅਦ ਘੱਟੋ-ਘੱਟ 10 ਵਿੱਚੋਂ ਇੱਕ ਸ਼ਰਨਾਰਥੀ ਘਰ ਦੇ ਮਾਲਕ ਬਣ ਗਿਆ। ਓਨਟਾਰੀਓ ਵਿੱਚ, ਇਹ ਅੰਕੜਾ ਪੰਜ ਵਿੱਚੋਂ ਲਗਭਗ ਇੱਕ ਹੋ ਗਿਆ। ਖੋਜ ਨੇ 25 ਤੋਂ 54 ਸਾਲ ਦੀ ਉਮਰ ਦੇ ਹਾਲ ਹੀ ਦੇ ਪ੍ਰਵਾਸੀਆਂ ਦੇ ਟੈਕਸ ਫਾਈਲਿੰਗ ਡੇਟਾ ਦੀ ਵਰਤੋਂ ਕੀਤੀ ਜੋ ਸਥਾਈ ਨਿਵਾਸੀਆਂ ਵਜੋਂ ਦਾਖਲੇ ਤੋਂ ਬਾਅਦ ਆਪਣੇ ਪਹਿਲੇ ਪੰਜ ਸਾਲਾਂ ਵਿੱਚ ਸਨ। ਇਸ ਵਿੱਚ ਪ੍ਰਿੰਸ ਐਡਵਰਡ ਆਈਲੈਂਡ, ਨੋਵਾ ਸਕੋਸ਼ੀਆ, ਨਿਊ ਬਰੰਜ਼ਵਿਕ, ਓਨਟਾਰੀਓ, ਮੈਨੀਟੋਬਾ, ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਸ਼ਾਮਲ ਸਨ।

### ਘਰਾਂ ਦੀਆਂ ਉੱਚੀਆਂ ਕੀਮਤਾਂ ਅਤੇ ਵੱਡਾ ਮੌਰਗੇਜ ਕਰਜ਼ਾ

ਰਿਪੋਰਟ ਵਿੱਚ ਪਾਇਆ ਗਿਆ ਕਿ ਹਾਲ ਹੀ ਵਿੱਚ ਘਰ ਖਰੀਦਣ ਵਾਲੇ ਪ੍ਰਵਾਸੀਆਂ ਨੇ ਕੈਨੇਡੀਅਨ-ਜਨਮੇ ਪਹਿਲੀ ਵਾਰ ਘਰ ਖਰੀਦਦਾਰਾਂ ਨਾਲੋਂ ਘੱਟ ਆਮਦਨ ਕਮਾਉਣ ਦੇ ਬਾਵਜੂਦ ਅਕਸਰ ਜ਼ਿਆਦਾ ਮਹਿੰਗੀਆਂ ਜਾਇਦਾਦਾਂ ਖਰੀਦੀਆਂ। 2021 ਵਿੱਚ, ਹਾਲ ਹੀ ਵਿੱਚ ਪ੍ਰਵਾਸੀ ਘਰਾਂ ਦੇ ਮਾਲਕਾਂ ਦੀ ਰਜਿਸਟਰਡ ਰਿਟਾਇਰਮੈਂਟ ਸੇਵਿੰਗਜ਼ ਪਲਾਨ, ਜਾਂ RRSP ਵਿੱਚ ਯੋਗਦਾਨ ਪਾਉਣ ਦੀ ਕੈਨੇਡੀਅਨ-ਜਨਮੇ ਘਰ ਖਰੀਦਦਾਰਾਂ ਨਾਲੋਂ ਘੱਟ ਸੰਭਾਵਨਾ ਸੀ। ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਇਹ ਨਵੇਂ ਸਥਾਈ ਨਿਵਾਸੀਆਂ ਵਿੱਚ ਵੱਖ-ਵੱਖ ਵਿੱਤੀ ਤਰਜੀਹਾਂ ਦਾ ਸੁਝਾਅ ਦਿੰਦਾ ਹੈ।

"ਇੱਕ ਸੰਭਾਵਨਾ ਕਿਉਂ ਇਹ ਹੈ ਕਿ ਪ੍ਰਵਾਸੀ ਪ੍ਰਾਇਮਰੀ ਨਿਵਾਸ ਨੂੰ ਇਕੁਇਟੀ ਬਿਲਡਿੰਗ ਦੇ ਰੂਪ ਵਜੋਂ ਦੇਖਣ ਦੀ ਜ਼ਿਆਦਾ ਸੰਭਾਵਨਾ ਰੱਖ ਸਕਦੇ ਹਨ ਜਦੋਂ ਕਿ ਉਨ੍ਹਾਂ ਦੇ ਕੈਨੇਡੀਅਨ-ਜਨਮੇ ਹਮਰੁਤਬਾ ਰਿਟਾਇਰਮੈਂਟ ਬਚਤ ਜਾਂ ਹੋਰ ਸਾਧਨਾਂ ਦੀ ਵਰਤੋਂ ਕਰਨ ਦੀ ਜ਼ਿਆਦਾ ਸੰਭਾਵਨਾ ਰੱਖ ਸਕਦੇ ਹਨ," ਮੈਕਆਈਜ਼ੈਕ ਨੇ ਕਿਹਾ।

ਹਾਲ ਹੀ ਵਿੱਚ ਪ੍ਰਵਾਸੀਆਂ ਨੇ ਵੀ ਵੱਡਾ ਮੌਰਗੇਜ ਕਰਜ਼ਾ ਚੁੱਕਿਆ ਅਤੇ ਹਾਊਸਿੰਗ ਮਾਰਕੀਟ ਵਿੱਚ ਤਬਦੀਲੀਆਂ ਦੇ ਵਧੇਰੇ ਸੰਪਰਕ ਦਾ ਸਾਹਮਣਾ ਕੀਤਾ। 35 ਸਾਲ ਦੀ ਉਮਰ ਤੋਂ ਪਹਿਲਾਂ ਘਰ ਖਰੀਦਣ ਵਾਲਿਆਂ ਨੇ 2018 ਤੋਂ 2021 ਤੱਕ ਕੈਨੇਡੀਅਨ-ਜਨਮੇ ਘਰਾਂ ਨਾਲੋਂ ਵੱਧ ਮਾਸਿਕ ਮੌਰਗੇਜ ਅਦਾ ਕੀਤੇ।

### ਘਰ ਮਾਲਕੀ ਦੇ ਰੁਝਾਨ ਜਨਮ ਦੇ ਖੇਤਰ ਅਨੁਸਾਰ ਵੱਖ-ਵੱਖ ਹੁੰਦੇ ਹਨ

ਕੈਨੇਡਾ ਦੇ ਅੰਕੜੇ ਜਨਮ ਦੇ ਖੇਤਰ ਅਨੁਸਾਰ ਵੱਡੇ ਅੰਤਰ ਲੱਭੇ। ਕੈਨੇਡਾ ਵਿੱਚ ਆਪਣੇ ਪੰਜਵੇਂ ਸਾਲ ਵਿੱਚ ਦੱਖਣੀ ਏਸ਼ੀਆਈ ਪ੍ਰਵਾਸੀਆਂ ਦੀ ਬ੍ਰਿਟਿਸ਼ ਕੋਲੰਬੀਆ ਵਿੱਚ ਘਰ ਮਾਲਕੀ ਦਰ 46 ਪ੍ਰਤੀਸ਼ਤ ਅਤੇ ਓਨਟਾਰੀਓ ਵਿੱਚ 53.8 ਪ੍ਰਤੀਸ਼ਤ ਸੀ। ਦੱਖਣ-ਪੂਰਬੀ ਏਸ਼ੀਆਈ ਪ੍ਰਵਾਸੀਆਂ ਵਿੱਚ ਆਪਣੇ ਪੰਜਵੇਂ ਸਾਲ ਵਿੱਚ, ਮਾਲਕੀ ਓਨਟਾਰੀਓ ਵਿੱਚ 23.3 ਪ੍ਰਤੀਸ਼ਤ ਤੋਂ ਲੈ ਕੇ ਨਿਊ ਬਰੰਜ਼ਵਿਕ ਵਿੱਚ 59.9 ਪ੍ਰਤੀਸ਼ਤ ਤੱਕ ਸੀ। ਪੂਰਬੀ ਏਸ਼ੀਆ ਦੇ ਸਥਾਈ ਨਿਵਾਸੀਆਂ ਦੇ 2021 ਵਿੱਚ ਓਨਟਾਰੀਓ, ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਘਰ ਮਾਲਕ ਬਣਨ ਦੀ ਸਭ ਤੋਂ ਵੱਧ ਸੰਭਾਵਨਾ ਸੀ। "ਜਿੱਥੇ ਹਾਲ ਹੀ ਵਿੱਚ ਪ੍ਰਵਾਸੀ ਪੈਦਾ ਹੋਏ ਸਨ, ਉਹ ਨਿਸ਼ਚਤ ਤੌਰ 'ਤੇ ਉਨ੍ਹਾਂ ਦੀ ਘਰ ਮਾਲਕੀ ਅਤੇ ਉਨ੍ਹਾਂ ਦੀ ਘਰ ਮਾਲਕੀ ਦੇ ਚਾਲ-ਚਲਣ ਲਈ ਇੱਕ ਕਾਰਕ ਹੋ ਸਕਦੇ ਹਨ," ਮੈਕਆਈਜ਼ੈਕ ਨੇ ਕਿਹਾ। "ਯੂਰਪ, ਸੰਯੁਕਤ ਰਾਜ, ਜਾਂ ਓਸ਼ੇਨੀਆ ਵਿੱਚ ਪੈਦਾ ਹੋਏ ਸਥਾਈ ਨਿਵਾਸੀਆਂ ਵਿੱਚ ਆਮ ਤੌਰ 'ਤੇ ਕੈਨੇਡੀਅਨ-ਜਨਮੇ ਵਿਅਕਤੀਆਂ ਵਾਂਗ ਹੀ ਘਰ ਮਾਲਕੀ ਦਰਾਂ ਸਨ ਅਤੇ ਇਹ ਅਧਿਐਨ ਕੀਤੇ ਗਏ ਜ਼ਿਆਦਾਤਰ ਪ੍ਰਾਂਤਾਂ ਵਿੱਚ ਆਮ ਰੁਝਾਨ ਸੀ।" ਇਹ ਖੋਜਾਂ ਇੱਕ ਬਦਲਦੇ ਹਾਊਸਿੰਗ ਬਾਜ਼ਾਰ ਵੱਲ ਇਸ਼ਾਰਾ ਕਰਦੀਆਂ ਹਨ ਜਿੱਥੇ ਪ੍ਰਵਾਸੀ ਸੈਟਲਮੈਂਟ ਪੈਟਰਨ, ਵਿੱਤੀ ਤਰਜੀਹਾਂ ਅਤੇ ਖੇਤਰੀ ਕਿਫਾਇਤੀਤਾ ਇਹ ਆਕਾਰ ਦਿੰਦੀਆਂ ਰਹਿੰਦੀਆਂ ਹਨ ਕਿ ਕੈਨੇਡਾ ਵਿੱਚ ਘਰ ਮਾਲਕੀ ਵਿੱਚ ਕੌਣ ਦਾਖਲ ਹੁੰਦਾ ਹੈ।

## ਕੈਨੇਡਾ 'ਚ 12 ਸਕੂਲੀ...

ਡਿਸਟ੍ਰਿਕਟ ਦੇ ਬੁਲਾਰੇ ਨੇ ਕਿਹਾ ਕਿ ਜ਼ਖ਼ਮੀਆਂ ਵਿਚੋਂ 10 ਬੱਚੇ ਮਿਨੇਕਾਦਾ ਮਿਡਲ ਸਕੂਲ ਨਾਲ ਸਬੰਧਤ ਹਨ ਜੋ ਫ਼ੀਲਡ ਟ੍ਰਿਪ 'ਤੇ ਵਾਟਰ ਪਾਰਕ ਪੁੱਜੇ ਸਨ। ਬੁਲਾਰੇ ਮੁਤਾਬਕ 6ਵੀਂ ਅਤੇ 7ਵੀਂ ਜਮਾਤ ਦੇ ਬੱਚਿਆਂ ਨਾਲ ਵਾਪਰੇ ਘਟਨਾਕ੍ਰਮ ਬਾਰੇ ਉਨ੍ਹਾਂ ਕੋਲ ਵਿਸਤਾਰਤ ਜਾਣਕਾਰੀ ਮੌਜੂਦ ਨਹੀਂ ਅਤੇ ਆਰ.ਸੀ.ਐਮ.ਪੀ. ਮਾਮਲੇ ਦੀ ਪੜਤਾਲ ਕਰ ਰਹੀ ਹੈ। ਇਸੇ ਦੌਰਾਨ ਕਲਟਸ ਲੇਕ ਵਾਟਰ ਪਾਰਕ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬੱਚੇ ਇਕ ਰਾਈਡ 'ਤੇ ਸਵਾਰ ਹੋਣ ਲਈ ਕਤਾਰ ਵਿਚ ਸਨ ਜਦੋਂ ਹਾਦਸਾ ਵਾਪਰਿਆ। ਫ਼ਿਲਹਾਲ ਹਾਦਸੇ ਦੇ ਕਾਰਨਾਂ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ।

### 6ਵੀਂ ਅਤੇ 7ਵੀਂ ਜਮਾਤ ਵਿਚ ਪੜ੍ਹਦੇ ਨੇ ਬੱਚੇ

ਬੀ.ਸੀ. ਐਮਰਜੰਸੀ ਹੈਲਥ ਸਰਵਿਸਿਜ਼ ਦੇ ਬੁਲਾਰੇ ਮੁਤਾਬਕ ਸੋਮਵਾਰ ਸਵੇਰੇ ਤਕਰੀਬਨ ਸਵਾ ਗਿਆਰਾਂ ਵਜੇ ਹਾਦਸੇ ਦੀ ਇਤਲਾਹ ਮਿਲੀ ਅਤੇ ਵੱਡੀ ਗਿਣਤੀ ਵਿਚ ਐਂਬੁਲੈਂਸਿਜ਼ ਵਾਟਰ ਪਾਰਕ ਵੱਲ ਭੇਜੀਆਂ ਗਈਆਂ। ਦੋ ਗੰਭੀਰ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਣ ਵਾਸਤੇ ਏਅਰ ਐਂਬੂਲੈਂਸ ਦੀ ਵਰਤੋਂ ਕੀਤੀ ਗਈ। ਦੂਜੇ ਪਾਸੇ ਬੀ.ਸੀ. ਹਾਈਡਰੋ ਨੇ ਬਿਜਲੀ ਨਾਲ ਸਬੰਧਤ ਮਸਲਾ ਹੋਣ ਦੀ ਤਸਦੀਕ ਕਰ ਦਿਤੀ ਜਦਕਿ ਟੈਕਨੀਕਲ ਸੇਫ਼ਟੀ ਬੀ.ਸੀ. ਦੇ ਮੁਲਾਜ਼ਮ ਵੀ ਮੁਆਇਨੇ ਵਾਸਤੇ ਪੁੱਜ ਗਏ। ਹਾਦਸੇ ਦੇ ਮੱਦੇਨਜ਼ਰ ਪਾਰਕ ਨੂੰ 48 ਘੰਟੇ ਵਾਸਤੇ ਬੰਦ ਕਰ ਦਿਤਾ ਗਿਆ ਹੈ।

## ਕੈਨੇਡਾ ਨੇ ਡਿਪੋਰਟ...

ਜਿਨ੍ਹਾਂ ਨੂੰ ਨੇੜ ਭਵਿੱਖ ਵਿਚ ਡਿਪੋਰਟ ਕਰਨਾ ਸੰਭਵ ਹੀ ਨਹੀਂ ਪਰ ਉਨਟਾਰੀਓ ਵਿਚ ਬਾਰਡਰ ਅਫ਼ਸਰਾਂ ਵੱਲੋਂ 12 ਹਜ਼ਾਰ ਪ੍ਰਵਾਸੀਆਂ ਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ ਜਿਨ੍ਹਾਂ ਨੂੰ ਕਾਬੂ ਆਉਂਦਿਆਂ ਹੀ ਡਿਪੋਰਟ ਕਰ ਦਿਤਾ ਜਾਵੇਗਾ। ਕਿਊਬੈਕ ਵਿਚ ਅਜਿਹੇ ਪ੍ਰਵਾਸੀਆਂ ਦੀ ਗਿਣਤੀ 13,750 ਦੱਸੀ ਜਾ ਰਹੀ ਹੈ। ਮੌਜੂਦਾ ਵਰ੍ਹੇ ਦੌਰਾਨ ਕੈਨੇਡਾ ਤੋਂ ਡਿਪੋਰਟ ਪ੍ਰਵਾਸੀਆਂ ਵਿਚੋਂ ਸਭ ਤੋਂ ਉਚਾ ਅੰਕੜਾ ਭਾਰਤੀ ਨਾਗਰਿਕਾਂ ਦਾ ਬਣਦਾ ਹੈ ਅਤੇ 2025 ਦੇ ਮੁਕਾਬਲੇ ਚਾਰ ਗੁਣਾ ਭਾਰਤੀ ਨਾਗਰਿਕ ਡਿਪੋਰਟ ਕੀਤੇ ਜਾਣ ਦੇ ਆਸਾਰ ਹਨ। ਮਿਸਾਲ ਵਜੋਂ ਮੌਜੂਦਾ ਵਰ੍ਹੇ ਦੇ ਪਹਿਲੇ ਤਿੰਨ ਮਹੀਨੇ ਦੌਰਾਨ ਹੀ 1,712 ਭਾਰਤੀਆਂ ਨੂੰ ਕੈਨੇਡਾ ਵਿਚ ਕੱਢ ਦਿਤਾ ਗਿਆ ਜਦਕਿ ਪਿਛਲੇ ਪੂਰੇ ਵਰ੍ਹੇ ਦੌਰਾਨ 3,780 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਸਕਿਆ। ਦੂਜੇ ਪਾਸੇ ਬਿਲ ਸੀ-12 ਨੂੰ ਸੰਵਿਧਾਨਕ ਚੁਣੌਤੀ ਦਿਤੀ ਜਾ ਰਹੀ ਹੈ ਅਤੇ ਸੀ.ਬੀ.ਐਸ.ਏ. ਦੇ ਲਗਾਤਾਰ ਛਾਪੇ ਵੀ ਨਾਲੋ-ਨਾਲ ਜਾਰੀ ਹਨ।

### ਅਪਰਾਧਕ ਮਾਮਲਿਆਂ 'ਚ ਸੈਂਕੜੇ ਵਿਦੇਸ਼ੀਆਂ ਵਿਰੁੱਧ ਕਾਰਵਾਈ

ਇਕ ਗੈਰਕਾਨੂੰਨੀ ਪ੍ਰਵਾਸੀ ਨੂੰ ਡਿਪੋਰਟ ਕਰਨ 'ਤੇ ਚਾਰ ਹਜ਼ਾਰ ਡਾਲਰ ਖਰਚਾ ਆਉਂਦਾ ਅਤੇ ਜੇ ਨਿਗਰਾਨੀ ਹੇਠ ਡਿਪੋਰਟ ਕਰਨਾ ਹੋਵੇ ਤਾਂ ਖ਼ਰਚਾ 14 ਹਜ਼ਾਰ ਡਾਲਰ ਤੱਕ ਵਧ ਜਾਂਦਾ ਹੈ। ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਵਿਚ ਫ਼ੀਫ਼ਾ ਵਰਲਡ ਕੱਪ ਚੱਲ ਰਿਹਾ ਹੈ ਜਿਸ ਦੇ ਮੱਦੇਨਜ਼ਰ ਵੱਡੀ ਗਿਣਤੀ ਵਿਚ ਫੁੱਟਬਾਲ ਫ਼ੈਨਜ਼ ਟੋਰਾਂਟੋ ਅਤੇ ਵੈਨਕੂਵਰ ਵਿਖੇ ਪੁੱਜੇ ਹੋਏ ਹਨ ਪਰ ਬਾਰਡਰ ਅਫ਼ਸਰਾਂ ਵੱਲੋਂ ਆਪਣੀਆਂ ਸਰਗਰਮੀਆਂ ਵਿਚ ਕੋਈ ਕਮੀ ਨਹੀਂ ਕੀਤੀ ਗਈ ਅਤੇ ਫੜੋ-ਫੜੀ ਦਾ ਸਿਲਸਿਲਾ ਜਾਰੀ ਹੈ। ਇਸੇ ਦੌਰਾਨ ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਰੁਜ਼ਗਾਰ ਦੇ ਕਈ ਖੇਤਰਾਂ ਵਿਚ ਕਾਮਿਆਂ ਦੀ ਜ਼ਰੂਰਤ ਹੈ ਅਤੇ ਵੱਡੀ ਗਿਣਤੀ ਵਿਚ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਕਰਨਾ ਮਸਲੇ ਦਾ ਹੱਲ ਨਹੀਂ। ਪਰ ਹਾਊਸਿੰਗ ਸੈਕਅਰ ਅਤੇ ਹੈਲਥ ਕੇਅਰ ਸੈਕਟਰ ਉਤੇ ਪੈ ਰਹੇ ਦਬਾਅ ਦੀ ਦੁਹਾਈ ਦੇਣ ਵਾਲੇ ਵੀ ਮੌਜੂਦ ਹਨ ਅਤੇ ਡਿਪੋਰਟੇਸ਼ਨ ਦੀ ਰਫ਼ਤਾਰ ਵਧਾਉਣ ਦੇ ਸਿਲਸਿਲੇ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ।

## PM ਮੋਦੀ ਨੇ ਸਮੁੰਦਰੀ...

ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਕਈ ਹੋਰ ਆਗੂ ਸ਼ਾਮਲ ਹੋਏ।

ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਨੇ ਹਮੇਸ਼ਾ 'ਮਨੁੱਖਤਾ ਪਹਿਲਾਂ' ਦੀ ਸੋਚ ਅਪਣਾਈ ਹੈ। ਉਨ੍ਹਾਂ ਦੱਸਿਆ ਕਿ ਇੰਟਰਨੈਸ਼ਨਲ ਸੋਲਰ ਅਲਾਇੰਸ, ਕੋਆਲੀਸ਼ਨ ਫਾਰ ਡਿਜ਼ਾਸਟਰ ਰੈਜ਼ਿਲੀਐਂਟ ਇੰਫਰਾਸਟਰਕਚਰ, ਗਲੋਬਲ ਬਾਇਓਫਿਊਲ ਅਲਾਇੰਸ, ਮਿਸ਼ਨ ਲਾਈਫ ਅਤੇ 'ਇੱਕ ਪੇੜ ਮਾਂ ਦੇ ਨਾਮ' ਵਰਗੀਆਂ ਪਹਿਲਕਦਮੀਆਂ ਇਸ ਸੋਚ ਦਾ ਪ੍ਰਤੀਕ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਅੰਤਰਰਾਸ਼ਟਰੀ ਭਾਈਵਾਲੀ ਬਾਰੇ ਭਾਰਤ ਦੀ ਸੋਚ ਪ੍ਰਾਚੀਨ ਭਾਰਤੀ ਦਰਸ਼ਨ 'ਵਸੁਧੈਵ ਕੁਟੁੰਬਕਮ' ਤੋਂ ਪ੍ਰੇਰਿਤ ਹੈ, ਜਿਸਦਾ ਅਰਥ ਹੈ ਕਿ ਪੂਰੀ ਦੁਨੀਆ ਇੱਕ ਪਰਿਵਾਰ ਹੈ।

ਮੋਦੀ ਨੇ ਦੁਨੀਆ ਨੂੰ ਭਰੋਸਾ ਦਿਵਾਇਆ ਕਿ ਭਾਰਤ ਟਿਕਾਊ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਵਿਸ਼ਵ ਵਿਕਾਸ ਨੂੰ ਅੱਗੇ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਜੀ-7 ਸੰਮੇਲਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਜੀ-7 ਦੇ ਮੈਂਬਰ ਦੇਸ਼ਾਂ ਦੇ ਨੇਤਾਵਾਂ ਨਾਲ ਮੁਲਾਕਾਤ ਕਰਕੇ ਆਪਸੀ ਗੱਲਬਾਤ ਵੀ ਕੀਤੀ। ਪ੍ਰਧਾਨ ਮੰਤਰੀ ਮੋਦੀ ਸਲੋਵਾਕੀਆ ਦੇ ਆਪਣੇ ਦੋ ਦਿਨਾਂ ਦੌਰੇ ਦੀ ਸਮਾਪਤੀ ਤੋਂ ਬਾਅਦ ਫਰਾਂਸ ਦੇ ਏਵੀਅਨ-ਲੇਅ-ਬੈਂਸ ਪਹੁੰਚੇ ਸਨ। ਜ਼ਿਕਰਯੋਗ ਹੈ ਕਿ ਜੀ-7 ਦੁਨੀਆ ਦੀਆਂ ਸੱਤ ਪ੍ਰਮੁੱਖ ਵਿਕਸਿਤ ਅਰਥਵਿਵਸਥਾਵਾਂ ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ, ਬ੍ਰਿਟੇਨ ਅਤੇ ਅਮਰੀਕਾ ਦਾ ਸਮੂਹ ਹੈ। ਯੂਰਪੀ ਯੂਨੀਅਨ ਵੀ ਇਸ ਗਰੁੱਪ ਦਾ ਮੈਂਬਰ ਹੈ। ਜੀ-7 ਮੰਚ ਆਪਣੇ ਮੈਂਬਰ ਦੇਸ਼ਾਂ ਲਈ ਵਿਸ਼ਵ ਪੱਧਰ 'ਤੇ ਆਰਥਿਕ, ਵਿੱਤੀ ਅਤੇ ਭੂ-ਰਾਜਨੀਤਕ ਚੁਣੌਤੀਆਂ 'ਤੇ ਵਿਚਾਰ-ਵਟਾਂਦਰਾ ਕਰਨ ਅਤੇ ਸਾਂਝੀ ਕਾਰਵਾਈ ਲਈ ਰਣਨੀਤੀ ਤਿਆਰ ਕਰਨ ਦਾ ਇੱਕ ਮਹੱਤਵਪੂਰਨ ਮੰਚ ਮੰਨਿਆ ਜਾਂਦਾ ਹੈ।

# ਮਈ 'ਚ ਕੈਨੇਡੀਅਨ ਘਰਾਂ ਦੀ ਵਿਕਰੀ 'ਚ 5.5% ਦਾ ਹੋਇਆ ਵਾਧਾ

ਟੋਰਾਂਟੋ (ਬਲਜਿੰਦਰ ਸੇਖਾ) ਅੱਜ CREA ਨੇ 2026 ਨੇ ਰੀਅਲ ਇਸਟੇਟ ਮਾਰਕੀਟ ਰਿਪੋਰਟ ਜਾਰੀ ਕੀਤੀ ਹੈ, ਕੈਨੇਡੀਅਨ ਘਰਾਂ ਦੀ ਵਿਕਰੀ ਵਿੱਚ ਮਈ ਵਿੱਚ 2026 ਦਾ ਆਪਣਾ ਸਭ ਤੋਂ ਵੱਡਾ ਮਹੀਨਾਵਾਰ ਵਾਧਾ ਦਰਜ ਕੀਤਾ ਗਿਆ, ਜੋ ਕਿ ਸਾਲ ਦੀ ਹੌਲੀ ਸ਼ੁਰੂਆਤ ਤੋਂ ਬਾਅਦ ਖਰੀਦਦਾਰ ਗਤੀਵਿਧੀ ਦੇ ਨਵੀਨੀਕਰਨ ਦਾ ਸਭ ਤੋਂ ਸਪੱਸ਼ਟ ਸੰਕੇਤ ਹੈ, ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਦੇ ਅਨੁਸਾਰ।




CREA ਨੇ ਮੰਗਲਵਾਰ ਨੂੰ ਕਿਹਾ ਕਿ ਕੈਨੇਡੀਅਨ MLS ਪ੍ਰਣਾਲੀਆਂ ਰਾਹੀਂ ਰਿਪੋਰਟ ਕੀਤੀਆਂ ਗਈਆਂ ਘਰਾਂ ਦੀ ਵਿਕਰੀ ਅਪ੍ਰੈਲ ਤੋਂ ਮਈ ਤੱਕ 5.5 ਪ੍ਰਤੀਸ਼ਤ ਵਧੀ ਹੈ। ਇਹ ਵਾਧਾ ਇਸ ਸਾਲ ਰਾਸ਼ਟਰੀ ਮੰਗ ਵਿੱਚ ਪਹਿਲਾ ਮਹੱਤਵਪੂਰਨ ਮਹੀਨਾ-ਦਰ-ਮਹੀਨਾ ਵਾਧਾ ਹੈ, ਹਾਲਾਂਕਿ ਗਤੀਵਿਧੀ ਅਜੇ ਵੀ ਪਿਛਲੇ ਸਾਲ ਦੀ ਗਤੀ ਤੋਂ ਪਿੱਛੇ ਹੈ। CREA ਦੇ ਸੀਨੀਅਰ ਅਰਥਸ਼ਾਸਤਰੀ ਸ਼ੌਨ ਕੈਥਕਾਰਟ ਨੇ ਕਿਹਾ, "ਜਦੋਂ ਕਿ 2026 ਵਿੱਚ ਇਹ ਪਹਿਲਾ ਮਹੀਨਾ ਸੀ ਜਦੋਂ ਮੁੱਖ ਮੰਗ ਵਿੱਚ ਕੋਈ ਅਰਥਪੂਰਨ ਉੱਪਰ ਵੱਲ ਗਤੀ ਦੇਖੀ ਗਈ ਸੀ, ਸਤਹੀ ਸਥਿਤੀਆਂ ਵਿੱਚ ਕੁਝ ਸਮੇਂ ਲਈ ਸੁਧਾਰ ਹੋ ਰਿਹਾ ਹੈ।" ਮਈ ਦੇ ਸੁਧਾਰ ਦੇ ਬਾਵਜੂਦ, ਅਸਲ ਵਿਕਰੀ ਗਤੀਵਿਧੀ ਮਈ 2025 ਵਿੱਚ ਦਰਜ ਕੀਤੇ ਗਏ ਪੱਧਰਾਂ ਨਾਲੋਂ 5.1 ਪ੍ਰਤੀਸ਼ਤ ਘੱਟ ਰਹੀ, ਜੋ ਦਰਸਾਉਂਦਾ ਹੈ ਕਿ ਕੈਨੇਡਾ ਦਾ ਹਾਊਸਿੰਗ ਬਾਜ਼ਾਰ ਪਹਿਲਾਂ ਦੀ ਕਮਜ਼ੋਰੀ ਤੋਂ ਪੂਰੀ ਤਰ੍ਹਾਂ ਠੀਕ ਨਹੀਂ ਹੋਇਆ ਹੈ।

CREA ਨੇ ਕਿਹਾ ਕਿ ਵਿਕਰੀ ਵਿੱਚ ਵਾਧਾ ਦੇਸ਼ ਭਰ ਵਿੱਚ ਵਿਆਪਕ ਸੀ, ਪਰ ਓਨਟਾਰੀਓ ਨੇ ਰਾਸ਼ਟਰੀ ਲਾਭ ਵਿੱਚ ਇੱਕ ਵੱਡੀ ਭੂਮਿਕਾ ਨਿਭਾਈ।

"ਅਪ੍ਰੈਲ ਤੋਂ ਮਈ ਤੱਕ ਰਾਸ਼ਟਰੀ ਵਿਕਰੀ ਵਿੱਚ ਵਾਧਾ ਵਿਆਪਕ-ਅਧਾਰਤ ਸੀ ਪਰ ਓਨਟਾਰੀਓ ਦੁਆਰਾ ਅਨੁਪਾਤਕ ਤੌਰ 'ਤੇ ਚਲਾਇਆ ਗਿਆ ਸੀ, ਇਹ ਸੁਝਾਅ ਦਿੰਦਾ ਹੈ ਕਿ ਨਵੇਂ ਨਿਰਮਾਣਾਂ 'ਤੇ HST ਛੋਟ ਨੇ ਖਰੀਦਦਾਰਾਂ ਦਾ ਧਿਆਨ ਮੌਜੂਦਾ ਘਰੇਲੂ ਬਾਜ਼ਾਰ ਤੋਂ ਦੂਰ ਥੋੜ੍ਹੇ ਸਮੇਂ ਲਈ ਹੀ ਖਿੱਚਿਆ ਹੋ ਸਕਦਾ ਹੈ," ਕੈਥਕਾਰਟ ਨੇ ਕਿਹਾ। ਟਿੱਪਣੀ ਨਵੇਂ ਨਿਰਮਾਣ ਵੱਲ ਧਿਆਨ ਥੋੜ੍ਹੇ ਸਮੇਂ ਲਈ ਤਬਦੀਲ ਹੋਣ ਤੋਂ ਬਾਅਦ ਮੁੜ ਵਿਕਰੀ ਘਰਾਂ ਵਿੱਚ ਨਵੀਂ ਦਿਲਚਸਪੀ ਵੱਲ ਇਸ਼ਾਰਾ ਕਰਦੀ ਹੈ। ਓਨਟਾਰੀਓ ਦਾ ਪ੍ਰਭਾਵ ਇਹ ਵੀ ਉਜਾਗਰ ਕਰਦਾ ਹੈ ਕਿ ਰਾਸ਼ਟਰੀ ਰਿਹਾਇਸ਼ੀ ਰੁਝਾਨ ਅਕਸਰ ਸੂਬੇ ਦੇ ਵੱਡੇ ਰੀਅਲ ਅਸਟੇਟ ਬਾਜ਼ਾਰਾਂ ਵਿੱਚ ਗਤੀ ਨੂੰ ਕਿਵੇਂ ਦਰਸਾਉਂਦੇ ਹਨ।

ਕੀਮਤਾਂ ਮਈ ਵਿੱਚ ਘੱਟਣ ਦੇ ਹੋਰ ਸੰਕੇਤ ਦਿਖਾਉਂਦੀਆਂ ਹਨ। CREA ਨੇ ਕਿਹਾ ਕਿ ਰਾਸ਼ਟਰੀ ਬੈਂਚਮਾਰਕ ਘਰਾਂ ਦੀ ਕੀਮਤ ਮਹੀਨੇ-ਦਰ-ਮਹੀਨੇ 0.1 ਪ੍ਰਤੀਸ਼ਤ ਘਟ ਕੇ $657,000 ਹੋ ਗਈ।

ਸਾਲ-ਦਰ-ਸਾਲ ਦੇ ਆਧਾਰ 'ਤੇ, ਬੈਂਚਮਾਰਕ ਕੀਮਤ 3.9 ਪ੍ਰਤੀਸ਼ਤ ਘੱਟ ਗਈ। MLS ਘਰ ਕੀਮਤ ਸੂਚਕਾਂਕ ਉਸੇ ਸਮੇਂ ਦੌਰਾਨ 4.1 ਪ੍ਰਤੀਸ਼ਤ ਡਿੱਗ ਗਿਆ।

ਛੋਟੀ ਮਾਸਿਕ ਗਿਰਾਵਟ ਦਰਸਾਉਂਦੀ ਹੈ ਕਿ ਕੈਨੇਡੀਅਨ ਹਾਊਸਿੰਗ ਮਾਰਕੀਟ ਵਿੱਚ ਵਿਆਪਕ ਕਮਜ਼ੋਰੀ ਤੋਂ ਬਾਅਦ ਕੀਮਤਾਂ ਸਥਿਰ ਹੋਣੀਆਂ ਸ਼ੁਰੂ ਹੋ ਗਈਆਂ ਹਨ।

ਮਈ ਵਿੱਚ ਬਾਜ਼ਾਰ ਦੀਆਂ ਸਥਿਤੀਆਂ ਸਖ਼ਤ ਹੋ ਗਈਆਂ ਕਿਉਂਕਿ ਨਵੀਆਂ ਸੂਚੀਆਂ ਅਪ੍ਰੈਲ ਤੋਂ ਇੱਕ ਪ੍ਰਤੀਸ਼ਤ ਡਿੱਗ ਗਈਆਂ। ਇਸ ਦੇ ਨਾਲ ਹੀ, ਵਿਕਰੀ-ਤੋਂ-ਨਵੀਂ-ਸੂਚੀਆਂ ਅਨੁਪਾਤ 49.2 ਪ੍ਰਤੀਸ਼ਤ ਹੋ ਗਿਆ, ਜੋ ਇੱਕ ਮਹੀਨਾ ਪਹਿਲਾਂ 46.2 ਪ੍ਰਤੀਸ਼ਤ ਸੀ। CREA ਸੰਤੁਲਿਤ ਬਾਜ਼ਾਰ ਸਥਿਤੀਆਂ ਨੂੰ ਦਰਸਾਉਣ ਲਈ 45 ਪ੍ਰਤੀਸ਼ਤ ਅਤੇ 65 ਪ੍ਰਤੀਸ਼ਤ ਦੇ ਵਿਚਕਾਰ ਅਨੁਪਾਤ ਨੂੰ ਮੰਨਦਾ ਹੈ। ਐਸੋਸੀਏਸ਼ਨ ਨੇ ਕਿਹਾ ਕਿ ਖਰੀਦਦਾਰ ਅਤੇ ਵਿਕਰੇਤਾ ਕੀਮਤ ਦੀਆਂ ਉਮੀਦਾਂ ਦੇ ਨੇੜੇ ਆਉਂਦੇ ਜਾਪਦੇ ਹਨ। CREA ਨੇ ਵਧੇਰੇ ਕੁਸ਼ਲ ਬਾਜ਼ਾਰ ਦੇ ਸੰਕੇਤਾਂ ਵਜੋਂ ਸਖ਼ਤ ਵਿਕਰੀ-ਤੋਂ-ਸੂਚੀ ਕੀਮਤ ਅਨੁਪਾਤ ਅਤੇ ਸੂਚੀਕਰਨ ਅਤੇ ਵਿਕਰੀ ਤਾਰੀਖਾਂ ਵਿਚਕਾਰ ਛੋਟੀਆਂ ਸਮਾਂ-ਸੀਮਾਵਾਂ ਵੱਲ ਇਸ਼ਾਰਾ ਕੀਤਾ।

ਮਈ ਦੇ ਅੰਕੜੇ ਸੁਝਾਅ ਦਿੰਦੇ ਹਨ ਕਿ ਕੈਨੇਡਾ ਦਾ ਹਾਊਸਿੰਗ ਬਾਜ਼ਾਰ ਇੱਕ ਸਥਿਰ ਪੜਾਅ ਵਿੱਚ ਦਾਖਲ ਹੋ ਗਿਆ ਹੈ, ਹਾਲਾਂਕਿ ਭਵਿੱਖ ਦੀ ਵਿਕਰੀ ਅਤੇ ਕੀਮਤ ਦੇ ਰੁਝਾਨ ਇਸ ਗੱਲ 'ਤੇ ਨਿਰਭਰ ਕਰਨਗੇ ਕਿ ਕੀ ਗਰਮੀਆਂ ਦੌਰਾਨ ਮੰਗ ਵਧਦੀ ਰਹਿੰਦੀ ਹੈ।

# ਅਮਰੀਕਾ 'ਚ ਡੁੱਬੀਆਂ 2 ਭਾਰਤੀ ਮੁਟਿਆਰਾਂ

## ਕੈਨੇਡਾ ਦੇ ਜੰਗਲਾਂ 'ਚੋਂ ਮਿਲੀ ਪੰਜਾਬੀ ਦੀ ਲਾਸ਼

ਫ਼ਰੀਮੌਂਟ/ਵੈਨਕੂਵਰ : ਅਮਰੀਕਾ ਵਿਚ ਦੋ ਭਾਰਤੀ ਮੁਟਿਆਰਾਂ ਨੂੰ ਸਮੁੰਦਰ ਦੀਆਂ ਉਚੀਆਂ ਛੱਲਾਂ ਰੋੜ੍ਹ ਕੇ ਲੈ ਗਈਆਂ ਅਤੇ ਕਈ ਘੰਟੇ ਤੱਕੀ ਕੀਤੀ ਭਾਲ ਮਗਰੋਂ ਬੇਸੁਧ ਹਾਲਤ ਵਿਚ ਮਿਲੀਆਂ ਜਿਨ੍ਹਾਂ ਵਿਚੋਂ ਇਕ ਨੇ ਮੌਕੇ 'ਤੇ ਹੀ ਦਮ ਤੋੜ ਦਿਤਾ ਜਦਕਿ ਦੂਜੀ ਹਸਪਤਾਲ ਵਿਚ ਇਲਾਜ ਦੌਰਾਨ ਮਾਪਿਆਂ ਨੂੰ ਰੋਂਦਾ-ਕੁਰਲਾਉਂਦਾ ਛੱਡ ਗਈ। ਦੂਜੇ ਪਾਸੇ ਕੈਨੇਡਾ ਵਿਚ ਤਿੰਨ ਹਫ਼ਤੇ ਤੋਂ ਲਾਪਤਾ ਪੰਜਾਬੀ ਨੌਜਵਾਨ ਦੀ ਲਾਸ਼ ਜੰਗਲੀ ਇਲਾਕੇ ਵਿਚੋਂ ਮਿਲਣ ਦੀ ਰਿਪੋਰਟ ਹੈ। ਕੈਲੇਫੋਰਨੀਆ ਦੀ ਸੈਂਟਾ ਕਰੂਜ਼ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਵੱਲੋਂ ਮੁਟਿਆਰਾਂ ਦੀ ਸ਼ਨਾਖ਼ਤ 21 ਸਾਲਾ ਹਰਸ਼ਿਤਾ ਨਾਇਰ ਅਤੇ 20 ਸਾਲ ਦੀ ਮਾਹੀਆਲ ਸਰਾਂ ਵਜੋਂ ਕੀਤੀ ਗਈ ਹੈ।

ਕੈਲੇਫੋਰਨੀਆ ਦੇ ਫਰੀਮੌਂਟ ਨਾਲ ਸਬੰਧਤ ਦੋਵੇਂ ਭਾਰਤੀ ਮੁਟਿਆਰਾਂ ਸਮੁੰਦਰ ਕਿਨਾਰੇ ਧੁੱਪ ਸੇਕ ਰਹੀਆਂ ਸਨ ਜਦੋਂ ਛੱਲਾਂ ਨੇ ਖ਼ਤਰਨਾਕ ਰੂਪ ਅਖਤਿਆਰ ਕਰ ਲਿਆ ਅਤੇ ਦੋਹਾਂ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲ ਸਕਿਆ। ਦੋਹਾਂ ਦੇ ਸਮੁੰਦਰ ਵਿਚ ਰੁੜ੍ਹਣ ਮਗਰੋਂ ਰੌਲਾ ਪੈ ਗਿਆ ਅਤੇ ਫ਼ਾਇਰ ਫਾਇਟਰਜ਼ ਸਣੇ ਕੈਲੇਫੋਰਨੀਆ ਸਟੇਟ ਪਾਰਕਸ ਦੇ ਅੱਠ ਗੋਤਾਖੋਰ ਮੁਟਿਆਰਾਂ ਦੀ ਭਾਲ ਵਿਚ ਜੁਟ ਗਏ। ਸੈਂਟਾ ਕਰੂਜ਼ ਕਾਊਂਟੀ ਦੇ ਵਾਲੰਟੀਅਰ ਫ਼ਾਇਰ ਕੈਪਟਨ ਕਾਇਲ ਬ੍ਰੈਟਨ ਨੇ ਦੱਸਿਆ ਕਿ ਕੀਹੋਲ ਇਲਾਕੇ ਵਿਚ ਹਰ ਵੇਲੇ ਸੁਚੇਤ ਰਹਿਣ ਦੀ ਜ਼ਰੂਰਤ ਹੁੰਦੀ ਹੈ ਜਿਥੇ ਧਰਤੀ ਤਿੰਨ ਪਾਸਿਓਂ ਪਾਣੀ ਨਾਲ ਘਿਰੀ ਹੋਣ ਕਰ ਕੇ ਕਿਸੇ ਵੀ ਪਲ ਖ਼ਤਰਾ ਪੈਦਾ ਹੋ ਸਕਦਾ ਹੈ। ਹਰਸ਼ਿਤਾ ਅਤੇ ਮਾਹੀਆਲ ਸਰਾਂ ਦੇ ਮਾਮਲੇ ਵਿਚ ਵੀ ਅਜਿਹਾ ਹੀ ਹੋਇਆ ਅਤੇ ਜਦੋਂ ਤੱਕ ਉਹ ਸੁਰੱਖਿਅਤ ਇਲਾਕੇ ਵੱਲ ਜਾਣ ਦਾ ਯਤਨ ਕਰਦੀਆਂ ਬਹੁਤ ਦੇਰ ਹੋ ਚੁੱਕੀ ਸੀ।

### ਸਮੁੰਦਰ ਦੀਆਂ ਉਚੀਆਂ ਛੱਲਾਂ ਰੋੜ੍ਹ ਕੇ ਲੈ ਗਈਆਂ

ਬ੍ਰੈਟਨ ਦਾ ਕਹਿਣਾ ਸੀ ਕਿ ਕੁਝ ਲੋਕ ਕੁਦਰਤ ਦੇ ਜ਼ਿਆਦਾ ਨੇੜੇ ਜਾਣ ਵਾਸਤੇ ਖ਼ਤਰਨਾਕ ਇਲਾਕੇ ਵਿਚ ਡੇਰੇ ਲਾ ਲੈਂਦੇ ਹਨ ਪਰ ਉਚੀਆਂ ਸਮੁੰਦਰੀ ਲਹਿਰਾਂ ਕਦੋਂ ਦਸਤਕ ਦੇ ਦੇਣ, ਇਸ ਬਾਰੇ ਅੰਦਾਜ਼ਾ ਲਾਉਣਾ ਬੇਹੱਦ ਮੁਸ਼ਕਲ ਹੈ। ਬ੍ਰੈਟਨ ਮੁਤਾਬਕ ਇਕ ਮੁਟਿਆਰ ਦੀ ਲਾਸ਼ ਯੈਲੋ ਬੈਂਕ ਬੀਚ ਨੇੜੇ ਬਰਾਮਦ ਕੀਤੀ ਗਈ ਜਦਕਿ ਦੂਜੀ ਪੈਂਥਰ ਬੀਚ ਨੇੜਿਉਂ ਮਿਲੀ। ਦੱਸਿਆ ਜਾ ਰਿਹਾ ਹੈ ਕਿ ਦੋਹਾਂ ਨੇ 2023 ਵਿਚ ਇਕੱਠਿਆਂ ਵਾਸ਼ਿੰਗਟਨ ਹਾਈ ਸਕੂਲ ਪਾਸ ਕੀਤਾ ਅਤੇ 2027 ਵਿਚ ਦੋਹਾਂ ਦੀਆਂ ਯੂਨੀਵਰਸਿਟੀ ਡਿਗਰੀਆਂ ਮੁਕੰਮਲ ਹੋ ਜਾਣੀਆਂ ਸਨ। ਹਰਸ਼ਿਤਾ ਨਾਇਰ ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਦੇ ਬਰਕਲੀ ਕੈਂਪਸ ਵਿਚ ਕਾਨੂੰਨ ਦੀ ਪੜ੍ਹਾਈ ਕਰ ਰਹੀ ਸੀ ਜਦਕਿ ਮਾਹੀਆਲ ਸਰਾਂ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਵਿਚ ਪਬਲਿਕ ਹੈਲਥ ਅਤੇ ਮਨੋਵਿਗਿਆਨ ਦੀ ਵਿਦਿਆਰਥਣ ਸੀ। ਇਥੇ ਦਸਣਾ ਬਣਦਾ ਹੈ ਕਿ ਸਥਾਨਕ ਪ੍ਰਸ਼ਾਸਨ ਵੱਲੋਂ ਬੀਚ ਦੇ ਖ਼ਤਰਨਾਕ ਇਲਾਕੇ ਵੱਲ ਨਾ ਜਾਣ ਦੀਆਂ ਚਿਤਾਵਨੀਆਂ ਥਾਂ-ਥਾਂ 'ਤੇ ਲਿਖ ਕੇ ਲਾਈਆਂ ਜਾਂਦੀਆਂ ਹਨ ਪਰ ਕੁਝ ਲੋਕ ਇਨ੍ਹਾਂ ਦੀ ਪਰਵਾਹ ਨਹੀਂ ਕਰਦੇ। ਉਧਰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ



23 ਮਈ ਤੋਂ ਲਾਪਤਾ ਪਰਮਿੰਦਰ ਗਰੇਵਾਲ ਦੀ ਲਾਸ਼ ਡੰਕਨ ਨੇੜੇ ਜੰਗਲੀ ਇਲਾਕੇ ਵਿਚੋਂ ਬਰਾਮਦ ਕੀਤੇ ਜਾਣ ਦੀ ਰਿਪੋਰਟ ਸਾਹਮਣੇ ਆਈ ਹੈ।

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਧਰੌਰ ਨਾਲ ਸਬੰਧਤ ਪਰਮਿੰਦਰ ਸਿੰਘ 2023 ਵਿਚ ਵਰਕ ਵੀਜ਼ਾ 'ਤੇ ਕੈਨੇਡਾ ਪੁੱਜਾ ਅਤੇ ਆਪਣੇ ਬਿਹਤਰ ਭਵਿੱਖ ਲਈ ਕੰਮ ਕਰਦਿਆਂ ਦਿਨ-ਰਾਤ ਇਕ ਕਰ ਦਿਤੇ। ਪਰਮਿੰਦਰ ਸਿੰਘ ਨੂੰ ਆਖਰੀ ਵਾਰ ਵਿਕਟੋਰੀਆ ਦੇ ਗੌਰਜ ਰੋਡ ਈਸਟ ਇਲਾਕੇ ਦੇ 200 ਬਲਾਕ ਵਿਚ ਸ਼ਾਮ ਵੇਲੇ ਦੇਖਿਆ ਗਿਆ ਅਤੇ ਇਸ ਮਗਰੋਂ ਪਰਮਿੰਦਰ ਦੀ ਡੰਕਨ ਵਿਖੇ ਮੌਜੂਦਗੀ ਬਾਰੇ ਵੀ ਤਸਦੀਕ ਹੋ ਗਈ। ਅਚਨਚੇਤ ਲਾਪਤਾ ਹੋਣ ਦੀ ਘਟਨਾ ਨੂੰ ਪੁਲਿਸ ਖ਼ਤਰਨਾਕ ਮੰਨ ਰਹੀ ਸੀ ਅਤੇ ਵੱਖ ਵੱਖ ਪੁਲਿਸ ਮਹਿਕਮਿਆਂ ਤੋਂ ਸਹਿਯੋਗ ਮੰਗਿਆ ਗਿਆ। ਕਈ ਹਫ਼ਤੇ ਤੱਕ ਕੀਤੀ ਭਾਲ ਮਗਰੋਂ ਵਿਕਟੋਰੀਆ ਪੁਲਿਸ ਨੇ ਦੁਖਦ ਖ਼ਬਰ ਸੁਣਾ ਦਿਤੀ।

ਬਰੈਂਪਟਨ ਦੇ ਗੁਰਵਿੰਦਰ ਸਿੰਘ ਜਿੰਮੀ ਧਰੌਰ ਵੱਲੋਂ ਪਰਮਿੰਦਰ ਦੀ ਦੇਹ ਪੰਜਾਬ ਭੇਜਣ ਲਈ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca



BEST TRUCK REPAIR & TIRE CENTER
ਅਸੀਂ ਸੇਫਟੀ, ਇਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.



# ਕੈਨੇਡਾ 'ਚ ਆਬਾਦੀ ਦਾ ਰੁਝਾਨ ਢਲਾਣ ਵੱਲ

## ਇਮੀਗ੍ਰੇਸ਼ਨ ਨੀਤੀਆਂ ਕਾਰਨ ਪੱਕੇ ਹੋਣ ਵਾਲਿਆਂ ਦੀ ਗਿਣਤੀ 'ਚ ਕਮੀ



ਕੈਨੇਡਾ ਦੀ ਆਬਾਦੀ ਵਿੱਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ ਚਾਲੂ ਸਾਲ ਦੀ ਪਹਿਲੀ ਤਿਮਾਹੀ ਦੇ ਅੰਕੜੇ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ 31 ਮਾਰਚ ਨੂੰ ਖ਼ਤਮ ਹੋਈ ਤਿਮਾਹੀ ਵਿੱਚ ਆਬਾਦੀ ਦਾ ਅੰਕੜਾ 4,14,17,056 ਦਰਜ ਕੀਤਾ ਗਿਆ ਹੈ, ਜੋ ਪਿਛਲੇ ਸਾਲ ਦੀ ਚੌਥੀ ਤਿਮਾਹੀ ਦੇ ਮੁਕਾਬਲੇ 55,025 ਘੱਟ ਹੈ।

ਆਬਾਦੀ ਵਿੱਚ ਘਾਟੇ ਦਾ ਇਹ ਰੁਝਾਨ ਪਿਛਲੇ ਸਾਲ ਜੁਲਾਈ ਤੋਂ ਬਣਿਆ ਹੋਇਆ ਹੈ, ਪਰ ਇਸ ਤਿਮਾਹੀ ਵਿੱਚ ਹੋਈ ਇਹ ਕਮੀ ਪਹਿਲੀਆਂ ਦੋਵਾਂ ਤਿਮਾਹੀਆਂ ਨਾਲੋਂ ਵੱਧ ਹੋਣ ਕਾਰਨ ਇਹ ਮੰਨਿਆ ਜਾਣ ਲੱਗਾ ਹੈ ਕਿ ਆਬਾਦੀ ਹੁਣ ਹੇਠਾਂ ਵੱਲ ਜਾਣ ਲੱਗੀ ਹੈ। ਹਾਲਾਂਕਿ ਇਸ ਤਿਮਾਹੀ ਵਿੱਚ 83,149 ਲੋਕਾਂ ਨੂੰ ਪੱਕੇ ਵਸਨੀਕ ਦਾ ਦਰਜਾ ਦਿੱਤਾ ਗਿਆ, ਜੋ ਪਿਛਲੇ ਸਾਲ ਦੀ ਇਸੇ ਤਿਮਾਹੀ ਦੇ ਮੁਕਾਬਲੇ 21,061 ਘੱਟ ਹੈ। ਵਿਭਾਗ ਦਾ ਮੰਨਣਾ ਹੈ ਕਿ ਪੱਕੇ ਹੋਣ ਵਾਲਿਆਂ ਦੀ ਗਿਣਤੀ ਵਿੱਚ ਇਹ ਕਮੀ ਇਮੀਗ੍ਰੇਸ਼ਨ ਵਿਭਾਗ ਵੱਲੋਂ ਸ਼ਰਨਾਰਥੀਆਂ ਦੀਆਂ ਅਰਜ਼ੀਆਂ ਨੂੰ ਰੱਦ ਕਰਨ ਕਾਰਨ ਆਈ ਹੈ। ਜ਼ਿਕਰਯੋਗ ਹੈ ਕਿ ਜਦੋਂ ਤੋਂ ਇਮੀਗ੍ਰੇਸ਼ਨ ਵਿਭਾਗ ਨੇ ਸ਼ਰਨਾਰਥੀ ਅਰਜ਼ੀਆਂ ਦੀ ਡੂੰਘਾਈ ਨਾਲ ਘੋਖ ਸ਼ੁਰੂ ਕੀਤੀ ਹੈ, ਉਦੋਂ ਤੋਂ ਪ੍ਰਵਾਨਗੀ ਦਰ 82 ਫ਼ੀਸਦ ਤੋਂ ਡਿੱਗ ਕੇ ਇੱਕ ਅਪਰੈਲ ਤੱਕ ਸਾਢੇ ਸੋਲਾਂ ਫ਼ੀਸਦ ਰਹਿ ਗਈ ਸੀ। ਇਮੀਗ੍ਰੇਸ਼ਨ ਵਿਭਾਗ ਦਾ ਕਹਿਣਾ ਹੈ ਕਿ ਭਾਵੇਂ ਸਰਕਾਰ ਉੱਚ ਸਿੱਖਿਆ ਪ੍ਰਾਪਤ ਅਤੇ ਤਕਨੀਕੀ ਮਾਹਿਰਾਂ ਨੂੰ ਦੇਸ਼ ਵਿੱਚ ਵਸਾਉਣ ਦਾ ਇਰਾਦਾ ਰੱਖਦੀ ਹੈ, ਪਰ ਉਹ ਨਾਲ ਹੀ ਕੱਚੇ ਵਸਨੀਕਾਂ (ਅਸਥਾਈ ਲੋਕਾਂ) ਦਾ ਅੰਕੜਾ ਕੁੱਲ ਆਬਾਦੀ ਦੇ ਪੰਜ ਫ਼ੀਸਦ ਤੱਕ ਹੇਠਾਂ ਲਿਆਉਣ ਲਈ ਦ੍ਰਿੜ ਹੈ। ਇਸ ਸਾਲ 3,85,000 ਅਤੇ ਅਗਲੇ ਦੋ ਸਾਲਾਂ ਦੌਰਾਨ 3,70,000 ਅਸਥਾਈ ਕਾਮਿਆਂ ਨੂੰ ਵੀਜ਼ੇ ਦਿੱਤੇ ਜਾਣੇ ਹਨ, ਪਰ ਵਿਭਾਗ ਇਸ ਦੇ ਬਦਲੇ ਪਹਿਲਾਂ ਤੋਂ ਰਹਿ ਰਹੇ ਅਸਥਾਈ ਵਸਨੀਕਾਂ ਦੀ ਵਾਪਸੀ ਨੂੰ ਜ਼ਰੂਰੀ ਸਮਝ ਰਿਹਾ ਹੈ।

## ਕੀਰਤਪੁਰ ਸਾਹਿਬ ਦੀ ਲੋਹਡ ਖੱਡ ਵਿੱਚ ਰੁੜਿਆ ਨੌਜਵਾਨ, ਭਾਲ ਜਾਰੀ

ਕੀਰਤਪੁਰ ਸਾਹਿਬ : ਕੀਰਤਪੁਰ ਸਾਹਿਬ ਨੇੜੇ ਲੋਹਡ ਖੱਡ ਵਿੱਚ ਇੱਕ ਨੌਜਵਾਨ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ ਗਿਆ। ਘਟਨਾ ਉਸ ਸਮੇਂ ਵਾਪਰੀ ਜਦੋਂ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਅਸੰਧ ਖੇਤਰ ਨਾਲ ਸਬੰਧਿਤ ਕੁਝ ਨੌਜਵਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਘਰਾਂ ਦੇ ਦਰਸ਼ਨ ਕਰਨ ਉਪਰੰਤ ਵਾਪਿਸ ਚੰਡੀਗੜ੍ਹ ਵੱਲ ਜਾ ਰਹੇ ਸਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਅਸੰਧ ਖੇਤਰ ਤੋਂ ਆਏ ਚਾਰ ਨੌਜਵਾਨ ਨਹਾਉਂਦੇ ਸਮੇਂ ਪਾਣੀ ਦੇ ਤੇਜ਼ ਵਹਾਅ ਵਿੱਚ ਫਸ ਗਏ। ਮੌਕੇ 'ਤੇ ਮੌਜੂਦ ਸਥਾਨਿਕ ਲੋਕਾਂ ਦੀ ਮੁਸਤੈਦੀ ਨਾਲ ਤਿੰਨ ਨੌਜਵਾਨਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ, ਜਦੋਂਕਿ ਇੱਕ ਨੌਜਵਾਨ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ ਗਿਆ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਨੌਜਵਾਨ ਦੀ ਭਾਲ ਲਈ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਲੋਹਡ ਖੱਡ ਵਿਖੇ ਪਹਿਲਾਂ ਵੀ ਕਈ ਹਾਦਸੇ ਵਾਪਰ ਚੁੱਕੇ ਹਨ।

# FIFA World Cup 2026: ਆਨਲਾਈਨ ਨਸਲਵਾਦ ਦੇ ਨਿਸ਼ਾਨੇ 'ਤੇ ਕੈਨੇਡਾ ਦੀ ਫੁੱਟਬਾਲ ਟੀਮ




ਕੈਨੇਡਾ ਦੀ ਪੁਰਸ਼ ਕੌਮੀ ਫੁੱਟਬਾਲ ਟੀਮ ਦੇ ਖਿਡਾਰੀਆਂ ਨੇ ਸੋਸ਼ਲ ਮੀਡੀਆ ਕੰਪਨੀਆਂ ਅਤੇ ਸੰਘੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਆਨਲਾਈਨ ਨਸਲਵਾਦ, ਨਫ਼ਰਤੀ ਭਾਸ਼ਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਖ਼ਿਲਾਫ਼ ਸਖ਼ਤ ਕਦਮ ਚੁੱਕੇ ਜਾਣ। ਖਿਡਾਰੀਆਂ ਦਾ ਕਹਿਣਾ ਹੈ ਕਿ ਦੇਸ਼ ਦੀ ਨੁਮਾਇੰਦਗੀ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਲਗਾਤਾਰ ਨਸਲੀ ਟਿੱਪਣੀਆਂ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

2026 ਫੀਫਾ ਵਿਸ਼ਵ ਕੱਪ ਦੀ ਸਾਂਝੀ ਮੇਜ਼ਬਾਨੀ ਕਰ ਰਹੇ ਕੈਨੇਡਾ ਦੇ ਕਈ ਖਿਡਾਰੀਆਂ ਮੁਤਾਬਕ ਮੈਚਾਂ ਤੋਂ ਤੁਰੰਤ ਬਾਅਦ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਨਫ਼ਰਤੀ ਸੁਨੇਹਿਆਂ ਦੀ ਬਾਰਿਸ਼ ਹੋ ਜਾਂਦੀ ਹੈ। ਇਹ ਸੁਨੇਹੇ ਅਕਸਰ ਕਿਸੇ ਖੇਡ ਗਲਤੀ, ਸਖ਼ਤ ਟੈਕਲ ਜਾਂ ਵਿਰੋਧੀ ਖਿਡਾਰੀ ਨਾਲ ਹੋਈ ਘਟਨਾ ਤੋਂ ਬਾਅਦ ਆਉਂਦੇ ਹਨ।

ਡਿਫੈਂਡਰ ਮੋਇਜ਼ ਬੋਮਬੀਟੋ ਨੇ ਦੱਸਿਆ ਕਿ 2024 ਕੋਪਾ ਅਮਰੀਕਾ ਦੌਰਾਨ ਅਰਜਨਟੀਨਾ ਦੇ ਸਟਾਰ ਖਿਡਾਰੀ ਲਿਓਨਲ ਮੈਸੀ ਖ਼ਿਲਾਫ਼ ਕੀਤੀ ਗਈ ਇੱਕ ਸਖ਼ਤ ਟੈਕਲ ਤੋਂ ਬਾਅਦ ਉਨ੍ਹਾਂ ਨੂੰ ਹਜ਼ਾਰਾਂ ਨਸਲਵਾਦੀ ਟਿੱਪਣੀਆਂ ਮਿਲੀਆਂ। ਉਨ੍ਹਾਂ ਕਿਹਾ ਕਿ ਇਸ ਤਜਰਬੇ ਨੇ ਉਨ੍ਹਾਂ ਨੂੰ ਇਹ ਅਹਿਸਾਸ ਕਰਵਾਇਆ ਕਿ ਆਧੁਨਿਕ ਸਮਾਜ ਵਿੱਚ ਵੀ ਨਸਲਵਾਦ ਡੂੰਘੀਆਂ ਜੜ੍ਹਾਂ ਰੱਖਦਾ ਹੈ।

ਬੋਮਬੀਟੋ ਦੀ ਮਾਰਕੀਟਿੰਗ ਏਜੰਟ ਨਾਦੀਆ ਅਲੀ ਅਨੁਸਾਰ ਮੈਚ ਤੋਂ ਬਾਅਦ ਸੈਂਕੜੇ ਨਸਲੀ ਟਿੱਪਣੀਆਂ ਦੀ ਸ਼ਿਕਾਇਤ ਮੈਟਾ ਕੋਲ ਕੀਤੀ ਗਈ ਸੀ, ਪਰ ਕਥਿਤ ਤੌਰ 'ਤੇ ਕੰਪਨੀ ਨੇ ਜਵਾਬ ਦਿੱਤਾ ਕਿ ਇਹ ਸਮੱਗਰੀ ਉਸ ਦੀਆਂ ਨੀਤੀਆਂ ਦੀ ਉਲੰਘਣਾ ਨਹੀਂ ਕਰਦੀ। ਦੂਜੇ ਪਾਸੇ ਮੈਟਾ ਨੇ ਕਿਹਾ ਹੈ ਕਿ ਉਸ ਦੇ ਪਲੇਟਫਾਰਮਾਂ 'ਤੇ ਨਸਲੀ ਦੁਰਵਿਵਹਾਰ ਲਈ ਕੋਈ ਥਾਂ ਨਹੀਂ ਹੈ ਅਤੇ ਇਸ ਨੂੰ ਰੋਕਣ ਲਈ ਵੱਖ-ਵੱਖ ਸੁਰੱਖਿਆ ਉਪਾਅ ਲਾਗੂ ਕੀਤੇ ਗਏ ਹਨ।

ਕੈਨੇਡਾ ਦੇ ਮੁੱਖ ਕੋਚ ਜੈਸੀ ਮਾਰਸ਼ ਨੇ ਕਿਹਾ ਕਿ ਬੋਮਬੀਟੋ ਨਾਲ ਹੋਏ ਸਲੂਕ ਨੇ ਉਨ੍ਹਾਂ ਨੂੰ ਡੂੰਘਾ ਦੁਖ ਪਹੁੰਚਾਇਆ। ਉਨ੍ਹਾਂ ਕਿਹਾ ਕਿ ਟੀਮ ਦੇ ਖਿਡਾਰੀ ਨਾ ਸਿਰਫ਼ ਮੈਦਾਨ 'ਤੇ, ਸਗੋਂ ਮੈਦਾਨ ਤੋਂ ਬਾਹਰ ਵੀ ਦਬਾਅ ਅਤੇ ਮਾਨਸਿਕ ਤਣਾਅ ਦਾ ਸਾਹਮਣਾ ਕਰ ਰਹੇ ਹਨ।

ਮਿਡਫੀਲਡਰ ਲਿਆਮ ਮਿੱਲਰ ਨੇ ਦੱਸਿਆ ਕਿ ਵੈਨੇਜ਼ੁਏਲਾ ਖ਼ਿਲਾਫ਼ ਇੱਕ ਮਹੱਤਵਪੂਰਨ ਪੈਨਲਟੀ ਖੁੰਝਣ ਤੋਂ ਬਾਅਦ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਤੱਕ ਮਿਲੀਆਂ। ਉਨ੍ਹਾਂ ਕਿਹਾ ਕਿ ਖੇਡ ਦੀ ਆਲੋਚਨਾ ਅਤੇ ਨਫ਼ਰਤੀ ਦੁਰਵਿਵਹਾਰ ਵਿੱਚ ਸਪੱਸ਼ਟ ਫ਼ਰਕ ਹੈ ਅਤੇ ਨਸਲਵਾਦ ਜਾਂ ਮੌਤ ਦੀਆਂ ਧਮਕੀਆਂ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਡਿਫੈਂਡਰ ਰਿਚੀ ਲਾਰਿਆ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਅਜਿਹੇ ਤਜਰਬਿਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਪਤਨੀ ਮੇਲਾਨੀ ਲਾਰਿਆ ਨੇ ਕਿਹਾ ਕਿ ਕਈ ਨਸਲੀ ਟਿੱਪਣੀਆਂ ਉਨ੍ਹਾਂ ਦੇ ਛੋਟੇ ਪੁੱਤਰ ਦੀਆਂ ਤਸਵੀਰਾਂ ਹੇਠਾਂ ਕੀਤੀਆਂ ਜਾਂਦੀਆਂ ਹਨ, ਜੋ ਪਰਿਵਾਰ ਲਈ ਬਹੁਤ ਦੁਖਦਾਈ ਹੁੰਦੀਆਂ ਹਨ।
ਖਿਡਾਰੀਆਂ ਦਾ ਮੰਨਣਾ ਹੈ ਕਿ ਆਨਲਾਈਨ ਖੇਡ ਸੱਟੇਬਾਜ਼ੀ ਦੇ ਵਧਦੇ ਰੁਝਾਨ ਨੇ ਵੀ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਇਆ ਹੈ। ਮਿਡਫੀਲਡਰ ਸਟੀਫਨ ਯੂਸਟਾਕਿਓ ਅਨੁਸਾਰ ਜਦੋਂ ਸੱਟੇਬਾਜ਼ ਆਪਣੇ ਦਾਅ ਹਾਰ ਜਾਂਦੇ ਹਨ ਤਾਂ ਉਹ ਖਿਡਾਰੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਸੇ ਦੌਰਾਨ ਕੈਨੇਡਾ ਦੀ ਸੰਘੀ ਸਰਕਾਰ ਨੇ ਆਨਲਾਈਨ ਨੁਕਸਾਨਾਂ ਨਾਲ ਨਜਿੱਠਣ ਲਈ ਬਿੱਲ ਸੀ-34 ਪੇਸ਼ ਕੀਤਾ ਹੈ। ਪ੍ਰਸਤਾਵਿਤ ਕਾਨੂੰਨ ਤਹਿਤ ਸੋਸ਼ਲ ਮੀਡੀਆ ਅਤੇ ਕ੍ਰਿਤ੍ਰਿਮ ਬੁੱਧੀ (ਏਆਈ) ਪਲੇਟਫਾਰਮਾਂ ਲਈ ਨਵੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚ ਨੁਕਸਾਨਦੇਹ ਸਮੱਗਰੀ ਦੀਆਂ ਸ਼ਿਕਾਇਤਾਂ ਦੀ ਨਿਰਧਾਰਤ ਸਮੇਂ ਅੰਦਰ ਜਾਂਚ ਅਤੇ ਕਾਰਵਾਈ ਸ਼ਾਮਲ ਹੈ। ਫਾਰਵਰਡ ਪ੍ਰਾਮਿਸ ਡੇਵਿਡ ਨੇ ਕਿਹਾ ਕਿ ਜੇਕਰ ਨਫ਼ਰਤੀ ਸੁਨੇਹੇ ਭੇਜਣ ਵਾਲਿਆਂ ਦੀ ਪਛਾਣ ਜਨਤਕ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਜਵਾਬਦੇਹ ਬਣਾਇਆ ਜਾਵੇ ਤਾਂ ਅਜਿਹੀਆਂ ਘਟਨਾਵਾਂ ਵਿੱਚ ਵੱਡੀ ਕਮੀ ਆ ਸਕਦੀ ਹੈ। ਟੀਮ ਦੇ ਖਿਡਾਰੀਆਂ ਅਤੇ ਕੋਚਿੰਗ ਸਟਾਫ਼ ਦਾ ਮੰਨਣਾ ਹੈ ਕਿ ਬੋਲਣ ਦੀ ਆਜ਼ਾਦੀ ਅਤੇ ਜਵਾਬਦੇਹੀ ਵਿਚਕਾਰ ਸੰਤੁਲਨ ਬਣਾਈ ਰੱਖਦਿਆਂ ਆਨਲਾਈਨ ਨਫ਼ਰਤ ਖ਼ਿਲਾਫ਼ ਪ੍ਰਭਾਵਸ਼ਾਲੀ ਕਾਰਵਾਈ ਦੀ ਲੋੜ ਹੈ।

# ਕੈਨੇਡਾ ਜਾਣ ਦਾ ਰਾਹ ਹੋਇਆ ਆਸਾਨ?

## ਹਜ਼ਾਰਾਂ ਕਿਰਤੀਆਂ ਨੂੰ ਮਿਲੀ ਵੱਡੀ ਰਾਹਤ



ਟੋਰਾਂਟੋ: ਕੈਨੇਡਾ ਸਰਕਾਰ ਨੇ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (LMIA) ਨਾਲ ਸਬੰਧਤ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਤੇਜ਼ ਕਰਦੇ ਹੋਏ ਮੌਜੂਦਾ ਸਾਲ ਦੌਰਾਨ 8,240 ਕਿਰਤੀਆਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਦਾ ਸਭ ਤੋਂ ਵੱਧ ਲਾਭ ਗਲੋਬਲ ਟੈਲੈਂਟ ਸਟ੍ਰੀਮ ਨਾਲ ਜੁੜੇ ਉਮੀਦਵਾਰਾਂ ਨੂੰ ਮਿਲਿਆ ਹੈ, ਜਿਨ੍ਹਾਂ ਲਈ ਸਿਰਫ਼ 8 ਦਿਨਾਂ ਦੇ ਅੰਦਰ LMIA ਜਾਰੀ ਕੀਤੇ ਜਾ ਰਹੇ ਹਨ।

ਸਾਲ 2026 ਲਈ ਇਮੀਗ੍ਰੇਸ਼ਨ ਵਿਭਾਗ ਨੇ 60 ਹਜ਼ਾਰ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਕੈਨੇਡਾ ਸੱਦਣ ਦਾ ਟੀਚਾ ਨਿਰਧਾਰਿਤ ਕੀਤਾ ਹੈ। ਇਹ ਗਿਣਤੀ ਪਿਛਲੇ ਸਾਲ ਨਾਲੋਂ 31 ਫੀਸਦੀ ਘੱਟ ਹੈ। ਪਿਛਲੇ ਸਾਲ ਕਰੀਬ 82 ਹਜ਼ਾਰ ਕਾਮਿਆਂ ਨੂੰ ਕੈਨੇਡਾ ਵਿੱਚ ਕੰਮ ਕਰਨ ਦੀ ਮਨਜ਼ੂਰੀ ਦਿੱਤੀ ਗਈ ਸੀ।

ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਦੇ ਅਨੁਸਾਰ ਖੇਤੀਬਾੜੀ ਖੇਤਰ ਨਾਲ ਜੁੜੇ LMIA ਲਈ ਉਮੀਦਵਾਰਾਂ ਨੂੰ ਲਗਭਗ 21 ਦਿਨ ਉਡੀਕ ਕਰਨੀ ਪੈ ਰਹੀ ਹੈ। ਇਸੇ ਤਰ੍ਹਾਂ ਪਰਮਾਨੈਂਟ ਰੈਜ਼ੀਡੈਂਸੀ ਲਈ LMIA ਦਾ ਉਡੀਕ ਸਮਾਂ ਹੁਣ ਘਟ ਕੇ 140 ਦਿਨ ਰਹਿ ਗਿਆ ਹੈ, ਜਦਕਿ ਫਰਵਰੀ ਵਿੱਚ ਇਹ 240 ਦਿਨ ਤੋਂ ਵੱਧ ਸੀ।

ਘੱਟ ਉਜਰਤ ਵਾਲੀ ਸ਼੍ਰੇਣੀ ਵਿੱਚ LMIA ਲਈ ਉਡੀਕ ਸਮਾਂ 58 ਦਿਨ ਹੋ ਗਿਆ ਹੈ, ਜੋ ਪਹਿਲਾਂ 48 ਦਿਨ ਸੀ। ਉੱਚ ਉਜਰਤ ਵਾਲੀ ਸ਼੍ਰੇਣੀ ਵਿੱਚ ਉਮੀਦਵਾਰਾਂ ਨੂੰ ਕਰੀਬ 64 ਦਿਨ ਉਡੀਕ ਕਰਨੀ ਪੈ ਰਹੀ ਹੈ।

ਸੀਜ਼ਨਲ ਐਗਰੀਕਲਚਰਲ ਵਰਕਰਜ਼ ਪ੍ਰੋਗਰਾਮ ਤਹਿਤ ਸਭ ਤੋਂ ਤੇਜ਼ ਪ੍ਰਕਿਰਿਆ ਕੀਤੀ ਜਾ ਰਹੀ ਹੈ ਅਤੇ ਇਸ ਅਧੀਨ ਸਿਰਫ਼ 10 ਦਿਨਾਂ ਵਿੱਚ LMIA ਜਾਰੀ ਕੀਤੇ ਜਾ ਰਹੇ ਹਨ।

ਕੈਨੇਡਾ ਸਰਕਾਰ ਦੇ ਨਿਯਮਾਂ ਅਨੁਸਾਰ ਸਿਰਫ਼ ਉਨ੍ਹਾਂ ਸ਼ਹਿਰਾਂ, ਕਸਬਿਆਂ ਜਾਂ ਪੇਂਡੂ ਖੇਤਰਾਂ ਲਈ LMIA ਜਾਰੀ ਕੀਤਾ ਜਾ ਰਿਹਾ ਹੈ ਜਿੱਥੇ ਬੇਰੁਜ਼ਗਾਰੀ ਦਰ 6 ਫੀਸਦੀ ਜਾਂ ਇਸ ਤੋਂ ਘੱਟ ਹੈ। ਇੰਪਲੌਇਰ ਉਦੋਂ ਹੀ LMIA ਲਈ ਅਰਜ਼ੀ ਦੇ ਸਕਦਾ ਹੈ ਜਦੋਂ ਉਸ ਨੂੰ ਕੈਨੇਡੀਅਨ ਨਾਗਰਿਕ ਜਾਂ ਪਰਮਾਨੈਂਟ ਰੈਜ਼ੀਡੈਂਟ ਦੇ ਰੂਪ ਵਿੱਚ ਲੋੜੀਂਦਾ ਕਰਮਚਾਰੀ ਨਾ ਮਿਲੇ।

ਵਿਦੇਸ਼ੀ ਨਾਗਰਿਕ LMIA ਦੇ ਆਧਾਰ 'ਤੇ ਵਰਕ ਪਰਮਿਟ ਲਈ ਅਰਜ਼ੀ ਦੇ ਕੇ ਕੈਨੇਡਾ ਆ ਸਕਦੇ ਹਨ, ਪਰ ਇਹ ਵਰਕ ਪਰਮਿਟ ਆਮ ਤੌਰ 'ਤੇ ਇੱਕ ਹੀ ਇੰਪਲੌਇਰ ਨਾਲ ਜੁੜਿਆ ਹੁੰਦਾ ਹੈ। ਕੈਨੇਡਾ ਪਹੁੰਚਣ ਤੋਂ ਬਾਅਦ ਵਿਅਕਤੀ ਨੂੰ ਵਰਕ ਪਰਮਿਟ ਦੀ ਮਿਆਦ ਅਨੁਸਾਰ ਹੀ ਰਹਿਣਾ ਪਵੇਗਾ ਅਤੇ ਮਿਆਦ ਪੂਰੀ ਹੋਣ 'ਤੇ ਇਸ ਨੂੰ ਵਧਾਉਣਾ ਜਾਂ ਵਾਪਸ ਜਾਣਾ ਲਾਜ਼ਮੀ ਹੋਵੇਗਾ।

# ਅਗਾਊਂ ਜ਼ਮਾਨਤ ਮਿਲਣ ਪਿੱਛੋਂ ਸਾਹਮਣੇ ਆਏ ਬਿਕਰਮ ਮਜੀਠੀਆ

ਚੰਡੀਗੜ੍ਹ: ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮਜੀਠਾ ਥਾਣੇ 'ਤੇ ਕਥਿਤ ਹਮਲੇ ਦੇ ਮਾਮਲੇ ਵਿੱਚ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਉਸ ਦੇ ਸਾਥੀਆਂ ਜੋਧ ਸਿੰਘ ਸਮਰਾ ਅਤੇ ਜਤਿੰਦਰ ਪਾਲ ਸਿੰਘ ਦੀ ਜ਼ਮਾਨਤ ਅਰਜ਼ੀ ਵੀ ਮਨਜ਼ੂਰ ਕਰ ਲਈ ਹੈ। ਪਿਛਲੀ ਸੁਣਵਾਈ ਦੌਰਾਨ ਅਦਾਲਤ ਨੇ ਇਸ ਮਾਮਲੇ 'ਤੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਮਜੀਠੀਆ ਦੇ ਵਕੀਲਾਂ ਬੀ ਐੱਸ ਸਿਆਲਕਾ ਅਤੇ ਅਮਨਬੀਰ ਸਿੰਘ ਸਿਆਲੀ ਨੇ ਦੱਸਿਆ ਕਿ ਅਦਾਲਤ ਨੇ ਪੁਲਿਸ ਕੋਲੋਂ ਥਾਣੇ ਅੰਦਰ ਹਮਲੇ ਅਤੇ ਹੰਗਾਮੇ ਸਬੰਧੀ ਸੀ ਸੀ ਟੀ ਵੀ ਫੁਟੇਜ ਸਮੇਤ ਠੋਸ ਸਬੂਤ ਮੰਗੇ ਸਨ। ਪੁਲਿਸ ਅਦਾਲਤ ਵਿੱਚ ਕੋਈ ਸਬੂਤ ਪੇਸ਼ ਕਰਨ ਵਿੱਚ ਨਾਕਾਮ ਰਹੀ, ਜਿਸ ਮਗਰੋਂ ਜ਼ਮਾਨਤ ਮਨਜ਼ੂਰ ਕਰ ਲਈ ਗਈ। ਅਦਾਲਤ ਨੇ ਮਜੀਠੀਆ ਨੂੰ ਪੁਲਿਸ ਜਾਂਚ ਵਿੱਚ ਸਹਿਯੋਗ ਕਰਨ ਦੀ ਹਦਾਇਤ ਕੀਤੀ ਹੈ। ਜ਼ਮਾਨਤ ਮਿਲਣ ਤੋਂ ਬਾਅਦ ਮਜੀਠੀਆ ਨੇ ਇਸ ਨੂੰ ਸੱਚਾਈ ਦੀ ਜਿੱਤ ਆਖਿਆ ਹੈ। ਉਨ੍ਹਾਂ ਨੇ ਟਵੀਟ ਕਰਦੇ ਹੋਏ ਲਿਖਿਆ ਹੈ-ਮਾਣਯੋਗ ਅਦਾਲਤ ਵੱਲੋਂ ਜ਼ਮਾਨਤ ਮਿਲਣ ਨਾਲ, ਸੱਚ ਦੀ ਜਿੱਤ ਹੋਈ ਹੈ। ਸੱਚ ਨੂੰ ਚਾਹੇ ਕੁਝ ਸਮੇਂ ਲਈ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਸੱਚ ਨੂੰ ਹਰਾਇਆ ਨਹੀਂ ਜਾ ਸਕਦਾ। ਮਾਣਯੋਗ ਅਦਾਲਤ ਵੱਲੋਂ ਜ਼ਮਾਨਤ ਮਿਲਣ ਨਾਲ ਇੱਕ ਵਾਰ ਫਿਰ ਸੱਚਾਈ ਦੀ ਜਿੱਤ ਹੋਈ ਹੈ।

# ਅਮਰੀਕਾ 'ਚ ਕੋਕੀਨ ਅਤੇ ਡੋਡਿਆਂ ਸਣੇ 2 ਭਾਰਤੀ ਟਰੱਕ ਡਰਾਈਵਰ ਕਾਬੂ



ਮਿਸ਼ੀਗਨ : ਅਮਰੀਕਾ ਤੋਂ ਕੈਨੇਡਾ ਜਾ ਰਹੇ ਟਰੱਕ ਵਿਚੋਂ 60 ਕਿਲੋ ਕੋਕੀਨ ਬਰਾਮਦ ਕਰਦਿਆਂ 27 ਸਾਲ ਦੇ ਚੰਦਨ ਤਾਇਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਦਕਿ 40 ਸਾਲ ਦੇ ਵੈਭਵ ਸਕਸੈਨਾ ਕੋਲੋਂ 20 ਕਿਲੋ ਡੋਡੇ ਬਰਾਮਦ ਕੀਤੇ ਗਏ। ਚੰਦਨ ਤਾਇਲ ਦੀ ਗ੍ਰਿਫ਼ਤਾਰੀ ਬਲੂ ਵਾਟਰ ਬ੍ਰਿਜ 'ਤੇ ਅਮਰੀਕਾ ਵਾਲੇ ਪਾਸੇ ਹੋਏ ਜੋ ਵਿਸਕੌਨਸਿਨ ਤੋਂ ਬਰੈਂਪਟਨ ਵੱਲ ਚੀਜ਼ ਪਾਊਡਰ ਲੱਦ ਕੇ ਲਿਜਾ ਰਿਹਾ ਸੀ। ਮੈਰੀਜ਼ਵਿਲ ਪੁਲਿਸ ਦੇ ਕੇ-9 ਯੂਨਿਟ ਵੱਲੋਂ ਟਰੱਕ ਵਿਚ ਨਸ਼ੀਲੇ ਪਦਾਰਥ ਹੋਣ ਦੀ ਚਿਤਾਵਨੀ ਦਿਤੇ ਜਾਣ ਮਗਰੋਂ ਗੱਤੇ ਵਾਲੇ ਦੋ ਡੱਬਿਆਂ ਵਿਚੋਂ 55 ਪੈਕਟ ਕੋਕੀਨ ਬਰਾਮਦ ਕੀਤੀ ਗਈ।

**27 ਸਾਲ ਦੇ ਚੰਦਨ ਤਾਇਲ ਕੋਲੋਂ ਬਰਾਮਦ ਹੋਈ 60 ਕਿਲੋ ਅਫ਼ੀਮ**

ਪਹਿਲੇ ਡੱਬੇ ਵਿਚ 25 ਪੈਕਟ ਨਿਕਲੇ ਜਿਨ੍ਹਾਂ ਦਾ ਕੁਲ ਵਜ਼ਨ 27 ਕਿਲੋ ਦਰਜ ਕੀਤਾ ਗਿਆ ਜਦਕਿ ਦੂਜੇ ਡੱਬੇ ਵਿਚੋਂ 30 ਪੈਕਟ ਨਿਕਲੇ ਜਿਨ੍ਹਾਂ ਦਾ ਵਜ਼ਨ 33 ਕਿਲੋ ਦਰਜ ਕੀਤਾ ਗਿਆ। ਚੰਦਨ ਤਾਇਲ ਨੇ ਦਾਅਵਾ ਕੀਤਾ ਕਿ ਉਸ ਨੂੰ ਟਰੱਕ ਵਿਚ ਕੋਕੀਨ ਦੀ ਮੌਜੂਦਗੀ ਬਾਰੇ ਕੋਈ ਜਾਣਕਾਰੀ ਨਹੀਂ। ਮੈਰੀਜ਼ਵਿਲ ਪੁਲਿਸ ਨੇ ਦੱਸਿਆ ਕਿ ਚੰਦਲ ਤਾਇਲ ਨੂੰ ਪੜਤਾਲ ਮੁਕੰਮਲ ਹੋਣ ਤੱਕ ਸੇਂਟ ਕਲੇਅਰ ਕਾਊਂਟੀ ਦੀ ਜੇਲ ਵਿਚ ਰੱਖਿਆ ਗਿਆ ਹੈ। ਉਧਰ, ਕੈਨੇਡੀਅਨ ਸਿਟੀਜ਼ਨ ਵੈਭਵ ਸਕਸੈਨਾ ਨੂੰ ਵੀ ਸੇਂਟ ਕਲੇਅਰ ਕਾਊਂਟੀ ਵਿਚ ਹੀ ਕਾਬੂ ਕੀਤਾ ਗਿਆ ਅਤੇ ਦੋਸ਼ੀ ਠਹਿਰਾਏ ਜਾਣ 'ਤੇ 10 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ।

**40 ਸਾਲ ਦਾ ਵੈਭਵ ਸਕਸੈਨਾ 7 ਸਾਲ ਤੋਂ ਕਰ ਰਹੀ ਸੀ ਡੋਡਿਆਂ ਦੀ ਤਸਕਰੀ**

ਪੁੱਛ ਪੜਤਾਲ ਦੌਰਾਨ ਵੈਭਵ ਸਕਸੈਨਾ ਨੇ ਦੱਸਿਆ ਕਿ ਉਹ ਪਿਛਲੇ ਸੱਤ ਸਾਲ ਤੋਂ ਡੋਡਿਆਂ ਦੀ ਤਸਕਰੀ ਦਾ ਕੰਮ ਕਰ ਰਿਹਾ ਹੈ ਅਤੇ ਅੱਜ ਤੱਕ ਕਿਸੇ ਨੂੰ ਪਤਾ ਨਹੀਂ ਲੱਗਿਆ। ਸ਼ਿਪਮੈਂਟਸ ਰਿਕਾਰਡ ਤੋਂ ਵੀ ਸਪੱਸ਼ਟ ਹੋ ਗਿਆ ਕਿ ਜੁਲਾਈ 2025 ਮਗਰੋਂ ਵੈਭਵ ਸਕਸੈਨਾ ਨੇ ਪੋਰਟ ਹਿਊਰਨ ਦੇ ਪਤੇ 'ਤੇ ਸਪੇਨ ਤੋਂ 34 ਪਾਰਸਲ ਮੰਗਵਾਏ ਜਿਨ੍ਹਾਂ ਵਿਚ ਡੋਡੇ ਹੋਣ ਦਾ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ।

# ਪੰਜਾਬ 'ਚ ਸਮੇਂ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਹੋਣ ਦੀ ਚਰਚਾ!

ਚੰਡੀਗੜ੍ਹ: ਪੰਜਾਬ ਦੀ ਸਿਆਸਤ ਵਿੱਚ ਇਨ੍ਹਾਂ ਦਿਨਾਂ ਇੱਕ ਨਵੀਂ ਚਰਚਾ ਜ਼ੋਰਾਂ 'ਤੇ ਹੈ। ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਸਮੇਂ ਤੋਂ ਪਹਿਲਾਂ ਚੋਣਾਂ ਦੀ ਸੰਭਾਵਨਾ ਜਤਾਏ ਜਾਣ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਕਿਆਸਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਭਾਵੇਂ ਇਸ ਬਾਰੇ ਕੋਈ ਅਧਿਕਾਰਸ ਐਲਾਨ ਨਹੀਂ ਹੋਇਆ, ਪਰ ਜੇ ਕਿਸੇ ਕਾਰਨ ਨਵੰਬਰ 2026 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਹੋ ਜਾਂਦੀਆਂ ਹਨ ਤਾਂ ਸੂਬੇ ਦੀ ਸਿਆਸਤ ਵਿੱਚ ਕਈ ਦਿਲਚਸਪ ਸਮੀਕਰਨ ਦੇਖਣ ਨੂੰ ਮਿਲ ਸਕਦੇ ਹਨ।

2022 ਦੀਆਂ ਚੋਣਾਂ ਵਿੱਚ 92 ਸੀਟਾਂ ਜਿੱਤ ਕੇ ਇਤਿਹਾਸਕ ਬਹੁਮਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਲਈ ਇਹ ਚੋਣ ਸਰਕਾਰ ਦੀ ਕਾਰਗੁਜ਼ਾਰੀ ਲਈ ਇੱਕ ਰਾਇਸ਼ੁਮਾਰੀ ਸਾਬਤ ਹੋ ਸਕਦੀ ਹੈ। ਪਾਰਟੀ ਨਸ਼ਿਆਂ ਵਿਰੁੱਧ ਮੁਹਿੰਮ, ਮੁਫ਼ਤ ਬਿਜਲੀ, ਸਕੂਲਾਂ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਵਰਗੇ ਮੁੱਦਿਆਂ ਨੂੰ ਲੈ ਕੇ ਮੈਦਾਨ ਵਿੱਚ ਉਤਰ ਸਕਦੀ ਹੈ। ਦੂਜੇ ਪਾਸੇ ਵਿਰੋਧੀ ਧਿਰ ਬੇਰੁਜ਼ਗਾਰੀ, ਕਾਨੂੰਨ-ਵਿਵਸਥਾ, ਕਿਸਾਨੀ ਸੰਕਟ ਅਤੇ ਉਦਯੋਗਿਕ ਵਿਕਾਸ ਵਰਗੇ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕਰੇਗੀ। ਜੇ ਚੋਣਾਂ ਸਮੇਂ ਤੋਂ ਪਹਿਲਾਂ ਹੁੰਦੀਆਂ ਹਨ ਤਾਂ 'ਆਪ' ਇਸ ਨੂੰ ਆਪਣੇ ਹੱਕ ਵਿੱਚ ਬਣੇ ਮਾਹੌਲ ਨੂੰ ਕੈਸ਼ ਕਰਨ ਦੀ ਕੋਸ਼ਿਸ਼ ਵਜੋਂ ਵੀ ਪੇਸ਼ ਕਰ ਸਕਦੀ ਹੈ। ਪੰਜਾਬ ਕਾਂਗਰਸ ਪਿਛਲੀਆਂ ਚੋਣਾਂ ਵਿੱਚ ਵੱਡੀ ਹਾਰ ਤੋਂ ਬਾਅਦ ਹਾਲੇ ਵੀ ਆਪਣੇ ਆਪ ਨੂੰ ਮੁੜ ਸੰਗਠਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜੇ ਪਾਰਟੀ ਅੰਦਰੂਨੀ ਗੁੱਟਬਾਜ਼ੀ 'ਤੇ ਕਾਬੂ ਪਾ ਲੈਂਦੀ ਹੈ ਅਤੇ ਇੱਕਜੁੱਟ ਹੋ ਕੇ ਚੋਣ ਮੈਦਾਨ ਵਿੱਚ ਉਤਰਦੀ ਹੈ ਤਾਂ ਉਹ 'ਆਪ' ਦੇ ਵਿਰੁੱਧ ਮੁੱਖ ਚੁਣੌਤੀ ਬਣ ਸਕਦੀ ਹੈ। ਕਾਂਗਰਸ ਦਾ ਰਵਾਇਤੀ ਪੇਂਡੂ ਅਤੇ ਸ਼ਹਿਰੀ ਵੋਟ ਬੈਂਕ ਹਾਲੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਜੇ ਪਾਰਟੀ ਸਥਾਨਕ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਂਦੀ ਹੈ ਤਾਂ ਉਹ ਕਈ ਸੀਟਾਂ 'ਤੇ ਮਜ਼ਬੂਤ ਵਾਪਸੀ ਕਰ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਲਈ ਆਉਣ ਵਾਲੀ ਕੋਈ ਵੀ ਚੋਣ ਬਹੁਤ ਮਹੱਤਵਪੂਰਨ ਹੋਵੇਗੀ। ਪਿਛਲੇ ਕੁਝ ਸਾਲਾਂ ਵਿੱਚ ਪਾਰਟੀ ਦਾ ਸਿਆਸੀ ਆਧਾਰ ਕਾਫ਼ੀ ਕਮਜ਼ੋਰ ਹੋਇਆ ਹੈ। ਅਕਾਲੀ ਦਲ ਸਿੱਖ ਧਾਰਮਿਕ ਮੁੱਦਿਆਂ, ਕਿਸਾਨਾਂ ਦੇ ਹਿੱਤਾਂ ਅਤੇ ਪੰਜਾਬ ਦੇ ਹੱਕਾਂ ਨੂੰ ਚੋਣ ਮੁੱਦਾ ਬਣਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਜੇ ਪਾਰਟੀ ਆਪਣਾ ਰਵਾਇਤੀ ਪੇਂਡੂ ਅਤੇ ਪੰਥਕ ਵੋਟ ਬੈਂਕ ਮੁੜ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਰਹਿੰਦੀ ਹੈ ਤਾਂ ਉਹ ਕਈ ਹਲਕਿਆਂ ਵਿੱਚ ਮੁਕਾਬਲੇ ਨੂੰ ਤਿਕੋਣਾ ਬਣਾ ਸਕਦੀ ਹੈ। ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਆਪਣੇ ਪੈਰ ਮਜ਼ਬੂਤ ਕਰਨ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਅਕਾਲੀ ਦਲ ਨਾਲ ਗਠਜੋੜ ਟੁੱਟਣ ਤੋਂ ਬਾਅਦ ਭਾਜਪਾ ਆਪਣੇ ਬਲਬੂਤੇ ਸਿਆਸੀ ਆਧਾਰ ਬਣਾਉਣ ਵਿੱਚ ਲੱਗੀ ਹੋਈ ਹੈ।

ਸ਼ਹਿਰੀ ਖੇਤਰਾਂ, ਵਪਾਰੀ ਵਰਗ ਅਤੇ ਹਿੰਦੂ ਵੋਟਰਾਂ ਵਿੱਚ ਭਾਜਪਾ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰੇਗੀ। ਜੇ ਪਾਰਟੀ ਨੂੰ ਕੋਈ ਪ੍ਰਭਾਵਸ਼ਾਲੀ ਸਥਾਨਕ ਚਿਹਰਾ ਮਿਲ ਜਾਂਦਾ ਹੈ ਤਾਂ ਉਹ ਕਈ ਸ਼ਹਿਰੀ ਸੀਟਾਂ 'ਤੇ ਆਪਣੀ ਸਥਿਤੀ ਮਜ਼ਬੂਤ ਕਰ ਸਕਦੀ ਹੈ। ਪੰਜਾਬ ਦੀ ਸਿਆਸਤ ਵਿੱਚ ਕਿਸਾਨ ਅਤੇ ਨੌਜਵਾਨ ਹਮੇਸ਼ਾ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਨਸ਼ਿਆਂ ਦਾ ਮੁੱਦਾ, ਰੁਜ਼ਗਾਰ, ਵਿਦੇਸ਼ਾਂ ਵੱਲ ਵਧਦਾ ਰੁਝਾਨ, ਖੇਤੀ ਦੀ ਲਾਗਤ ਅਤੇ ਘੱਟ ਆਮਦਨ ਵਰਗੇ ਮੁੱਦੇ ਚੋਣਾਂ ਵਿੱਚ ਅਹਿਮ ਰਹਿਣਗੇ। ਜਿਹੜੀ ਪਾਰਟੀ ਇਨ੍ਹਾਂ ਵਰਗਾਂ ਨੂੰ ਆਪਣੇ ਪੱਖ ਵਿੱਚ ਕਰਨ ਵਿੱਚ ਸਫ਼ਲ ਰਹੇਗੀ, ਉਸ ਨੂੰ ਵੱਡਾ ਸਿਆਸੀ ਲਾਭ ਮਿਲ ਸਕਦਾ ਹੈ। ਬਹੁਜਨ ਸਮਾਜ ਪਾਰਟੀ, ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਆਜ਼ਾਦ ਉਮੀਦਵਾਰ ਵੀ ਕੁਝ ਹਲਕਿਆਂ ਵਿੱਚ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।













# ਅਮਰੀਕਾ ਨੇ UFO ਨਾਲ ਜੁੜੀਆਂ ਨਵੀਆਂ ਵੀਡੀਓ ਕੀਤੀਆਂ ਜਨਤਕ

## ਹੁਣ ਸੁਲਝਣਗੀਆਂ ਪਹੇਲੀਆਂ

ਵਾਸ਼ਿੰਗਟਨ: ਅਮਰੀਕੀ ਰੱਖਿਆ ਵਿਭਾਗ ਨੇ ਅਣਪਛਾਤੀਆਂ ਉੱਡਣ ਖਟੋਲਿਆਂ (UFO/UAP) ਨਾਲ ਜੁੜੀ ਜਾਣਕਾਰੀ ਲੋਕਾਂ ਸਾਹਮਣੇ ਲਿਆਉਣ ਦੀ ਮੁਹਿੰਮ ਤਹਿਤ ਨਵਾਂ ਡਾਟਾ ਜਾਰੀ ਕੀਤਾ ਹੈ। ਇਸ ਵਾਰ ਚਾਰ ਨਵੇਂ ਵੀਡੀਓ ਅਤੇ ਕੁੱਲ 72 ਫਾਈਲਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਅਸਮਾਨ ਵਿੱਚ ਦਿਖੀਆਂ ਰਹੱਸਮਈ ਚਮਕਦਾਰ ਵਸਤੂਆਂ ਦੇ ਵੇਰਵੇ ਸ਼ਾਮਲ ਹਨ। ਇਹ ਅਜਿਹੀ ਜਾਣਕਾਰੀ ਜਨਤਕ ਕਰਨ ਦੀ ਤੀਜੀ ਵੱਡੀ ਕਿਸ਼ਤ ਦੱਸੀ ਜਾ ਰਹੀ ਹੈ। ਅਮਰੀਕੀ ਪ੍ਰਸ਼ਾਸਨ ਵੱਲੋਂ ਪਹਿਲਾਂ ਇਹ ਵੀ ਕਿਹਾ ਗਿਆ ਸੀ ਕਿ ਸਰਕਾਰ ਕੋਲ ਮੌਜੂਦ UFO ਨਾਲ ਜੁੜੀ ਜਾਣਕਾਰੀ ਨੂੰ ਵੱਧ ਤੋਂ ਵੱਧ ਜਨਤਕ ਕੀਤਾ ਜਾਵੇ।

**ਵੀਡੀਓ 'ਚ ਦਿਖੇ ਚਮਕਦਾਰ ਗੋਲੇ, ਪਰ ਕੋਈ ਪੱਕਾ ਨਤੀਜਾ ਨਹੀਂ**

ਜਾਰੀ ਕੀਤੀ ਸਮੱਗਰੀ ਵਿੱਚ CIA, FBI, NASA, ਰੱਖਿਆ ਵਿਭਾਗ ਅਤੇ ਹੋਰ ਸਰਕਾਰੀ ਏਜੰਸੀਆਂ ਦੇ ਦਸਤਾਵੇਜ਼ ਸ਼ਾਮਲ ਹਨ। ਇਸ ਵਿੱਚ ਦਰਜਨਾਂ ਦਸਤਾਵੇਜ਼ਾਂ ਦੇ ਨਾਲ ਤਸਵੀਰਾਂ, ਵੀਡੀਓ ਅਤੇ ਆਡੀਓ ਰਿਕਾਰਡਿੰਗ ਵੀ ਸ਼ਾਮਲ ਹਨ। ਕੁਝ ਵੀਡੀਓ ਵਿੱਚ ਰਾਤ ਦੇ ਅਸਮਾਨ ਵਿੱਚ ਚਮਕਦੇ ਗੋਲੇ ਨਜ਼ਰ ਆਉਂਦੇ ਹਨ, ਜਿਨ੍ਹਾਂ ਬਾਰੇ ਗਵਾਹਾਂ ਨੇ ਦਾਅਵਾ ਕੀਤਾ ਕਿ ਇਹ ਬਿਨਾਂ ਆਵਾਜ਼ ਦੇ ਹਿਲ ਰਹੇ ਸਨ ਅਤੇ ਇੱਕੋ ਦਿਸ਼ਾ ਵਿੱਚ ਇਕੱਠੇ ਚੱਲਦੇ ਦਿਖਾਈ ਦਿੱਤੇ।

ਕੁਝ ਰਿਪੋਰਟਾਂ ਵਿੱਚ ਅਜਿਹੀਆਂ ਚਮਕਦਾਰ ਵਸਤੂਆਂ ਦਾ ਵੀ ਜ਼ਿਕਰ ਹੈ ਜੋ ਇੱਕ ਥਾਂ ਉੱਤੇ ਲੰਬੇ ਸਮੇਂ ਲਈ ਟਿਕੀਆਂ ਰਹੀਆਂ ਅਤੇ ਬਾਅਦ ਵਿੱਚ ਆਪਣਾ ਆਕਾਰ ਬਦਲਦੀਆਂ ਜਾਂ ਗਾਇਬ ਹੁੰਦੀਆਂ ਦਿਖਾਈ ਦਿੱਤੀਆਂ।

**ਸਰਕਾਰ ਨੇ ਕਿਹਾ 'ਮਾਮਲੇ ਅਜੇ ਵੀ ਅਣਸੁਲਝੇ'**

ਅਮਰੀਕੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਜਾਰੀ ਕੀਤੇ ਗਏ ਮਾਮਲਿਆਂ ਵਿੱਚੋਂ ਕਈ ਅਜੇ ਵੀ ਅਣਸੁਲਝੇ ਹਨ। ਮੌਜੂਦਾ ਜਾਣਕਾਰੀ ਦੇ ਆਧਾਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਘਟਨਾਵਾਂ ਕਿਸ ਕਾਰਨ ਹੋਈਆਂ। ਸਰਕਾਰ ਦਾ ਕਹਿਣਾ ਹੈ ਕਿ ਜਾਂਚ ਦਾ ਮਕਸਦ ਘਟਨਾਵਾਂ ਨੂੰ ਸਮਝਣਾ ਹੈ, ਨਾ ਕਿ ਕਿਸੇ ਖਾਸ ਨਤੀਜੇ 'ਤੇ ਪਹੁੰਚਣਾ। ਹੁਣ ਤੱਕ ਜਾਰੀ ਕਿਸੇ ਵੀ ਦਸਤਾਵੇਜ਼ ਵਿੱਚ ਧਰਤੀ ਤੋਂ ਬਾਹਰ ਜੀਵਨ ਜਾਂ ਏਲੀਅਨ ਮੌਜੂਦਗੀ ਦਾ ਪੱਕਾ ਸਬੂਤ ਸਾਹਮਣੇ ਨਹੀਂ ਆਇਆ।

# ਬਗੈਰ ਛੱਤ ਤੋਂ ਸੜਕ ਕਿਨਾਰੇ ਰਾਤਾਂ ਕੱਟ ਰਹੇ ਬੇਘਰ ਮਰੀਜ਼ ਦਾ ਸਹਾਰਾ ਬਣਿਆ ਸਰਾਭਾ ਆਸ਼ਰਮ



ਕੁੱਝ ਦਿਨਾਂ ਦੀ ਗੱਲ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਗਿੱਲ ਰੋਡ 'ਤੇ ਬਣੇ ਅਰੋੜਾ ਪੈਲੇਸ ਦੇ ਨਜ਼ਦੀਕ ਸ਼ਮਸ਼ਾਨ ਘਾਟ ਕੋਲ ਪੈਂਦੇ ਪਾਰਕ ਦੇ ਬਾਹਰ ਇੱਕ ਲਾਵਾਰਸ ਹਾਲਤ ਵਿੱਚ ਬਿਮਾਰ ਬਜ਼ੁਰਗ ਪਿਆ ਸੀ। ਉਸਦੇ ਪਾਏ ਮੈਲੇ-ਕੁਚੈਲੇ ਕੱਪੜੇ, ਕੰਬਦੇ ਹੱਥ, ਢਿੱਡੋਂ ਭੁੱਖਾ ਇੰਝ ਲੱਗਦਾ ਸੀ ਜਿਵੇਂ ਮੌਤ ਨੂੰ ਉਡੀਕ ਰਿਹਾ ਹੋਵੇ। ਆਪਣੀ ਡਿਊਟੀ ਕਰਨ ਜਾ ਰਹੇ ਗਗਨਜੋਤ ਸਿੰਘ ਨਾਮ ਦੇ ਵਿਆਕਤੀ ਨੇ ਇਸ ਬਜ਼ੁਰਗ ਨੂੰ ਦੇਖਿਆ। ਜਦੋਂ ਉਸਨੇ ਬਜ਼ੁਰਗ ਨਾਲ ਗੱਲ-ਬਾਤ ਕੀਤੀ ਤਾਂ ਉਸ ਬਜ਼ੁਰਗ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਬਜ਼ੁਰਗ ਨੇ ਦੱਸਿਆ ਕਿ ਮੇਰਾ ਨਾਂ ਕੇਵਲ ਕ੍ਰਿਸ਼ਨ ਹੈ, ਉਮਰ 52 ਕੁ ਸਾਲ ਹੈ । ਮੈਂ, ਮੇਰੀ ਪਤਨੀ ਅਤੇ ਬੇਟਾ ਮਜ਼ਦੂਰੀ ਕਰਕੇ ਕਿਰਾਏ ਦੇ ਮਕਾਨ ਵਿੱਚ ਰਹਿੰਦਿਆਂ ਆਪਣਾ ਗੁਜ਼ਾਰ ਕਰ ਰਹੇ ਸੀ । ਬੇਟੀ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ ਜਿਸ ਕਰਕੇ ਉਹ ਘਰ ਹੀ ਰਹਿੰਦੀ ਸੀ । ਪਰ ਵਕਤ ਦੀ ਅਜਿਹੀ ਮਾਰ ਪਈ ਕਿ ਪਹਿਲਾਂ ਬੇਟੀ ਪੂਰੀ ਹੋ ਗਈ ਫਿਰ ਦੋ ਸਾਲ ਬਾਅਦ ਪਤਨੀ ਦੀ ਮੌਤ ਹੋ ਗਈ ਅਤੇ 7-8 ਮਹੀਨੇ ਪਹਿਲਾਂ ਬੇਟੇ ਦੀ ਮੌਤ ਹੋ ਗਈ । ਫਿਰ ਤਾਂ ਮੈਂ ਟੁੱਟ ਹੀ ਗਿਆ, ਕੰਮ-ਕਾਜ ਵੀ ਛੁੱਟ ਗਿਆ, ਮਕਾਨ ਦਾ ਕਿਰਾਇਆ ਤੇ ਗੁਜ਼ਾਰਾ ਵੀ ਮੁਸ਼ਕਿਲ ਹੋ ਗਿਆ । ਅਖੀਰ ਮੈਂ ਸੜਕਾਂ 'ਤੇ ਰਹਿਣ ਲੱਗ ਪਿਆ । ਕਦੇ ਕੋਈ ਰੋਟੀ ਦੇ ਦਿੰਦਾ ਤਾਂ ਖਾ ਲੈਂਦਾ, ਨਹੀ ਤਾਂ ਭੁੱਖਾ ਹੀ ਪਿਆ ਰਹਿੰਦਾ । ਇੱਕ ਦਿਨ ਸੜਕ ਪਾਰ ਕਰਨ ਲੱਗਿਆ, ਤਾਂ ਆਟੋ ਵਾਲਾ ਸਾਇਡ ਮਾਰ ਗਿਆ ਅਤੇ ਲੱਤ 'ਤੇ ਸੱਟ ਲੱਗ ਗਈ ਜਿਸ ਨਾਲ ਤੁਰਨਾ-ਫਿਰਨਾ ਵੀ ਮੁਸ਼ਕਿਲ ਹੋ ਗਿਆ।

ਕੇਵਲ ਕ੍ਰਿਸ਼ਨ ਬਜ਼ੁਰਗ ਦੀ ਦੁੱਖਾਂ ਭਰੀ ਦਾਸਤਾਨ ਸੁਣਕੇ ਗਗਨਜੋਤ ਸਿੰਘ ਵੱਲੋਂ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਫੋਨ ਕਰਕੇ ਸਾਰੀ ਕਹਾਣੀ ਦੱਸੀ ਗਈ ਤਾਂ ਆਸ਼ਰਮ ਦੇ ਸੇਵਾਦਾਰਾਂ ਵੱਲੋਂ ਬਜ਼ੁਰਗ ਕੇਵਲ ਕ੍ਰਿਸ਼ਨ ਨੂੰ ਆਸ਼ਰਮ ਵਿੱਚ ਲਿਆਂਦਾ ਗਿਆ। ਇੱਥੇ ਇਸਨੂੰ ਲੋੜੀਂਦੀ ਮੈਡੀਕਲ ਸਹੂਲਤ, ਮੰਜਾ- ਬਿਸਤਰਾ ਅਤੇ ਹੋਰ ਜ਼ਰੂਰਤ ਦਾ ਸਮਾਨ ਵੀ ਦਿੱਤਾ ਗਿਆ । ਇਸਦਾ ਇਲਾਜ਼ ਵੀ ਸ਼ੁਰੂ ਹੋ ਗਿਆ ਹੈ । ਉਮੀਦ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਠੀਕ ਹੋ ਕੇ ਆਪਣੀ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰ ਸਕੇਗਾ। ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ ਪੰਤਾਲੀ (245) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲੈਣ ਲਈ ਮੋਬਾਇਲ 95018-42505, ਵੱਟਸਐਪ 95018-42506 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## Name Change

I, Jaspreet Singh S/o Balraj Singh, holder of Indian Passport No. P6358921 issued at Amritsar on 21/03/2017, permanent resident of village Chak Gandha Singh Wala, PO. Bariwala, Sri Muktsar Sahib, Punjab, 152025, India. And presently residing at 53 Purple Sage Dr., Brampton, ON. L6P4P4, Canada, do hereby change my name from Jaspreet Singh to Jaspreet Singh Brar with immediate effect.

LEGAL SERVICES & IMMIGRATION MATTERS

ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8

Mississauga: 7035 Maxwell Rd., Suite# 203, Mississauga, ON L5S 1R5

PUNJAB STAR TV

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

IPTV
Roku
eBaba Ent
webtv

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

YUPPTV
GET IT ON Google Play
Shava tv
jadoo tv
Cruze tv
amazon fireTV

NOW WIDELY AVAILABLE IN AMERICA & CANADA
For informatin call Lakhwinder Sandhu
905-673-7666

# SC ਕਮਿਸ਼ਨ ਅੱਗੇ ਅੱਜ ਵੀ ਪੇਸ਼ ਨਹੀਂ ਹੋਏ ਰਵਨੀਤ ਬਿੱਟੂ

### ਵਕੀਲਾਂ ਨੇ ਰੱਖਿਆ ਪੱਖ, ਹੁਣ 24 ਜੂਨ ਨੂੰ ਪੇਸ਼ ਹੋਣ ਦੇ ਹੁਕਮ



ਕੇਂਦਰੀ ਰਾਜ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਰਵਨੀਤ ਸਿੰਘ ਬਿੱਟੂ ਨੂੰ ਅੱਜ ਪੰਜਾਬ SC ਕਮਿਸ਼ਨ ਵੱਲੋਂ ਤਲਬ ਕੀਤਾ ਗਿਆ ਸੀ, ਹਾਲਾਂਕਿ ਉਹ ਅੱਜ ਵੀ SC ਕਮਿਸ਼ਨ ਅੱਗੇ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋਏ। ਮਾਮਲੇ ਸਬੰਧੀ ਉਨ੍ਹਾਂ ਦੇ ਵਕੀਲਾਂ ਵੱਲੋਂ SC ਕਮਿਸ਼ਨ ਅੱਗੇ ਪੱਖ ਰੱਖਿਆ ਗਿਆ। ਵਕੀਲਾਂ ਨੇ ਦੱਸਿਆ ਕਿ ਵਿਭਾਗੀ ਕੰਮ ਹੋਣ ਕਾਰਨ ਰਵਨੀਤ ਸਿੰਘ ਬਿੱਟੂ ਅੱਜ ਪੇਸ਼ ਨਹੀਂ ਹੋ ਸਕੇ। SC ਕਮਿਸ਼ਨ ਨੇ ਹੁਣ ਰਵਨੀਤ ਬਿੱਟੂ ਨੂੰ 24 ਜੂਨ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਮਾਮਲਾ 26 ਮਈ ਦਾ ਹੈ ਜਦੋਂ ਨਗਰ ਨਿਗਮ ਚੋਣਾਂ ਦੌਰਾਨ ਵੋਟਿੰਗ ਚੱਲ ਰਹੀ ਸੀ। ਇਸ ਦੌਰਾਨ ਭਾਜਪਾ ਨੇਤਾ ਓਂਕਾਰ ਸਿੰਘ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਸੀ। ਇਸ ਦੀ ਸੂਚਨਾ ਮਿਲਣ ਤੋਂ ਬਾਅਦ ਰਵਨੀਤ ਬਿੱਟੂ ਧੂਰੀ ਪਹੁੰਚੇ ਸਨ।

ਉਨ੍ਹਾਂ ਦੀ ਪੁਲਿਸ ਨਾਲ ਬਹਿਸ ਹੋ ਗਈ ਸੀ ਤੇ ਉਨ੍ਹਾਂ ਨੇ ਮੁਲਾਜ਼ਮ ਨੂੰ ਜਾਤੀਸੂਚਕ ਸ਼ਬਦ ਕਹੇ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਸੀ। ਇਸ ਦੇ ਬਾਅਦ ਪੰਜਾਬ ਐੱਸਸੀ ਕਮਿਸ਼ਨ ਨੇ ਇਸ ਦਾ ਨੋਟਿਸ ਲੈਂਦੇ ਹੋਏ ਬਿੱਟੂ ਨੂੰ ਤਲਬ ਕੀਤਾ ਤੇ ਸੰਗਰੂਰ ਪੁਲਿਸ ਤੋਂ ਰਿਪੋਰਟ ਵੀ ਮੰਗੀ ਸੀ । ਹਾਲਾਂਕਿ ਬਿੱਟੂ ਨੇ ਆਪਣੇ ਸ਼ਬਦਾਂ ਲਈ ਜਨਤਕ ਤੌਰ ਤੋਂ ਮਾਫੀ ਮੰਗੀ ਸੀ ਤੇ ਦੂਜੇ ਪਾਸੇ ਸੰਗਰੂਰ ਪੁਲਿਸ ਵੱਲੋਂ ਵੀ ਰਿਪੋਰਟ ਪੇਸ਼ ਕਰ ਦਿੱਤੀ ਗਈ।

# ਸਾਰੇ ਸਿੱਖ ਵਿਧਾਇਕ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ



ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੀ ਸਿਆਸਤ ਨਾਲ ਜੁੜਿਆ ਇੱਕ ਵੱਡਾ ਅਤੇ ਅਹਿਮ ਫ਼ੈਸਲਾ ਲਿਆ ਗਿਆ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ''ਗੁਰੂ ਧਰੋਹੀ'' ਅਤੇ ''ਖਾਲਸਾ ਪੰਥ ਵਿਰੋਧੀ'' ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਦੇ ਸਾਰੇ ਸਿੱਖ ਵਿਧਾਇਕਾਂ ਨੂੰ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਹ ਫ਼ੈਸਲਾ ਉਸ ਕਥਿਤ ਵਾਇਰਲ ਵੀਡੀਓ ਦੇ ਮਾਮਲੇ ਵਿੱਚ ਲਿਆ ਗਿਆ ਹੈ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਇੱਕ ਗਿਲਾਸ ਹੱਥ ਵਿੱਚ ਫੜੇ ਹੋਏ ਨਜ਼ਰ ਆ ਰਹੇ ਹਨ ਅਤੇ ਪਿੱਛੇ ਸਿੱਖ ਗੁਰੂ ਸਾਹਿਬਾਨ ਅਤੇ ਹੋਰ ਧਾਰਮਿਕ ਸ਼ਖਸੀਅਤਾਂ ਦੀਆਂ ਤਸਵੀਰਾਂ ਦਿਖਾਈ ਦੇ ਰਹੀਆਂ ਹਨ। ਸਿੱਖ ਜਥੇਬੰਦੀਆਂ ਅਤੇ ਕਈ ਧਾਰਮਿਕ ਆਗੂਆਂ ਨੇ ਇਸ ਵੀਡੀਓ ਨੂੰ ਸਿੱਖ ਮਰਿਆਦਾ ਦੇ ਉਲਟ ਦੱਸਦਿਆਂ ਗੰਭੀਰ ਇਤਰਾਜ਼ ਜਤਾਇਆ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦੌਰਾਨ ਇਸ ਵੀਡੀਓ ਦੀ ਫੋਰੈਂਸਿਕ ਜਾਂਚ ਰਿਪੋਰਟ ਪੜ੍ਹ ਕੇ ਸੁਣਾਈ ਗਈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਵੀਡੀਓ ਦੀ ਜਾਂਚ ਭਾਰਤ ਦੀਆਂ ਦੋ ਨਾਮੀ ਫੋਰੈਂਸਿਕ ਲੈਬਾਂ ਤੋਂ ਕਰਵਾਈ ਗਈ ਸੀ। ਉਨ੍ਹਾਂ ਕਿਹਾ ਕਿ ਜਾਂਚ ਰਿਪੋਰਟ ਅਨੁਸਾਰ ਇਹ ਵੀਡੀਓ ਨਾ ਤਾਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਅੀ) ਰਾਹੀਂ ਬਣਾਈ ਗਈ ਹੈ ਅਤੇ ਨਾ ਹੀ ਇਸ ਵਿੱਚ ਕਿਸੇ ਤਰ੍ਹਾਂ ਦੀ ਐਡਿਟਿੰਗ ਜਾਂ ਛੇੜਛਾੜ ਕੀਤੀ ਗਈ ਹੈ। ਰਿਪੋਰਟ ਮੁਤਾਬਕ ਵੀਡੀਓ ਅਸਲੀ ਹੈ।

ਜਥੇਦਾਰ ਨੇ ਕਿਹਾ ਕਿ ਵੀਡੀਓ ਦੀ ਸੱਚਾਈ ਸਾਹਮਣੇ ਆਉਣ ਤੋਂ ਬਾਅਦ ਸਿੱਖ ਸੰਗਤ ਵੱਲੋਂ ਕਾਰਵਾਈ ਦੀ ਮੰਗ ਕੀਤੀ ਗਈ ਸੀ, ਜਿਸ ਉਪਰੰਤ ਪੰਜ ਸਿੰਘ ਸਾਹਿਬਾਨ ਨੇ ਵਿਚਾਰ-ਵਟਾਂਦਰਾ ਕਰਕੇ ਇਹ ਫ਼ੈਸਲਾ ਲਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਐਲਾਨ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੁਰੂ ਧਰੋਹੀ ਅਤੇ ਖਾਲਸਾ ਪੰਥ ਵਿਰੋਧੀ ਕਰਾਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਭਗਵੰਤ ਮਾਨ ਨਾਲ ਕਿਸੇ ਤਰ੍ਹਾਂ ਦਾ ਸਮਾਜਿਕ ਜਾਂ ਧਾਰਮਿਕ ਸਬੰਧ ਨਹੀਂ ਰੱਖਣਾ ਚਾਹੀਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਮ ਆਦਮੀ ਪਾਰਟੀ ਦੇ ਸਾਰੇ ਸਿੱਖ ਵਿਧਾਇਕਾਂ ਨੂੰ ਵੀ 29 ਜੂਨ ਨੂੰ ਪੇਸ਼ ਹੋਣ ਲਈ ਕਿਹਾ ਹੈ। ਇਹ ਤਲਬੀ ਉਸ ਬੇਅਦਬੀ ਰੋਕੂ ਕਾਨੂੰਨ ਨਾਲ ਜੋੜੀ ਜਾ ਰਹੀ ਹੈ, ਜਿਸ ਨੂੰ ਅਕਾਲ ਤਖ਼ਤ ਵੱਲੋਂ ਸਿੱਖ ਸਿਧਾਂਤਾਂ ਅਤੇ ਪੰਥਕ ਰਵਾਇਤਾਂ ਦੇ ਉਲਟ ਦੱਸਿਆ ਗਿਆ ਹੈ। ਜਥੇਦਾਰ ਨੇ ਕਿਹਾ ਕਿ ਵਿਧਾਇਕਾਂ ਨੂੰ ਆਪਣਾ ਪੱਖ ਸਪੱਸ਼ਟ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਹਾਜ਼ਰ ਹੋਣਾ ਪਵੇਗਾ।

ਇਹ ਵਿਵਾਦ ਪਹਿਲੀ ਵਾਰ ਅਕਤੂਬਰ 2025 ਵਿੱਚ ਸਾਹਮਣੇ ਆਇਆ ਸੀ, ਜਦੋਂ ਇੱਕ ਐਨਆਰਆਈ ਜਗਮਨ ਸਮਰਾ ਨੇ ਸੋਸ਼ਲ ਮੀਡੀਆ ਉੱਤੇ ਇਹ ਵੀਡੀਓ ਜਾਰੀ ਕੀਤੀ ਸੀ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਨੂੰ ਗੁਰੂ ਸਾਹਿਬਾਨ ਦਾ ਅਪਮਾਨ ਦੱਸਿਆ ਸੀ ਅਤੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਸੀ।

ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਸ਼ੁਰੂ ਵਿੱਚ ਇਸ ਵੀਡੀਓ ਨੂੰ ਫ਼ਰਜ਼ੀ ਦੱਸਦਿਆਂ ਕਿਹਾ ਸੀ ਕਿ ਇਹ ਅੀ ਅਤੇ ਡੀਪਫੇਕ ਤਕਨੀਕ ਦੀ ਮਦਦ ਨਾਲ ਤਿਆਰ ਕੀਤੀ ਗਈ ਹੈ। ਪਾਰਟੀ ਦਾ ਦਾਅਵਾ ਸੀ ਕਿ ਮੁੱਖ ਮੰਤਰੀ ਦਾ ਅਕਸ ਖ਼ਰਾਬ ਕਰਨ ਲਈ ਇਹ ਵੀਡੀਓ ਫੈਲਾਈ ਗਈ। ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਹਿਲਾਂ ਵੀ ਤਲਬ ਕੀਤਾ ਗਿਆ ਸੀ। 15 ਜਨਵਰੀ ਨੂੰ ਉਹ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣਾ ਪੱਖ ਰੱਖਿਆ ਸੀ।

ਉਸ ਸਮੇਂ ਮੁੱਖ ਮੰਤਰੀ ਨੇ ਕਿਹਾ ਸੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦੇ ਹਨ ਅਤੇ ਇਸ ਨੂੰ ਚੁਣੌਤੀ ਦੇਣ ਬਾਰੇ ਸੋਚ ਵੀ ਨਹੀਂ ਸਕਦੇ। ਉਸ ਵੇਲੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਸੀ ਕਿ ਮੁੱਖ ਮੰਤਰੀ ਨੇ ਮੰਨਿਆ ਹੈ ਕਿ ਉਨ੍ਹਾਂ ਨੂੰ ਸਿੱਖ ਮਰਿਆਦਾ ਅਤੇ ਸਿਧਾਂਤਾਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਅਤੇ ਭਵਿੱਖ ਵਿੱਚ ਅਜਿਹੇ ਵਿਵਾਦਾਂ ਤੋਂ ਬਚਣ ਦੀ ਸਲਾਹ ਦਿੱਤੀ ਗਈ ਸੀ। ਆਮ ਆਦਮੀ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਨੇ ਕਿਹਾ ਹੈ ਕਿ ਜੇ ਇਹ ਮੰਨ ਵੀ ਲਿਆ ਜਾਵੇ ਕਿ ਵੀਡੀਓ ਅਸਲੀ ਹੈ, ਤਾਂ ਵੀ ਇਹ ਸਾਬਤ ਨਹੀਂ ਹੁੰਦਾ ਕਿ ਵੀਡੀਓ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਭਗਵੰਤ ਮਾਨ ਹੀ ਹਨ। ਪਾਰਟੀ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਅਜੇ ਵੀ ਕਈ ਸਵਾਲਾਂ ਦੇ ਜਵਾਬ ਮਿਲਣੇ ਬਾਕੀ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਫ਼ੈਸਲੇ ਤੋਂ ਬਾਅਦ ਪੰਜਾਬ ਦੇ ਧਾਰਮਿਕ ਅਤੇ ਸਿਆਸੀ ਹਲਕਿਆਂ ਵਿੱਚ ਵੱਡੀ ਚਰਚਾ ਛਿੜ ਗਈ ਹੈ। ਹੁਣ ਸਭ ਦੀਆਂ ਨਜ਼ਰਾਂ 29 ਜੂਨ ਉੱਤੇ ਟਿਕੀਆਂ ਹੋਈਆਂ ਹਨ, ਜਦੋਂ ਪੰਜਾਬ ਵਿਧਾਨ ਸਭਾ ਦੇ ਸਿੱਖ ਵਿਧਾਇਕ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਗੇ ਅਤੇ ਇਸ ਮਾਮਲੇ ਵਿੱਚ ਅਗਲਾ ਪੰਥਕ ਰੁਖ ਸਪੱਸ਼ਟ ਹੋ ਸਕੇਗਾ।

# ਕਾਂਗਰਸ ਦੀ ਜਿੱਤ 'ਤੇ ਰੰਧਾਵਾ ਨੇ ਕਿਹਾ-

## 'ਮਝੈਲਾਂ ਨੇ ਢਹਿ ਦਿੱਤਾ ਭਾਜਪਾ ਦਾ ਕਿਲ੍ਹਾ'

ਗੁਰਦਾਸਪੁਰ: ਮਾਝਾ ਖੇਤਰ ਵਿੱਚ ਨਗਰ ਕੌਂਸਲ ਚੋਣਾਂ ਵਿੱਚ ਕਾਂਗਰਸ ਦੀ ਸ਼ਾਨਦਾਰ ਜਿੱਤ 'ਤੇ ਸੀਨੀਅਰ ਕਾਂਗਰਸੀ ਆਗੂ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ 2027 ਦੀ ਲੜਾਈ ਦਾ ਇਹ ਸਿਰਫ਼ ਇੱਕ ਟ੍ਰੇਲਰ ਹੈ। ਪੂਰੀ ਫ਼ਿਲਮ ਹਾਲੇ ਬਾਕੀ ਹੈ। ਉਨ੍ਹਾਂ ਕਿਹਾ ਕਿ ਮਾਝੇ ਦੇ ਲੋਕਾਂ ਨੇ ਗੁਰਦਾਸਪੁਰ ਵਿੱਚ ਨਾ ਸਿਰਫ਼ ਭਾਜਪਾ ਦੇ ਸ਼ਹਿਰੀ ਕਿਲ੍ਹੇ ਨੂੰ ਢਾਹਿਆ ਹੈ, ਸਗੋਂ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੰਕਾਰ ਨੂੰ ਵੀ ਤੋੜਿਆ ਹੈ। ਲੋਕਾਂ ਨੇ ਆਪ ਅਤੇ ਭਾਜਪਾ ਨੂੰ ਉਨ੍ਹਾਂ ਦੀ ਸਿਆਸੀ ਹੈਸਿਅਤ ਦਾ ਅਹਿਸਾਸ ਕਰਵਾ ਦਿੱਤਾ ਹੈ। ਇਹ ਪੰਜਾਬ ਦੀ ਰਾਜਨੀਤੀ ਵਿੱਚ ਇਤਿਹਾਸਕ ਅਤੇ ਦੂਰਗਾਮੀ ਪ੍ਰਭਾਵ ਵਾਲਾ ਫ਼ਤਵਾ ਹੈ। ਕੋਈ ਵੀ ਇਨ੍ਹਾਂ ਚੋਣਾਂ ਨੂੰ ਆਮ ਸਥਾਨਕ ਚੋਣਾਂ ਸਮਝਣ ਦੀ ਗਲਤੀ ਨਾ ਕਰੇ।



### ਰੰਧਾਵਾ ਨੇ ਭਾਜਪਾ ਨੂੰ ਦਿੱਤੀ ਚਿਤਾਵਨੀ

ਰੰਧਾਵਾ ਨੇ ਸਖ਼ਤ ਸ਼ਬਦਾਂ ਵਿੱਚ ਭਾਜਪਾ ਅਤੇ ਆਪ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਮਾਝਾ ਕਾਂਗਰਸ ਦਾ ਸੀ, ਕਾਂਗਰਸ ਦਾ ਹੈ ਅਤੇ ਕਾਂਗਰਸ ਦਾ ਹੀ ਰਹੇਗਾ। ਮਾਝੇ ਦੇ ਲੋਕ ਆਪਣਾ ਫ਼ੈਸਲਾ ਸੁਣਾ ਚੁੱਕੇ ਹਨ। ਮਾਝਾ ਸਿਰਫ਼ ਇੱਕ ਖੇਤਰ ਨਹੀਂ, ਸਗੋਂ ਪੰਜਾਬ ਦੀ ਸਿਆਸੀ ਨਬਜ਼ ਹੈ ਅਤੇ ਇਹ ਨਬਜ਼ ਅੱਜ ਕਾਂਗਰਸ ਦੇ ਹੱਕ ਵਿੱਚ ਧੜਕ ਰਹੀ ਹੈ।

### ਪੰਜਾਬ ਦੀ ਰਾਜਨੀਤੀ ਦੀ ਦਿਸ਼ਾ ਤੈਅ ਕਰਦੀ ਹੈ- ਰੰਧਾਵਾ

ਉਨ੍ਹਾਂ ਕਿਹਾ ਕਿ ਦੀਨਾਨਗਰ, ਗੁਰਦਾਸਪੁਰ, ਕਾਦੀਆਂ ਅਤੇ ਮਾਝੇ ਦੇ ਹੋਰ ਸ਼ਹਿਰੀ ਖੇਤਰਾਂ ਦੇ ਨਤੀਜੇ ਇਸ ਗੱਲ ਦਾ ਸਪੱਸ਼ਟ ਸਬੂਤ ਹਨ ਕਿ ਸ਼ਹਿਰੀ ਵੋਟਰ ਹੁਣ ਆਮ ਆਦਮੀ ਪਾਰਟੀ ਅਤੇ ਭਾਜਪਾ ਦੀ ਰਾਜਨੀਤੀ ਤੋਂ ਪ੍ਰਭਾਵਿਤ ਨਹੀਂ ਹੋ ਰਹੇ। ਮਾਝੇ ਦੀ ਧਰਤੀ ਅੱਜ ਵੀ ਪੰਜਾਬ ਦੀ ਰਾਜਨੀਤੀ ਦੀ ਦਿਸ਼ਾ ਤੈਅ ਕਰਦੀ ਹੈ ਅਤੇ ਜਦੋਂ ਮਾਝਾ ਬੋਲਦਾ ਹੈ ਤਾਂ ਉਸਦੀ ਗੂੰਜ ਪੂਰੇ ਪੰਜਾਬ ਵਿੱਚ ਸੁਣਾਈ ਦਿੰਦੀ ਹੈ। ਰੰਧਾਵਾ ਨੇ ਕਿਹਾ ਕਿ ਭਾਜਪਾ ਸਾਲਾਂ ਤੋਂ ਗੁਰਦਾਸਪੁਰ ਨੂੰ ਆਪਣਾ ਸਿਆਸੀ ਗੜ੍ਹ ਦੱਸਦੀ ਰਹੀ ਹੈ। ਕੇਂਦਰ ਵਿੱਚ ਲਗਾਤਾਰ ਸੱਤਾ, ਵੱਡੇ ਮੰਤਰੀ, ਸੰਸਦੀ ਨੁਮਾਇੰਦਗੀ ਅਤੇ ਸਰਕਾਰੀ ਤਾਕਤ ਹੋਣ ਦੇ ਬਾਵਜੂਦ ਅੱਜ ਗੁਰਦਾਸਪੁਰ ਦੇ ਲੋਕਾਂ ਨੇ ਭਾਜਪਾ ਨੂੰ ਸਪੱਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਪੰਜਾਬ ਦੀ ਰੂਹ ਨੂੰ ਸਮਝੇ ਬਿਨਾਂ ਇੱਥੇ ਰਾਜਨੀਤੀ ਨਹੀਂ ਕੀਤੀ ਜਾ ਸਕਦੀ। ਜਿਸ ਗੁਰਦਾਸਪੁਰ ਨੂੰ ਭਾਜਪਾ ਆਪਣਾ ਕਿਲ੍ਹਾ ਦੱਸਦੀ ਸੀ, ਅੱਜ ਉਸ ਕਿਲ੍ਹੇ ਦੀਆਂ ਦੀਵਾਰਾਂ ਲੋਕਾਂ ਦੇ ਵੋਟਾਂ ਨੇ ਢਾਹ ਦਿੱਤੀਆਂ ਹਨ। ਭਾਜਪਾ ਪੰਜਾਬ ਵਿੱਚ ਪਹਿਲਾਂ ਵੀ ਸਿਫ਼ਰ ਸੀ, ਅੱਜ ਵੀ ਸਿਫ਼ਰ ਹੈ ਅਤੇ ਅੱਗੇ ਵੀ ਸਿਫ਼ਰ ਹੀ ਰਹੇਗੀ। ਸੰਸਦ ਮੈਂਬਰ ਨੇ ਕਿਹਾ ਕਿ ਆਮ ਆਦਮੀ ਪਾਰਟੀ, ਖ਼ਾਸ ਕਰਕੇ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੂੰ ਸਬਕ ਸਿਖਾਉਣ ਅਤੇ ਉਨ੍ਹਾਂ ਦੀ ਸਿਆਸੀ ਰਫ਼ਤਾਰ ਦੀ ਜਾਂਚ ਕਰਨ ਲਈ ਮਾਝੇ ਦੇ ਲੋਕ ਅਤੇ ਪੰਜਾਬੀ ਤਿਆਰ ਬੈਠੇ ਹਨ। ਆਪ ਨੂੰ ਵੀ ਇਨ੍ਹਾਂ ਨਤੀਜਿਆਂ ਨੂੰ ਇੱਕ ਚੇਤਾਵਨੀ ਵਜੋਂ ਲੈਣਾ ਚਾਹੀਦਾ ਹੈ। 2022 ਵਿੱਚ ਲੋਕਾਂ ਨੇ ਜਿਨ੍ਹਾਂ ਉਮੀਦਾਂ ਨਾਲ ਉਨ੍ਹਾਂ ਨੂੰ ਮੌਕਾ ਦਿੱਤਾ ਸੀ, ਉਹ ਉਮੀਦਾਂ ਹੁਣ ਨਿਰਾਸ਼ਾ ਵਿੱਚ ਬਦਲ ਰਹੀਆਂ ਹਨ। ਨੌਜਵਾਨ ਬੇਰੁਜ਼ਗਾਰੀ ਤੋਂ ਪ੍ਰੇਸ਼ਾਨ ਹਨ, ਕਿਸਾਨ ਚਿੰਤਤ ਹਨ, ਕਰਮਚਾਰੀ ਸੜਕਾਂ 'ਤੇ ਹਨ, ਵਪਾਰੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਅਤੇ ਆਮ ਪਰਿਵਾਰ ਮਹਿੰਗਾਈ ਨਾਲ ਜੂਝ ਰਹੇ ਹਨ। ਇਨ੍ਹਾਂ ਸਾਰੀਆਂ ਭਾਵਨਾਵਾਂ ਦੀ ਝਲਕ ਮਾਝੇ ਦੇ ਚੋਣ ਨਤੀਜਿਆਂ ਵਿੱਚ ਸਾਫ਼ ਦਿਖਾਈ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਚੋਣਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸਿੱਧੀ ਨਿਗਰਾਨੀ ਹੇਠ ਹੋਈਆਂ। ਵੋਟਾਂ ਦੀ ਗਿਣਤੀ ਵਾਲੇ ਕੇਂਦਰਾਂ ਵਿੱਚ ਨਿਗਰਾਨ ਤਾਇਨਾਤ ਸਨ, ਵੀਡੀਓਗ੍ਰਾਫੀ ਅਤੇ CCTV ਦੀ ਵਿਵਸਥਾ ਲਾਗੂ ਸੀ ਅਤੇ ਪੂਰੀ ਪ੍ਰਕਿਰਿਆ 'ਤੇ ਨਿਆਂਪਾਲਿਕਾ ਦੀ ਨਜ਼ਰ ਸੀ। ਇਸ ਲਈ ਇਨ੍ਹਾਂ ਨਤੀਜਿਆਂ ਨੂੰ ਕਿਸੇ ਵੀ ਬਹਾਨੇ ਜਾਂ ਬਚਾਅ ਦੇ ਪਿੱਛੇ ਨਹੀਂ ਲੁਕਾਇਆ ਜਾ ਸਕਦਾ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਮਾਝੇ ਤੋਂ ਉੱਠੀ ਇਹ ਆਵਾਜ਼ ਸਿਰਫ਼ ਇੱਕ ਖੇਤਰ ਦੀ ਆਵਾਜ਼ ਨਹੀਂ ਹੈ। ਇਹ ਪੰਜਾਬ ਦੇ ਲੋਕਾਂ ਦੇ ਮਨ ਵਿੱਚ ਪੈਦਾ ਹੋ ਰਹੀ ਬੇਚੈਨੀ, ਨਿਰਾਸ਼ਾ ਅਤੇ ਬਦਲਾਅ ਦੀ ਇੱਛਾ ਦੀ ਆਵਾਜ਼ ਹੈ। ਅੱਜ ਜੋ ਮਾਝੇ ਨੇ ਦਿਖਾਇਆ ਹੈ, ਉਹ ਸਿਰਫ਼ ਟ੍ਰੇਲਰ ਹੈ। 2027 ਵਿੱਚ ਪੰਜਾਬ ਦੇ ਲੋਕ ਪੂਰੀ ਫ਼ਿਲਮ ਦਿਖਾਉਣਗੇ।

# ਕੈਨੇਡਾ ਦੇ ਸਰੀ 'ਚ ਸ਼੍ਰੋਮਣੀ ਅਕਾਲੀ ਦਲ ਦੀ ਇਤਿਹਾਸਕ ਰੈਲੀ



ਸ਼੍ਰੋਮਣੀ ਅਕਾਲੀ ਦਲ (SAD) ਨੇ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਇੱਕ ਵਿਸ਼ਾਲ ਰੈਲੀ ਕਰਕੇ ਵਿਦੇਸ਼ੀ ਧਰਤੀ 'ਤੇ ਪਹਿਲੀ ਵਾਰ ਆਪਣੀ ਸਿਆਸੀ ਤਾਕਤ ਦਾ ਵੱਡਾ ਪ੍ਰਦਰਸ਼ਨ ਕੀਤਾ ਹੈ। ਪਾਰਟੀ ਵੱਲੋਂ ਜਾਰੀ ਅਧਿਕਾਰਤ ਬਿਆਨ ਮੁਤਾਬਕ, ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਵਾਸੀ ਭਾਰਤੀਆਂ ਅਤੇ ਪੰਜਾਬੀਆਂ ਨੇ ਹਿੱਸਾ ਲਿਆ।

ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਦੀ ਕਿਸੇ ਖੇਤਰੀ ਰਾਜਨੀਤਿਕ ਪਾਰਟੀ ਵੱਲੋਂ ਕੈਨੇਡਾ ਦੀ ਧਰਤੀ 'ਤੇ ਇੰਨੇ ਵੱਡੇ ਪੱਧਰ 'ਤੇ ਰੈਲੀ ਦਾ ਸਫ਼ਲ ਆਯੋਜਨ ਕੀਤਾ ਗਿਆ ਹੈ। ਪਾਰਟੀ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਭਾਈਚਾਰੇ ਅੰਦਰ ਅਕਾਲੀ ਦਲ ਪ੍ਰਤੀ ਉਤਸ਼ਾਹ ਤੇ ਵਿਸ਼ਵਾਸ ਲਗਾਤਾਰ ਵਧ ਰਿਹਾ ਹੈ, ਜਿਸ ਦਾ ਸਬੂਤ ਰੈਲੀ ਵਿੱਚ ਪਾਰਟੀ ਦੇ ਉੱਚ-ਪੱਧਰੀ ਵਫ਼ਦ ਦਾ ਸਵਾਗਤ ਕਰਨ ਲਈ ਉਮੜਿਆ ਇਹ ਭਾਰੀ ਇਕੱਠ ਹੈ।

### 'ਆਪ' ਸਰਕਾਰ 'ਤੇ ਤਿੱਖੇ ਨਿਸ਼ਾਨੇ: ਪ੍ਰਚਾਰ ਅਤੇ ਸੰਪਰਕ ਵਿੱਚ ਵਿਘਨ ਪਾਉਣ ਦੇ ਦੋਸ਼

ਰੈਲੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ 'ਤੇ ਜੰਮ ਕੇ ਸਿਆਸੀ ਹਮਲੇ ਕੀਤੇ। ਪਾਰਟੀ ਨੇ ਦੋਸ਼ ਲਗਾਇਆ ਕਿ ਪੰਜਾਬ ਵਿੱਚ 'ਆਪ' ਸਰਕਾਰ ਅਕਾਲੀ ਦਲ ਦੀ ਦਿਨੋ-ਦਿਨ ਵਧ ਰਹੀ Global Popularity (ਲੋਕਪ੍ਰਿਯਤਾ) ਅਤੇ ਪ੍ਰਵਾਸੀਆਂ ਵਿੱਚ ਮਿਲ ਰਹੇ ਭਰਵੇਂ ਹੁੰਗਾਰੇ ਤੋਂ ਪੂਰੀ ਤਰ੍ਹਾਂ ਘਬਰਾ ਚੁੱਕੀ ਹੈ। ਅਕਾਲੀ ਆਗੂਆਂ ਨੇ ਦਾਅਵਾ ਕੀਤਾ ਕਿ ਇਸੇ ਬੌਖਲਾਹਟ ਦੇ ਚਲਦਿਆਂ ਵਿਦੇਸ਼ੀ ਪੰਜਾਬੀਆਂ ਨਾਲ ਪਾਰਟੀ ਦੇ ਚੱਲ ਰਹੇ Dynamic Connect (ਸੰਪਰਕ ਮੁਹਿੰਮ) ਅਤੇ ਪ੍ਰਚਾਰ ਨੂੰ ਰੋਕਣ ਲਈ ਪਾਰਟੀ ਵਫ਼ਦ ਦੇ ਮੈਂਬਰਾਂ ਵਿਰੁੱਧ ਸਾਜ਼ਿਸ਼ੀ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਸਨ, ਪਰ ਪ੍ਰਵਾਸੀਆਂ ਦੇ ਭਾਰੀ ਸਮਰਥਨ ਨੇ ਇਨ੍ਹਾਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ ਹੈ।

### ਕੈਨੇਡਾ ਦੇ ਹੋਰਨਾਂ ਸ਼ਹਿਰਾਂ ਵਿੱਚ ਵੀ ਹੋਣਗੇ 'Mega Events', ਸਰੀ ਦੇ ਪ੍ਰਬੰਧਕਾਂ ਦਾ ਧੰਨਵਾਦ

ਪਾਰਟੀ ਲੀਡਰਸ਼ਿਪ ਨੇ ਐਲਾਨ ਕੀਤਾ ਕਿ ਸਰੀ ਦੀ ਸਫ਼ਲਤਾ ਤੋਂ ਬਾਅਦ ਹੁਣ ਆਉਣ ਵਾਲੇ ਦਿਨਾਂ ਵਿੱਚ ਕੈਨੇਡਾ ਦੇ ਕਈ ਹੋਰਨਾਂ ਪ੍ਰਮੁੱਖ ਸ਼ਹਿਰਾਂ ਵਿੱਚ ਵੀ ਇਸੇ ਤਰ੍ਹਾਂ ਦੇ ਵੱਡੇ ਸਮਾਗਮ ਅਤੇ ਰੈਲੀਆਂ ਆਯੋਜਿਤ ਕੀਤੀਆਂ ਜਾਣਗੀਆਂ। ਇਨ੍ਹਾਂ Global Events ਦੇ ਜ਼ਰੀਏ ਪਾਰਟੀ ਦਾ ਵਫ਼ਦ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ, ਚਿੰਤਾਵਾਂ ਅਤੇ ਪੰਜਾਬ ਨਾਲ ਜੁੜੇ ਉਨ੍ਹਾਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਸੁਣੇਗਾ। ਇਸ ਦੇ ਨਾਲ ਹੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ 'ਪੰਜਾਬ ਲਈ ਦ੍ਰਿਸ਼ਟੀਕੋਣ' ਅਤੇ ਸੂਬੇ ਦੇ ਸਰਵਪੱਖੀ ਵਿਕਾਸ ਦੇ ਖਾਕੇ ਨੂੰ ਐਨਆਰਆਈ ਭਾਈਚਾਰੇ ਨਾਲ ਸਾਂਝਾ ਕੀਤਾ ਜਾਵੇਗਾ। ਅਕਾਲੀ ਦਲ ਨੇ ਸਰੀ ਰੈਲੀ ਨੂੰ ਇਤਿਹਾਸਕ ਬਣਾਉਣ ਲਈ ਸਾਰੇ ਸਥਾਨਕ ਪ੍ਰਬੰਧਕਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਰੈਲੀ ਵਿੱਚ ਪਹੁੰਚੇ ਸਮੂਹ ਪ੍ਰਵਾਸੀ ਪੰਜਾਬੀ ਭਰਾਵਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮੁੱਖ ਮੰਤਰੀ ਭਗਵੰਤ ਮਾਨ ਨੇ ਬਹੁਤ ਮਿਹਨਤ ਨਾਲ ਪੰਜਾਬ ਨੂੰ ਕਾਲੇ ਦੌਰ 'ਚੋਂ ਕੱਢਿਆ

## ਹੁਣ ਸਾਨੂੰ ਚੰਗੇ ਕੰਮਾਂ ਨੂੰ ਰੁਕਣ ਨਹੀਂ ਦੇਣਾ ਚਾਹੀਦਾ: ਕੇਜਰੀਵਾਲ



ਮੋਹਾਲੀ: ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਮੋਹਾਲੀ ਵਿੱਚ ਇੱਕ ਮੈਗਾ ਰੋਡ ਸ਼ੋਅ ਦੌਰਾਨ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਦੇ ਸ਼ਾਸਨਕਾਲ ਦੌਰਾਨ ਪੰਜਾਬ ਨੂੰ ਬਰਬਾਦੀ ਵੱਲ ਧੱਕ ਦਿੱਤਾ ਗਿਆ ਸੀ, ਉਦੋਂ ਪੂਰੇ ਸੂਬੇ ਵਿੱਚ ਨਸ਼ੇ ਫੈਲ ਗਏ ਸਨ ਅਤੇ ਪੰਜਾਬ ਉੱਤੇ ਇੱਕ ਕਾਲਾ ਦੌਰ ਛਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਉਸ ਮੁਸ਼ਕਲ ਦੌਰ ਵਿੱਚੋਂ ਕੱਢ ਕੇ ਮੁੜ ਤਰੱਕੀ ਦੇ ਰਾਹ 'ਤੇ ਪਾਉਣ ਲਈ ਦਿਨ-ਰਾਤ ਮਿਹਨਤ ਕੀਤੀ ਹੈ। ਲੋਕਾਂ ਨੂੰ ਇਸ ਬਦਲਾਅ ਨੂੰ ਹੋਰ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਚੰਗੇ ਕੰਮਾਂ ਨੂੰ ਰੁਕਣ ਨਹੀਂ ਦੇਣਾ ਚਾਹੀਦਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਸਰਕਾਰ ਨੂੰ ਸਾਢੇ ਚਾਰ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਇੰਨਾ ਪਿਆਰ ਅਤੇ ਜਨਤਾ ਦਾ ਸਮਰਥਨ ਨਹੀਂ ਮਿਲਿਆ, ਜਿੰਨਾ ਅੱਜ 'ਆਪ' ਸਰਕਾਰ ਨੂੰ ਮਿਲ ਰਿਹਾ ਹੈ। ਪਿਛਲੀਆਂ ਸਰਕਾਰਾਂ ਨਾਲ ਇਸ ਦੀ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਰਕਾਰਾਂ ਲੋਕਾਂ ਦਾ ਭਰੋਸਾ ਇਸ ਹੱਦ ਤੱਕ ਗੁਆ ਚੁੱਕੀਆਂ ਸਨ ਕਿ ਸੱਤਾ ਵਿੱਚ ਇੰਨਾ ਸਮਾਂ ਬੀਤਣ ਤੋਂ ਬਾਅਦ ਲੋਕ ਆਪਣੇ ਆਗੂਆਂ ਨੂੰ ਪਿੰਡਾਂ ਵਿੱਚ ਵੜਨ ਤੱਕ ਨਹੀਂ ਦਿੰਦੇ ਸਨ। ਰੋਡ ਸ਼ੋਅ ਦੌਰਾਨ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, "ਮੋਹਾਲੀ ਦੇ ਲੋਕਾਂ ਨੇ ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਜ਼ਬਰਦਸਤ ਜਿੱਤ ਦਿਵਾਈ ਹੈ। ਮੈਂ ਦਿੱਲੀ ਤੋਂ ਖਾਸ ਤੌਰ 'ਤੇ ਇੱਥੇ ਤੁਹਾਡੇ ਸਾਰਿਆਂ ਦਾ ਧੰਨਵਾਦ ਕਰਨ ਆਇਆ ਹਾਂ, ਜਿਸ ਤਰ੍ਹਾਂ ਤੁਸੀਂ ਆਮ ਆਦਮੀ ਪਾਰਟੀ ਦੇ ਕੰਮਾਂ 'ਤੇ ਮੋਹਰ ਲਗਾਈ ਹੈ।" ਸਰਕਾਰ ਨੂੰ ਮਿਲੇ ਜਨਤਕ ਸਮਰਥਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਸਾਡੀ ਸਰਕਾਰ ਨੂੰ ਸੱਤਾ ਵਿੱਚ ਆਇਆਂ ਕਰੀਬ ਸਾਢੇ ਚਾਰ ਸਾਲ ਹੋ ਗਏ ਹਨ। ਪੰਜਾਬ ਵਿੱਚ ਪਹਿਲਾਂ ਕਦੇ ਵੀ ਕਿਸੇ ਪਾਰਟੀ ਨੂੰ ਚਾਰ ਸਾਲ ਦੇ ਕਾਰਜਕਾਲ ਤੋਂ ਬਾਅਦ ਇੰਨਾ ਪਿਆਰ ਨਹੀਂ ਮਿਲਿਆ। ਇਸ ਤੋਂ ਪਹਿਲਾਂ ਕਾਂਗਰਸ ਦੀਆਂ ਸਰਕਾਰਾਂ, ਭਾਜਪਾ ਦੀਆਂ ਸਰਕਾਰਾਂ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਰਹੀਆਂ ਹਨ। ਜਦੋਂ ਉਹ ਸੱਤਾ ਵਿੱਚ ਤਿੰਨ ਜਾਂ ਚਾਰ ਸਾਲ ਪੂਰੇ ਕਰਦੇ ਸਨ ਤਾਂ ਲੋਕ ਉਨ੍ਹਾਂ ਨੂੰ ਪਿੰਡਾਂ ਵਿੱਚ ਵੜਨ ਵੀ ਨਹੀਂ ਦਿੰਦੇ ਸਨ। ਜਦੋਂ ਉਹ ਜਨਤਾ ਦੇ ਵਿਚਕਾਰ ਜਾਂਦੇ ਸਨ ਤਾਂ ਲੋਕ ਉਨ੍ਹਾਂ ਨੂੰ ਮਾਰਨ ਲਈ ਹੱਥਾਂ ਵਿੱਚ ਜੁੱਤੀਆਂ ਲੈ ਕੇ ਖੜ੍ਹੇ ਹੁੰਦੇ ਸਨ।" ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ, "ਪਿਛਲੇ ਚਾਰ ਸਾਲਾਂ ਵਿੱਚ ਆਮ ਆਦਮੀ ਪਾਰਟੀ ਨੇ ਤੁਹਾਡੇ ਲਈ ਬਹੁਤ ਕੁਝ ਕੀਤਾ ਹੈ। ਬਿਜਲੀ ਮੁਫ਼ਤ ਕਰ ਦਿੱਤੀ ਗਈ ਹੈ। ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਗਏ ਹਨ। 10 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਦਿੱਤਾ ਗਿਆ ਹੈ। ਔਰਤਾਂ ਨੂੰ ਹੁਣ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 1,000 ਅਤੇ 1,500 ਰੁਪਏ ਮਿਲਣੇ ਸ਼ੁਰੂ ਹੋ ਜਾਣਗੇ। ਪੂਰੇ ਪੰਜਾਬ ਵਿੱਚ ਸੜਕਾਂ ਬਣ ਰਹੀਆਂ ਹਨ। ਪਿੰਡਾਂ ਵਿੱਚ ਨਹਿਰੀ ਸੂਇਆਂ ਤੱਕ ਪਾਣੀ ਪਹੁੰਚਣਾ ਸ਼ੁਰੂ ਹੋ ਗਿਆ ਹੈ। ਪਿੰਡਾਂ ਦੇ ਕਿਸਾਨਾਂ ਨੂੰ ਹੁਣ ਦਿਨ ਵੇਲੇ ਬਿਜਲੀ ਮਿਲ ਰਹੀ ਹੈ। ਕੰਮਾਂ ਦੀ ਸੂਚੀ ਬਹੁਤ ਲੰਮੀ ਹੈ। ਲੋਕ ਬਹੁਤ ਖੁਸ਼ ਹਨ।" ਉਨ੍ਹਾਂ ਅੱਗੇ ਕਿਹਾ, "ਜਦੋਂ ਅਸੀਂ ਰੋਡ ਸ਼ੋਅ ਦੌਰਾਨ ਇੱਥੇ ਆ ਰਹੇ ਸੀ, ਮੈਂ ਲੋਕਾਂ ਦੇ ਹਾਵ-ਭਾਵ ਦੇਖ ਰਿਹਾ ਸੀ। ਉਹ ਸਾਨੂੰ ਦੇਖ ਕੇ ਬਹੁਤ ਖੁਸ਼ ਸਨ। ਇਹ ਇੱਕ ਬਹੁਤ ਵੱਡੀ ਗੱਲ ਹੈ ਕਿ ਸਰਕਾਰ ਵਿੱਚ ਚਾਰ ਸਾਲ ਰਹਿਣ ਤੋਂ ਬਾਅਦ ਵੀ ਲੋਕ ਆਪਣੇ ਆਗੂਆਂ ਨੂੰ ਦੇਖ ਕੇ ਇੰਨੇ ਖੁਸ਼ ਹਨ।"
















ਪੰਜਾਬ ਸਟਾਰ
PUNJABSTAR.COM

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਇਲਤੀਨਾਮਾ ਅੱਵਲ !



ਬੁੱਧ ਸਿੰਘ ਨੀਲੋਂ
94643 70823

ਓਧਰੋਂ ਰੁਮਾਲ ਹਿੱਲਿਆ,
ਮੇਰੀ ਇਧਰੋਂ ਉਡੀ ਫੁਲਕਾਰੀ !

ਜਦੋਂ ਇਹ ਬੋਲੀ ਬਣੀ ਸੀ ਉਦੋਂ ਪਿਆਰ ਦੇ ਇਹੋ ਹੀ ਸੰਚਾਰ ਸਾਧਨ ਹੁੰਦੇ ਸਨ। ਇਨ੍ਹਾਂ ਸੰਚਾਰ ਸਾਧਨਾਂ ਤੋਂ ਅੱਗੇ ਦੀ ਗੱਲ ਹੋਰ ਵੀ ਹੁੰਦੀ ਸੀ । ਜਿਸਨੂੰ ਵਾਰਿਸ ਸ਼ਾਹ ਆਪਣੀ ਜਗਤ ਪ੍ਰਸਿੱਧ ਹੀਰ ਵਿੱਚ ਲਿਖਦਾ ਹੈ !

ਜੀਹਨੂੰ ਯਾਦ ਕਰੀਏ ਉਹ ਯਾਦ ਕਰਦਾ
ਵਾਰਿਸ ਦਿਲਾਂ ਨੂੰ ਦਿਲਾਂ ਵਿੱਚ ਰਾਹ ਹੁੰਦੇ !

ਹੁਣ ਤਾਂ ਜਿਵੇਂ ਕੈਨੇਡਾ ਤੇ ਯੂ ਕੇ ਦੇ ਵਿੱਚ ਤਿੰਨ ਡਬਲਿਊਜ਼ ਦੀ ਬਹੁਤ ਮਹੱਤਤਾ ਹੈ। ਇਹ ਤਿੰਨ ਸ਼ਬਦ (ਵੋਮੈਨ) ਔਰਤ, (ਵਰਕ) ਨੌਕਰੀ ਤੇ (ਵੈਦਰ) ਮੌਸਮ ਹਨ। ਇਹਨਾਂ ਦਾ ਕੋਈ ਵੀ ਵਿਸਵਾਸ਼ ਨਹੀਂ ਕਿ ਤੁਹਾਨੂੰ ਕਿਸਨੇ ਧੋਖਾ ਦੇ ਜਾਣਾ ਹੈ ਪਰ ਫੇਰ ਵੀ ਉਥੇ ਜ਼ਿੰਦਗੀ ਚੱਲੀ ਜਾ ਰਹੀ ਹੈ। ਇਥੇ ਇਹ ਗੱਲ ਨਹੀਂ ਜੋ ਪੰਜਾਬ ਦੇ ਵਿੱਚ ਹੈ, ਇੰਗਲੈਂਡ ਦਾ ਗੁਲਾਮ ਰਿਹਾ ਹੈ। ਗੁਲਾਮੀ ਦਾ ਅਹਿਸਾਸ ਸਾਡੇ ਖ਼ੂਨ ਵਿੱਚ ਹੈ। ਪੰਜਾਬ ਦੇ ਜਦ ਗਦਰੀ ਬਾਬਿਆਂ ਨੇ ਅੰਗਰੇਜ਼ਾਂ ਦੇ ਖਿਲਾਫ਼ ਜੰਗ ਸ਼ੁਰੂ ਕੀਤੀ ਤਾਂ ਸਦੀਆਂ ਤੋਂ ਹਾਕਮਾਂ ਦੇ ਸੇਵਕ ਰਹੇ ਜਗੀਰਦਾਰ ਤੇ ਚੌਧਰੀ ਗਦਰੀ ਬਾਬਿਆਂ ਦੇ ਮੁਖਬਰ ਬਣ ਅੰਗਰੇਜ਼ਾਂ ਤੋਂ ਜ਼ਮੀਨਾਂ ਦੇ ਮੁਰੱਬੇ ਹਾਸਲ ਕਰਨ ਲੱਗੇ। ਦੇਸ਼ ਭਗਤਾਂ ਨਾਲੋਂ ਗਦਾਰਾਂ ਦੀ ਗਿਣਤੀ ਵੱਧ ਸੀ। ਚੋਰ ਚੋਰੀ ਕਰਨੋ ਹਟ ਸਕਦਾ ਪਰ ਹੇਰਾਫੇਰੀ ਤੋਂ ਨਹੀਂ ਹਟ ਸਕਦਾ। ਗਦਾਰੀ ਤੇ ਚੋਰੀ ਖਾਨਦਾਨੀ ਬਣ ਜਾਂਦੀ ਹੈ ਜਿਵੇਂ ਕੋਈ ਬੀਮਾਰੀ ਸੱਤ ਪੀੜ੍ਹੀਆਂ ਨਹੀਂ ਜਾਂਦੀ ਇਹੋ ਹਾਲ ਗਦਾਰ ਦਾ ਹੁੰਦਾ ਹੈ। ਗੱਲ ਸਮਝਣ ਲਈ ਆ ਰਾਜਸਥਾਨ ਦੀ ਲੋਕ ਕਥਾ ਸੁਣ ਲਵੋ ਜਿਹੜੀ ਡਾ.ਕੁਲਦੀਪ ਸਿੰਘ ਦੀਪ ਦੀ ਵਾਲ ਚੱਕੀ ਹੈ।

ਨਾਨਕਿਆਂ ਦੀ ਨਸਲ
ਰਾਜਸਥਾਨ ਦੀ ਮਸ਼ਹੂਰ ਦੰਦ ਕਥਾ

ਰਾਜਸਥਾਨ ਦੀ ਇਕ ਮਸ਼ਹੂਰ ਕਥਾ ਹੈ ..ਕਿ ਰਾਜਸਥਾਨ ਵਿਚ ਇਕ ਡਾਕੂ ਬੜਾ ਮਕਬੂਲ ਸੀ। ਉਨ੍ਹਾਂ ਦਿਨਾਂ ਵਿੱਚ ਰਾਜਸਥਾਨ ਵਿੱਚ ਡਾਕੂ ਬੋਤਿਆਂ ਦੇ ਉੱਪਰ ਡਾਕੇ ਮਾਰਨ ਦੀਆਂ ਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਸਨ। ਕਿਉਂਕਿ ਡਾਕਾ ਮਾਰ ਕੇ ਬੋਤਿਆਂ 'ਤੇ ਭੱਜਣਾ ਆਸਾਨ ਹੁੰਦਾ ਸੀ। ਉਸੇ ਹੀ ਇਲਾਕੇ ਵਿੱਚ ਬੋਤਿਆਂ ਦਾ ਇਕ ਮਸ਼ਹੂਰ ਵਪਾਰੀ ਸੀ। ਲੋਕ ਦੂਰੋਂ ਦੂਰੋਂ ਉਸ ਕੋਲੋਂ ਬੋਤੇ ਖ਼ਰੀਦਣ ਲਈ ਆਉਂਦੇ। ਡਾਕੂ ਵੀ ਉਸ ਕੋਲੋਂ ਬੋਤੇ ਖਰੀਦਣ ਲਈ ਚਲਾ ਗਿਆ। ਦੇਖਦੇ ਦਿਖਾਉਂਦੇ ਡਾਕੂ ਨੂੰ ਇਕ ਤੇਜ਼ ਤਰਾਰ ਬੋਤੀ ਪਸੰਦ ਆ ਗਈ ਪਰ ਵਪਾਰੀ ਨੇ ਉਹ ਬੋਤੀ ਡਾਕੂ ਨੂੰ ਨਾ ਖਰੀਦਣ ਦੀ ਸਲਾਹ ਦਿੱਤੀ :

ਵਪਾਰੀ : ਮੇਰੀ ਸਲਾਹ ਮੰਨ ਤੂੰ ਇਹ ਬੋਤੀ ਨਾ ਖ਼ਰੀਦ।
ਡਾਕੂ : ਕਿਉਂ ?
ਵਪਾਰੀ : ਕਿਉਂਕਿ ਇਸ ਦੀ ਨਾਨੀ ਪਾਣੀ ਵਿੱਚ ਬੈਠਦੀ ਸੀ
ਡਾਕੂ : ਕੀ ਕਦੇ ਇਸ ਦੀ ਮਾਂ ਪਾਣੀ ਵਿਚ ਬੈਠੀ ?
ਵਪਾਰੀ : ਨਹੀਂ
ਡਾਕੂ : ਕੀ ਕਦੇ ਇਹ ਆਪ ਪਾਣੀ ਵਿਚ ਬੈਠੀ ?
ਵਪਾਰੀ : ਨਹੀਂ

ਡਾਕੂ : ਫੇਰ ਕੋਈ ਗੱਲ ਨਹੀਂ, ਇਹ ਆਪ ਕਦੇ ਪਾਣੀ ਵਿਚ ਨਹੀਂ ਬੈਠੀ ਇਸ ਦੀ ਮਾਂ ਕਦੇ ਪਾਣੀ ਵਿਚ ਨਹੀਂ ਬੈਠੀ... ਨਾਨਕਿਆਂ ਦੀ ਗੱਲ ਤਾਂ ਹੁਣ ਬਹੁਤ ਦੂਰ ਜਾ ਰਹੀ...ਮੈਂ ਇਹੀ ਬੋਤੀ ਖਰੀਦਾਂਗਾ।

ਆਖ਼ਰ ਡਾਕੂ ਨੇ ਵਪਾਰੀ ਕੋਲੋਂ ਉਹ ਬੋਤੀ ਖ਼ਰੀਦ ਲਈ।

ਕੁੱਝ ਸਮੇਂ ਬਾਅਦ ਇਕ ਦਿਨ ਡਾਕਾ ਮਾਰ ਕੇ ਭੱਜੇ ਹੋਏ ਡਾਕੂਆਂ ਦੇ ਪਿੱਛੇ ਪੁਲਸ ਪੈ ਗਈ। ਨਵੀਂ ਖਰੀਦੀ ਹੋਈ ਤੇਜ਼ ਤਰਾਰ ਬੋਤੀ ਧੂੜ ਉਡਾਉਂਦੀ ਮਾਰੂਥਲਾਂ ਨੂੰ ਚੀਰਦੀ ਜਾਵੇ। ਡਾਕੂ ਬੜਾ ਖ਼ੁਸ਼ ! ਲੰਮਾ ਪੈਂਡਾ ਤੈਅ ਕਰਨ ਪਿੱਛੋਂ ਬੋਤੀ ਨੂੰ ਰੇਗਿਸਤਾਨ ਵਿਚ ਪਾਣੀ ਦਿਖ ਗਿਆ... ਬੋਤੀ ਨੇ ਪਾਣੀ ਦੇਖਦਿਆਂ ਸਾਰ ਜ਼ਰਾ ਵੀ ਦੇਰ ਨਾ ਲਾਈ ਝੱਟ ਪਾਣੀ ਵਿੱਚ ਬੈਠ ਗਈ ... ਡਾਕੂ ਨੇ ਬੋਤੀ ਨੂੰ ਬੜਾ ਉਠਾਇਆ, ਬੜਾ ਕੁੱਟਿਆ ਪਰ ਬੋਤੀ ਟੱਸ ਤੋਂ ਮੱਸ ਨਾ ਹੋਈ ....ਉਧਰ ਪੁਲਸ ਡਾਕੂ ਵੱਲ ਵਧਦੀ ਆ ਰਹੀ ਸੀ....ਆਖ਼ਰ ਪੁਲਸ ਨੇ ਆ ਕੇ ਡਾਕੂ ਦੇ ਸਿਰ ਤੇ ਰਫਲਾਂ ਤਾਣ ਲਈਆਂ ... ਹੁਣ ਡਾਕੂ ਕਦੇ ਬੋਤੀ ਵੱਲ ਦੇਖਦਾ...ਕਦੇ ਵਪਾਰੀ ਦੀ ਗੱਲ ਯਾਦ ਕਰਦਾ.... ਸਾਲੀ ਨਾਨਕਿਆਂ 'ਤੇ ਈ ਨਿੱਕਲੀ...

ਨਸਲ, ਨਸਲ ਹੀ ਹੁੰਦੀ ਐ...।

ਹਿੰਦੂਆਂ ਦੀ ਇਹ ਵੀ ਨੀਤੀ ਸੀ ਕਿ ਪਾੜੋ ਤੇ ਰਾਜ ਕਰੋ। ਉਨ੍ਹਾਂ ਭਾਰਤੀਆਂ ਨੂੰ ਜਾਤਾਂ ਤੇ ਫਿਰਕਿਆਂ ਵਿੱਚ ਪਾੜ ਕੇ ਰਾਜ ਕੀਤਾ ਤੇ ਗਦਾਰ ਗਦਾਰੀ ਕਰਦੇ ਰਹੇ। ਇਹੀ ਨੀਤੀ ਅੰਗਰੇਜ਼ ਹਕੂਮਤ ਨੇ ਅਪਣਾਈ,ਦੇਸ਼ ਵੰਡਿਆ ਗਿਆ। ਪੰਜਾਬ ਦੇ ਦੋ ਟੋਟੇ ਕਰ ਦਿੱਤੇ। ਅਖੌਤੀ ਆਜ਼ਾਦੀ ਆ ਗਈ। ਭਾਰਤ ਸਰਕਾਰ ਨੇ ਗਦਾਰਾਂ ਨੂੰ ਰੁਤਬੇ ਬਖ਼ਸ਼ੇ। ਦੇਸ਼ ਜੰਗ ਲੜਨ ਵਾਲੇ ਗਰੀਬ ਹੋ ਗਏ ਤੇ ਗਦਾਰ ਹਾਕਮ ਬਣ ਗਏ। ਭਾਰਤੀ ਸਟੇਟ ਦੀਆਂ ਅੱਖਾਂ ਵਿੱਚ ਪੰਜਾਬ ਤੇ ਪੰਜਾਬੀ ਰੜਕਦੇ ਹਨ। ਉਹ ਇਹਨਾਂ ਨੂੰ ਖਤਮ ਕਰਨ ਲਈ ਸਦਾ ਇਹਨਾਂ ਦੇ ਰਾਹੀ ਚਾਲਾਂ ਚੱਲਦੇ ਤੇ ਛਲਦੇ ਹਨ। ਹੁਣ ਜਿਹੜਾ ਕੰਮ ਏਜੰਸੀਆਂ ਨੇ ਕਰਨਾ ਹੁੰਦਾ ਹੈ। ਉਹ ਆਪਣੇ ਮੁਖਬਰਾਂ ਰਾਹੀ ਕਰਵਾ ਲੈਂਦੀ ਹੈ। ਹੁਣ ਫੇਰ ਦੇਸ਼ ਵਿੱਚ ਫਿਰਕੂ ਸ਼ਕਤੀਆਂ ਸਰਗਰਮ ਹਨ। ਉਹਨਾਂ ਨੇ ਆਪਣੀ ਹਕੂਮਤ ਬਰਕਰਾਰ ਰੱਖਣ ਲਈ ਦੇਸ਼ ਦੇ ਲੋਕਾਂ ਦੀਆਂ ਵੋਟਾਂ ਕੱਟ ਕੇ ਉਹਨਾਂ ਨੂੰ ਵਿਦੇਸ਼ੀ ਘੋਸ਼ਿਤ ਕੀਤਾ ਜਾ ਰਿਹਾ ਹੈ। ਹੁਣ ਪੰਜਾਬ ਦੀ ਬਾਰੀ ਹੈ। ਪੰਜਾਬ ਦੇ ਲੋਕਾਂ ਧਰਮ ਦੀ ਰਾਜਨੀਤੀ ਵਿੱਚ ਉਲਝਾਇਆ ਗਿਆ ਹੈ। ਸੱਤਾਧਾਰੀ ਧਿਰ ਤੇ ਅਕਾਲੀ ਦਲ ਨੇ ਇਹ ਨਵੀਂ ਖੇਡ ਸ਼ੁਰੂ ਕਰ ਦਿੱਤੀ ਹੈ। ਬਾਦਲਕਿਆਂ ਨੇ ਸ੍ਰੀ ਆਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਸ ਸਾਜ਼ਿਸ਼ ਵਿੱਚ ਸ਼ਾਮਲ ਕਰ ਲਿਆ ਹੈ। ਸ੍ਰੀ ਆਕਾਲ ਤਖ਼ਤ ਸਾਹਿਬ ਤੋਂ ਨਵਾਂ ਹੁਕਮਨਾਮਾ ਜਾਰੀ ਕਰਵਾ ਕੇ ਮੁੱਖ ਮੰਤਰੀ ਨੂੰ ਕੌਮ ਦਾ ਦੋਖੀ ਬਣਾ ਦਿੱਤਾ ਹੈ। ਸਮੁੱਚੀ ਕੈਬਨਿਟ ਤੇ ਵਿਧਾਇਕਾਂ ਨੂੰ ਸ੍ਰੀ ਆਕਾਲ ਤਖ਼ਤ ਸਾਹਿਬ ਤੇ ਤਲਬ ਕੀਤਾ ਗਿਆ ਹੈ। ਇਹ ਨਵੀਂ ਰਵਾਇਤ ਸ਼ੁਰੂ ਕਰ ਦਿੱਤੀ ਗਈ ਹੈ। ਧਰਮ ਦਾ ਰਾਜਨੀਤੀ ਵਿੱਚ ਦਖ਼ਲ ਪੰਜਾਬ ਦੇ ਲੋਕਾਂ ਨੂੰ ਮਹਿੰਗਾ ਪਵੇਗਾ। ਪੰਜਾਬ ਪਹਿਲਾਂ ਹੀ ਧਰਮ ਦੀ ਰਾਜਨੀਤੀ ਵਿੱਚ ਬਹੁਤ ਕੁੱਝ ਗਵਾ ਚੁੱਕਿਆ ਹੈ।



ਸਿੱਖ ਸੰਘਰਸ਼ ਦੇ ਬਹੁਗਿਣਤੀ ਸਰਕਾਰ ਦੇ ਪਾਲੇ ਸਖਸ਼ ਅੱਜ ਵੀ ਜਿਉਂਦੇ ਹਨ। ਦੂਜੇ ਪਾਸੇ ਜਿਹਨਾਂ ਨੇ ਭਾਵੁਕਤਾ ਵਸ ਸੰਘਰਸ਼ ਕੀਤਾ ਉਹ ਸਭ ਮਾਰੇ ਗਏ। ਚੌਧਰੀ ਕਰੋੜ ਪਤੀ ਬਣ ਗਏ ਹਨ ਤੇ ਐਸ਼ ਕਰਦੇ ਹਨ ਤੇ ਸੱਤਾ ਦਾ ਸੁਖ ਮਾਣਦੇ ਹਨ।

ਹੁਣ ਭਾਰਤੀ ਹਾਕਮ ਅੰਗਰੇਜ਼ਾਂ ਦੀ ਨੀਤੀ ਵਰਤਦੇ ਹਨ। ਜਿਹੜਾ ਕੰਮ ਉਨ੍ਹਾਂ ਨੇ ਕਰਨਾ ਹੁੰਦਾ ਹੈ। ਸਾਡੇ ਆਪਣੇ ਕਰੀ ਜਾਂਦੇ ਹਨ। ਸੋਚਣ ਵਾਲਾ ਖਾਨਾ ਸਾਡਾ ਬੰਦ ਹੈ। ਅਸੀਂ ਪਿੱਛ ਲੱਗ ਬਹੁਗਿਣਤੀ ਵਿੱਚ ਭਾਵਨਾਵਾਂ ਵਿੱਚ ਭੜਕਣ ਵਾਲੇ ਹਾਂ ਤੇ ਪਰਵਾਨੇ ਬਣ ਸ਼ਮਾਂ ਉਤੇ ਨੱਚ ਕੇ ਮੱਚਦੇ ਹਾਂ। ਹਾਕਮ ਆਪਣੇ ਸੂਤਰਾਂ ਰਾਹੀ ਰੁਮਾਲ ਹਿਲਾ ਦੇਂਦਾ ਹੈ ਤੇ ਇਧਰੋ ਫੁਲਕਾਰੀ ਹਿੱਲਦੀ ਹੈ। ਹੱਕ ਤੇ ਵਿਰੋਧ ਵਿੱਚ ਜੰਗ ਸ਼ੁਰੂ ਹੁੰਦੀ ਹੈ। ਹੁਣ ਵੀ ਉਹੀ ਕੁੱਝ ਹੋ ਰਿਹਾ ਹੈ। ਦਿਮਾਗੋਂ ਪੈਦਲ ਭਾਵਨਾਵਾਂ ਦੇ ਵਸ ਜਨਤਾ ਕੁਰਬਾਨੀਆਂ ਦੇਣ ਲਈ ਪੱਬਾਂ ਭਾਰ ਹੋ ਜਾਂਦੀ ਹੈ। ਹਾਕਮ ਹੱਸਦਾ ਹੈ। ਅਸੀਂ ਆਪ ਹੀ ਆਪਣਿਆਂ ਦੇ ਸਿਰ ਪਾੜਨ ਤੇ ਉਨ੍ਹਾਂ ਦੇ ਮੁੱਲ ਰੱਖਣ ਲੱਗਦੇ ਹਾਂ।

ਪਿਆਰ, ਜੰਗ ਤੇ ਸਿਆਸਤ ਵਿੱਚ ਕੋਈ ਕਿਸੇ ਦਾ ਪੱਕਾ ਦੁਸ਼ਮਣ ਨਹੀਂ ਹੁੰਦਾ। ਮੌਕਾਪ੍ਰਸਤੀ ਭਾਰੂ ਹੁੰਦੀ ਹੈ। ਇਹਨਾਂ ਦੇ ਵਿੱਚ ਦੂਜੇ ਤੇ ਤੀਜੇ ਬਦਲ ਮਿਲ ਜਾਣ ਨਾਲ ਜਾਨ ਵਾਰਨ ਮਹਿਬੂਬ ਸੈਦੇ ਦੀ ਡੋਲੀ ਚੜ੍ਹ ਜਾਂਦੀ ਹੈ। ਆਸ਼ਕ ਰਾਂਝਾਂ ਚਾਰਦਾ ਰਹਿ ਜਾਂਦਾ। ਸਿਆਸੀ ਲੋਕ ਵੀ ਪੱਗ ਤੇ ਪਾਰਟੀ ਬਦਲਣ ਲੱਗਿਆ ਵਰਕਰਾਂ ਦੀਆਂ ਨਹੀਂ ਆਪਣੀਆਂ ਸੁਖ ਸਹੂਲਤਾਂ ਵੇਖਦੇ ਹਨ। ਹੁਣ ਪੰਜਾਬ ਦੇ ਵਿੱਚ ਬਹੁਗਿਣਤੀ ਦਲ ਬਦਲੂ ਆਗੂਆਂ ਦੀ ਹੈ। ਕਿਸੇ ਨੂੰ ਰਾਜ ਤੇ ਕੌਮ ਦਾ ਫਿਕਰ ਨਹੀਂ।

ਹੁਣ ਸਿਆਸੀ ਆਗੂ ਜਿਹੜੇ ਪੱਕੇ ਚੋਰ ਹਨ, ਉਹ ਗੰਗਾ ਵਿੱਚ ਨਹਾ ਕੇ ਹਾਕਮਾਂ ਦੀ ਖੁਰਲੀ ਉਤੇ ਜਾ ਰਹੇ ਹਨ। ਜਿਹੜੇ ਖਾਨਦਾਨੀ ਗਦਾਰ ਹਨ ਉਹ ਧਰਮ ਦਾ ਲਿਬਾਸ ਪਾ ਕੇ ਪੂਰਨ ਆਜ਼ਾਦੀ ਦਾ ਨਾਹਰਾ ਲਾ ਕੇ ਭਾਵਨਾਵਾਂ ਨੂੰ ਵਰਤਦੇ ਹਨ ।

ਹੁਣ ਫੇਰ ਲੋਕ ਆਪਣੇ ਆਪ ਨੂੰ ਠੱਗੇ ਗਏ ਮਹਿਸੂਸ ਦੇ ਹਨ। ਹਾਕਮ ਚਾਲਾਂ ਚੱਲ ਰਹੇ ਹਨ। ਆਪਣੇ ਬੰਦੇ ਫਿਟ ਕਰ ਰਹੇ ਹਨ ਤੇ ਅਸੀਂ ਸੇਵਾ ਭਾਵਨਾ ਦੇ ਵਿੱਚ ਸਵਰਗ ਜਾਣ ਲਈ ਕਦੇ ਢਿੱਡ ਦੇ ਭੁੱਖਿਆਂ ਦੇ ਲਈ ਤੇ ਕਦੇ ਸੱਤਾ ਦੇ ਭੁੱਖਿਆਂ ਲਈ ਲੰਗਰ ਲਗਾ ਰਹੇ ਹਾਂ। ਹਾਕਮ ਰਾਜ ਕਰੀ ਜਾ ਰਹੇ ਹਨ ਤੇ ਅਸੀਂ ਖੁਦ ਭੁੱਖ ਦੇ ਨਾਲ ਮਰੀ ਜਾ ਰਹੇ ਹਾਂ ਤੇ ਸਾਡੀ ਸੋਚਣ ਵਾਲੀ ਸੁੱਚ ਬੰਦ ਹੈ। ਹਾਕਮ ਨੇ ਰੁਮਾਲ ਹਿਲਾਇਆ ਤੇ ਇਧਰ ਫੁਲਕਾਰੀਆਂ ਹਿੱਲਣ ਤੇ ਕਿੱਲਣ ਲੱਗੀਆਂ। ਗਾਇਕਾ ਬੀਬੀ ਰਣਜੀਤ ਕੌਰ ਦੇ ਬੋਲ ਹਵਾ ਵਿੱਚ ਗੂੰਜਣ ਲੱਗੇ;" ਨੀ ਉਧਰੋਂ ਰੁਮਾਲ ਹਿੱਲਿਆ ਤੇ ਮੇਰੀ ਇਧਰੋਂ ਉਡੀ ਫੁਲਕਾਰੀ !" ਗੱਲ ਸਮਝਣ ਦੀ ਹੈ ਕਿ ਕੌਣ ਰੁਮਾਲ ਹਿਲਾ ਰਿਹਾ ਹੈ ਤੇ ਕਦੋਂ ਤੱਕ ਇਹ ਰੁਮਾਲ ਹਿਲਦੇ ਰਹਿਣਗੇ ਤੇ ਅਸੀਂ ਕਠਪੁਤਲੀਆਂ ਵਾਂਗੂੰ ਤਾਂਡਵ ਨਾਚ ਨੱਚਦੇ ਰਹਾਂਗੇ ? ਪੰਜਾਬ ਦੇ ਵਿੱਚ ਲੰਗਰ ਲੱਗਦੇ ਹਨ, ਹੁਣ ਛਬੀਲਾਂ ਲਗਾਈਆਂ ਜਾ ਰਹੀਆਂ ਹਨ। ਪੰਜਾਬ ਦੇ ਵਿੱਚੋਂ ਲੋਕ ਵਿਦੇਸ਼ਾਂ ਨੂੰ ਜਾਂਦੇ ਰਹੇ ਹਨ। ਹੁਣ ਕਹਿੰਦੇ ਕੈਨੇਡਾ ਤੋਂ ਅੱਸੀ ਹਜ਼ਾਰ ਭਾਰਤੀ ਵਾਪਸ ਭੇਜਣ ਦੀਆਂ ਖ਼ਬਰਾਂ ਹਨ। ਕੀ ਬਣੇਗਾ ਉਹਨਾਂ ਦਾ ਜਿਹੜੇ ਜ਼ਮੀਨ ਤੇ ਜਾਇਦਾਦਾਂ ਵੇਚ ਕੇ ਕੈਨੇਡਾ ਪੁੱਜੇ ਸਨ, ਹੁਣ ਉਹਨਾਂ ਨੂੰ ਕੌਣ ਸੰਭਾਲੇਗਾ?

# ਮੈਨੂੰ ਵੇਖ ਤੌਲੀਆਂ ਹੇਠਾਂ ਸਿੱਟਦੀ...



ਉਮਰ ਚਾਲੀ ਕੁ ਸਾਲ..ਆਕਰਸ਼ਿਕ ਜਿਹੀ ਉਹ ਔਰਤ ਚੁਬਾਰੇ 'ਤੇ ਲੱਗੀ ਗਰਿੱਲ ਤੇ ਕੂਹਣੀਆਂ ਰੱਖ ਖਲੋਤੀ ਹੋਈ ਮੈਨੂੰ ਲੰਘਦੇ ਹੋਏ ਨੂੰ ਵੇਖ ਹਮੇਸ਼ਾਂ ਮੁਸਕੁਰਾ ਪਿਆ ਕਰਦੀ..!

ਮੈਂ ਨੀਵੀਂ ਪਾ ਲੈਂਦਾ..ਅਗਾਂਹ ਜਾ ਪਰਤ ਕੇ ਵੇਖਦਾ ਤਾਂ ਨਜ਼ਰਾਂ ਅਜੇ ਵੀ ਮੇਰਾ ਪਿੱਛਾ ਕਰ ਰਹੀਆਂ ਹੁੰਦੀਆਂ..!

ਉਸ ਦਿਨ ਮਗਰੋਂ ਕਿਸੇ ਅਜੀਬ ਜਿਗਿਆਸਾ ਵੱਸ ਉਸੇ ਗਲੀ ਵਿਚੋਂ ਦੀ ਲੰਘਣਾ ਮੈਂ ਆਪਣੀ ਪੱਕੀ ਰੁਟੀਨ ਜਿਹੀ ਬਣਾ ਲਈ..!

ਨਾਲ ਦੇ ਖਾਸ ਦੋਸਤਾਂ ਨਾਲ ਜਿਕਰ ਕੀਤਾ ਤਾਂ ਆਖਣ ਲੱਗੇ..ਅੱਠ ਦੱਸ ਸਾਲ ਵੱਡੀ ਏ ਤਾਂ ਫੇਰ ਕੀ ਹੋਇਆ..ਅੱਜ ਕੱਲ੍ਹ ਤਾਂ ਸਭ ਕੁਝ ਚੱਲਦਾ ਏ..!

ਇੱਕ ਦਿਨ ਉਸਨੇ ਮੈਨੂੰ ਵੇਖ ਗਰਿੱਲ ਉੱਤੇ ਸੁੱਕਣੇ ਪਾਇਆ ਤੌਲੀਆਂ ਭੁੰਜੇ ਸਿੱਟ ਦਿੱਤਾ..ਮੈਂ ਇਸਨੂੰ ਇੱਕ ਖਾਸ ਇਸ਼ਾਰਾ ਸਮਝ ਉਥੇ ਹੀ ਖਲ੍ਹੋ ਗਿਆ..ਏਧਰ ਓਧਰ ਵੇਖਿਆ..ਤੌਲੀਆ ਚੁੱਕਿਆ ਤੇ ਫੇਰ ਉਸ ਘਰ ਦਾ ਗੇਟ ਖੜ੍ਹਕਾ ਦਿੱਤਾ..!

ਘੜੀ ਕੂ ਮਗਰੋਂ ਹੱਸਦੀ ਹੋਈ ਬਾਹਰ ਨਿੱਕਲੀ..ਮੇਰੇ ਹੱਥੋਂ ਤੌਲੀਆ ਫੜਿਆ ਤੇ ਗੇਟ ਬੰਦ ਕਰ ਲਿਆ..!

ਹੁਣ ਇਹ ਘਟਨਾਕ੍ਰਮ ਲਗਪਗ ਹਰ ਰੋਜ਼ ਹੀ ਵਾਪਰਨਾ ਸ਼ੁਰੂ ਹੋ ਗਿਆ..ਮੈਨੂੰ ਵੇਖ ਤੌਲੀਆਂ ਹੇਠਾਂ ਸਿੱਟਦੀ..ਮੈਂ ਚੁੱਕਦਾ ਤੇ ਗੇਟ ਖੜਕਾ ਦਿੰਦਾ..ਘੜੀ ਕੂ ਮਗਰੋਂ ਗੇਟ ਖੁੱਲ੍ਹਦਾ ਤੇ ਉਹ ਤੌਲੀਆਂ ਫੜ੍ਹ ਹੱਸਦੀ ਹੋਈ ਫੇਰ ਅੰਦਰ ਵੜ ਜਾਇਆ ਕਰਦੀ..!

ਫੇਰ ਮੈਂ ਇੱਕ ਫੈਸਲਾ ਕਰ ਲਿਆ..ਉਸ ਦਿਨ ਮੈਂ ਗੇਟ ਖੜਕਾ ਕੇ ਇੰਤਜਾਰ ਨਹੀਂ ਕੀਤਾ ਸਗੋਂ ਗੇਟ ਆਪੇ ਹੀ ਖੋਲ੍ਹ ਛੇਤੀ ਨਾਲ ਅੰਦਰ ਵੜ ਗਿਆ..!

ਵੇਹੜੇ ਦੀ ਨੁੱਕਰ ਵਿਚ ਬਜ਼ੁਰਗ ਲੰਮੇ ਪਏ ਸਨ..ਮੈਨੂੰ ਏਧਰ ਓਧਰ ਝਾਕਦੇ ਹੋਏ ਨੂੰ ਵੇਖ ਉੱਠ ਪਏ..ਕੋਲ ਸੱਦ ਆਖਣ ਲੱਗੇ ਪੁੱਤਰ ਕਿਹਨੂੰ ਮਿਲਣਾ..?

ਮੈਨੂੰ ਨਿਰੁੱਤਰ ਹੋ ਗਏ ਨੂੰ ਵੇਖ ਹੱਸ ਪਏ ਤੇ ਆਖਣ ਲੱਗੇ ਤੂੰ ਵੀ ਲੱਗਦਾ ਭੁਲੇਖਾ ਖਾ ਗਿਆ..ਬਾਹੋਂ ਫੜ੍ਹ ਕੋਲ ਬਿਠਾ ਲਿਆ ਤੇ ਬੋਲਣਾ ਸ਼ੁਰੂ ਕਰ ਦਿੱਤਾ..ਪੁੱਤਰ ਕਿਸੇ ਵੇਲੇ ਸਾਡਾ ਦਿੱਲੀ ਚੰਗਾ ਕਾਰੋਬਾਰ ਹੋਇਆ ਕਰਦਾ ਸੀ..ਜਿਸ ਦਿਨ ਇੰਦਰਾ ਮਰੀ ਤਾਂ ਆਹ ਮੇਰੀ ਵੱਡੀ ਧੀ ਦਸਾਂ ਕੂ ਸਾਲਾਂ ਦੀ ਹੋਵੇਗੀ..ਪਹਿਲੀ ਨਵੰਬਰ ਨੂੰ ਇਹ ਦੋਵੇਂ ਭੈਣ-ਭਰਾ ਸਾਰਾ ਦਿਨ ਚੁਬਾਰੇ ਤੇ ਚੜ ਲੱਗੀਆਂ ਅੱਗਾਂ ਭੀੜਾਂ ਵੇਖਦੇ ਹੋਏ ਮੇਰੇ ਫੈਕਟਰੀ ਗਏ ਦੇ ਪਰਤਣ ਦੀ ਉਡੀਕ ਕਰਦੇ ਰਹੇ..!

ਪਰ ਮੇਰੇ ਘਰ ਅੱਪੜਨ ਤੋਂ ਪਹਿਲਾਂ ਹੀ ਚਾਰੇ ਪਾਸੇ ਵੱਡ-ਟੁੱਕ ਸ਼ੁਰੂ ਹੋ ਗਈ..।

ਉਸ ਦਿਨ ਆਥਣ ਵੇਲੇ ਕੋਠੇ ਉੱਤੇ ਸੁੱਕਣੇ ਪਾਏ ਕੱਪੜੇ ਲਾਹੁੰਦੀ ਹੋਈ ਮੇਰੀ ਇਸ ਧੀ ਕੋਲੋਂ ਇੱਕ ਤੌਲੀਆਂ ਹੇਠਾਂ ਡਿੱਗ ਗਲੀ ਵਿਚ ਜਾ ਪਿਆ..!

ਪਤਾ ਲੱਗਣ ਤੇ ਜਦੋਂ ਇਸਦਾ ਨਿੱਕਾ ਵੀਰ ਓਹੀ ਡਿੱਗਿਆ ਹੋਇਆ ਤੌਲੀਆ ਫੜਨ ਬਾਹਰ ਗਲੀ ਵਿਚ ਨਿੱਕਲਿਆ ਤਾਂ ਇਹ ਕਮਲੀ ਮਗਰੋਂ ਵਾਜਾਂ ਮਾਰਦੀ ਹੀ ਰਹਿ ਗਈ..ਮੁੜ ਆ ਵੀਰੇ..ਬਾਹਰ ਉਹ ਖਲੋਤੇ ਨੇ..ਤੈਨੂੰ ਮਾਰ ਦੇਣਗੇ..!

ਪਰ ਇਸਦੀ ਗੱਲ ਅਣਸੁਣੀ ਕਰ ਬਾਹਰ ਨੂੰ ਭੱਜ ਗਿਆ ਉਹ ਫੇਰ ਕਦੇ ਵੀ ਵਾਪਿਸ ਨਾ ਮੁੜਿਆ..ਇਸਨੂੰ ਖੁਦ ਨੂੰ ਵੀ ਇੱਕ ਸਿੰਧੀ ਪਰਿਵਾਰ ਨੇ ਤਿੰਨ ਦਿਨ ਆਪਣੇ ਘਰੇ ਟਰੰਕ ਵਿਚ ਲੁਕਾਈ ਰੱਖਿਆ..ਮੁੜਕੇ ਚੌਥੇ ਦਿਨ ਜਦੋਂ ਬਾਹਰ ਗਲੀ ਵਿਚ ਸਵਾਹ ਦੀ ਢੇਰੀ ਬਣੇ ਆਪਣੇ ਨਿੱਕੇ ਵੀਰ ਦਾ ਸੱਜੇ ਗੁੱਟ ਦਾ ਕੜਾ ਲਭਿਆ ਤਾਂ ਇਹ ਵਾਕਿਆ ਹੀ ਕਮਲੀ ਹੋ ਗਈ..!

ਏਨੇ ਵਰ੍ਹਿਆਂ ਮਗਰੋਂ ਹੁਣ ਵੀ ਜਦੋਂ ਕੋਈ ਡਿੱਗਿਆ ਹੋਇਆ ਤੌਲੀਆ ਫੜਾਉਣ ਗੇਟ ਤੇ ਆਉਂਦਾ ਏ ਤਾਂ ਇਸਨੂੰ ਏਹੀ ਲੱਗਦਾ ਕੇ ਕਈ ਵਰ੍ਹੇ ਪਹਿਲਾਂ ਗਵਾਚ ਗਿਆ ਇਸਦਾ ਨਿੱਕਾ ਵੀਰ ਸ਼ਾਇਦ ਵਾਪਿਸ ਪਰਤ ਆਇਆ ਹੋਵੇ..!

ਬਾਬਾ ਜੀ ਅਜੇ ਵੀ ਗੱਲਾਂ ਕਰੀ ਜਾ ਰਹੇ ਸਨ ਪਰ ਲਗਪਗ ਪੱਥਰ ਬਣ ਗਏ ਨੂੰ ਮੈਨੂੰ ਸੁਣਨੋਂ ਹਟ ਗਿਆ..ਚੜ੍ਹਦੀ ਉਮਰ ਦੀ ਸਿਖਰ..ਹਮੇਸ਼ਾ ਜਵਾਨੀ ਦੀ ਸਤਵੀਂ ਸਿਖਰ 'ਤੇ ਉੱਡਦੇ ਰਹਿੰਦੇ ਨੂੰ ਸ਼ਾਇਦ ਅੱਜ ਪਹਿਲੀ ਵਾਰ ਅਹਿਸਾਸ ਹੋਇਆ ਕੇ ਕਾਸ਼ ਭੋਏਂ ਆਪਣਾ ਸੀਨ੍ਹਾ ਪਾੜ ਥੋੜਾ ਜਿਹਾ ਲਾਂਘਗਾ ਦੇ ਦੇਵੇ ਤਾਂ ਕੇ ਮੈਂ ਉਸ ਵਿਚ ਸਦਾ-ਸਦਾ ਲਈ ਸਮੋ ਕੇ ਗਵਾਚ ਜਾਵਾਂ ਕਿਉਂਕਿ ਮੇਰੇ ਹੱਥੋਂ ਤੌਲੀਆ ਫੜਦੀ ਹੋਈ ਉਹ ਅੱਜ ਬਿਲਕੁਲ ਵੀ ਹੱਸੀ ਨਹੀਂ ਸੀ ਸਗੋਂ ਉਸਦੀਆਂ ਅੱਖਾਂ ਵਿਚ ਅੱਜ ਪਹਿਲੀ ਵਾਰ ਮੋਟੇ ਮੋਟੇ ਹੰਜੂ ਸਨ..!

ਸੋ ਦੋਸਤੋ ਹਯਾਤੀ ਦੇ ਸਫ਼ਰ ਵਿਚ ਕੁਝ ਪੈਂਡੇ ਐਸੇ ਵੀ ਹੁੰਦੇ ਨੇ ਜਿਥੇ ਪੈਰ ਨਹੀਂ ਸਗੋਂ ਜਮੀਰ ਮਾਨਸਿਕਤਾ ਅਤੇ ਸੋਚ ਥੱਕ ਜਾਇਆ ਕਰਦੀ ਏ..ਅਤੇ ਖੁਦ ਦੀਆਂ ਨਜਰਾਂ ਵਿਚੋਂ ਡਿੱਗਿਆਂ ਇਨਸਾਨ ਭੋਏਂ ਤੇ ਨਹੀਂ ਸਗੋਂ ਸ਼ਰਮਿੰਦਗੀ ਦੇ ਐਸੇ ਡੂੰਘੇ ਖੂਹ ਵਿਚ ਜਾ ਡਿੱਗਦਾ ਜਿਸਦਾ ਥੱਲਾ ਹੁੰਦਾ ਹੀ ਨਹੀਂ..!

ਹਰਪ੍ਰੀਤ ਸਿੰਘ







## ਪੰਜਾਬ ਚੋਣਾਂ :

# ਫਰਵਰੀ 'ਚ ਨਹੀਂ ਸਜੇਗਾ ਚੋਣ ਮੇਲਾ..!



ਚਰਨਜੀਤ ਭੁੱਲਰ

ਚੰਡੀਗੜ੍ਹ :ਪੰਜਾਬ ਵਿਧਾਨ ਸਭਾ ਚੋਣਾਂ ਦੀ ਸਿਆਸੀ ਧਮਾਲ ਆਮ ਤੌਰ 'ਤੇ ਫਰਵਰੀ ਮਹੀਨੇ 'ਚ ਹੀ ਪੈਂਦੀ ਰਹੀ ਹੈ ਪ੍ਰੰਤੂ ਐਤਕੀਂ ਵਿਧਾਨ ਸਭਾ ਚੋਣਾਂ ਅਗੇਤੀਆਂ ਹੋਣ ਦਾ ਰੌਲਾ ਰੱਪਾ ਪੈ ਰਿਹਾ ਹੈ। ਆਮ ਆਦਮੀ ਪਾਰਟੀ ਨੇ ਤਾਂ ਨਵੰਬਰ ਮਹੀਨੇ 'ਚ ਚੋਣਾਂ ਹੋਣ ਦਾ ਕਿਆਸ ਕੀਤਾ ਹੈ ਜਦੋਂ ਕਿ ਚੋਣਾਂ ਦੇ ਐਲਾਨ ਤੱਕ ਕੁੱਝ ਵੀ ਪੱਕਾ ਨਹੀਂ ਹੈ। ਪਿਛਾਂਹ ਨਜ਼ਰ ਮਾਰੀਏ ਤਾਂ ਪੰਜਾਬ 'ਚ 1952 ਤੋਂ ਲੈ ਕੇ ਹੁਣ ਤੱਕ 16ਵਾਂ ਅਸੈਂਬਲੀ ਚੋਣਾਂ ਹੋ ਚੁੱਕੀਆਂ ਹਨ ਜਿਨ੍ਹਾਂ 'ਚ 9 ਵਾਰੀ ਅਸੈਂਬਲੀ ਚੋਣਾਂ ਫਰਵਰੀ ਮਹੀਨੇ 'ਚ ਹੀ ਹੋਈਆਂ ਹਨ ਜਦੋਂ ਕਿ ਤਿੰਨ ਵਾਰ ਵਿਧਾਨ ਸਭਾ ਚੋਣਾਂ ਮਾਰਚ ਮਹੀਨੇ 'ਚ ਹੋਈਆਂ। ਵੇਰਵਿਆਂ ਅਨੁਸਾਰ ਸਾਲ 1992 ਦੀਆਂ ਵਿਧਾਨ ਸਭਾ ਚੋਣਾਂ ਤੋਂ ਹੁਣ ਤੱਕ ਹੋਈਆਂ ਚੋਣਾਂ ਫਰਵਰੀ ਮਹੀਨੇ 'ਚ ਹੀ ਹੋਈਆਂ ਅਤੇ ਸਿਰਫ਼ 2012 ਦੀਆਂ ਚੋਣਾਂ 30 ਜਨਵਰੀ 2012 ਨੂੰ ਹੋਈਆਂ ਸਨ। ਪਹਿਲੀ ਵਿਧਾਨ ਸਭਾ ਚੋਣ 1952 'ਚ 26 ਮਾਰਚ ਨੂੰ ਹੋਈ ਸੀ ਅਤੇ ਦੂਜੀ ਚੋਣ 1957 'ਚ ਮੁੜ ਮਾਰਚ ਮਹੀਨੇ 'ਚ ਹੋਈ ਸੀ।



ਉਸ ਮਗਰੋਂ ਲਗਾਤਾਰ 1962, 1967 ਅਤੇ 1969 ਦੀ ਚੋਣ ਮਾਰਚ ਮਹੀਨੇ 'ਚ ਹੋਈ ਸੀ। ਪੰਜਾਬ 'ਚ ਕੇਵਲ 1985 ਦੀ ਵਿਧਾਨ ਸਭਾ ਚੋਣ ਸੀ ਜੋ ਸਾਲ ਦੇ ਅੱਧ ਤੋਂ ਬਾਅਦ ਸਤੰਬਰ ਮਹੀਨੇ 'ਚ ਹੋਈ ਸੀ। ਹੁਣ ਚਰਚੇ ਹਨ ਕਿ 17ਵੀਂ ਵਿਧਾਨ ਸਭਾ ਦੀ ਚੋਣ ਨਵੰਬਰ 'ਚ ਹੋ ਸਕਦੀ ਹੈ। ਜੇ ਇਹ ਕਿਆਸ ਸੱਚ ਹੋਇਆ ਤਾਂ ਫਰਵਰੀ ਮਹੀਨੇ ਦੇ ਹੱਥੋਂ ਚੋਣ ਪਿੜ ਖੁੱਸ ਜਾਣਾ ਹੈ। ਵੈਸੇ ਪੰਜਾਬ 'ਚ ਚੋਣਾਂ ਫਰਵਰੀ ਮਾਰਚ ਮਹੀਨੇ 'ਚ ਹੋਣ ਕਰਕੇ ਇਸ ਦਾ ਅਸਰ ਪੋੇਲੰਗ ਫ਼ੀਸਦੀ 'ਤੇ ਵੀ ਪੈਂਦਾ ਹੈ। ਹੁਣ ਅਗੇਤੀਆਂ ਚੋਣਾਂ ਪਿੱਛੇ ਤਰਕ ਦਿੱਤਾ ਜਾ ਰਿਹਾ ਹੈ ਕਿ ਮਰਦਮਸ਼ੁਮਾਰੀ ਦਾ ਪੰਜਾਬ 'ਚ ਦੂਜਾ ਪੜਾਅ 9 ਫਰਵਰੀ ਤੋਂ 28 ਫਰਵਰੀ ਤੱਕ ਚੱਲਣਾ ਹੈ ਜਿਸ 'ਚ ਕਰੀਬ 67 ਹਜ਼ਾਰ ਮੁਲਾਜ਼ਮਾਂ ਦੀ ਤਾਇਨਾਤੀ ਹੋਣੀ ਹੈ। ਚੋਣ ਮਾਹੌਲ ਦੇ ਦੌਰਾਨ ਜਿੱਥੇ ਮਰਦਮਸ਼ੁਮਾਰੀ ਪ੍ਰਭਾਵਿਤ ਹੋਵੇਗੀ, ਉੱਥੇ ਚੋਣ ਅਮਲੇ ਦੀ ਕਿੱਲਤ ਵੀ ਬਣੇਗੀ।

ਦੇਖਿਆ ਜਾਵੇ ਤਾਂ ਸਾਲ 2017 'ਚ ਵਿਧਾਨ ਸਭਾ ਚੋਣਾਂ 4 ਫਰਵਰੀ ਨੂੰ ਖ਼ਤਮ ਹੋ ਗਈਆਂ ਸਨ ਅਤੇ 2007 'ਚ ਚੋਣਾਂ ਦਾ ਕੰਮ 30 ਜਨਵਰੀ ਨੂੰ ਸਮਾਪਤ ਹੋ ਗਿਆ ਸੀ।

ਹਾਲਾਂਕਿ ਐਤਕੀਂ ਮਰਦਮਸ਼ੁਮਾਰੀ ਦਾ ਕੰਮ 9 ਫਰਵਰੀ ਤੋਂ ਸ਼ੁਰੂ ਹੋਣਾ ਹੈ। ਸਿਆਸੀ ਵਿਸ਼ਲੇਸ਼ਕ ਆਖਦੇ ਹਨ ਕਿ ਅਗਰ ਮਰਦਮਸ਼ੁਮਾਰੀ ਵੱਡਾ ਕਾਰਨ ਹੈ ਤਾਂ ਚੋਣਾਂ ਹਫ਼ਤਾ ਜਾਂ ਦੋ ਹਫ਼ਤੇ ਅਗੇਤ ਨਾਲ ਵੀ ਹੋ ਸਕਦੀਆਂ ਹਨ। ਦੂਜੀ ਦਲੀਲ ਉੱਤਰ ਪ੍ਰਦੇਸ਼ 'ਚ ਜਨਵਰੀ ਮਹੀਨੇ 'ਚ ਸ਼ੁਰੂ ਹੋਣ ਵਾਲੇ ਮਹਾਂ ਕੁੰਭ ਦੇ ਮੇਲੇ ਦੀ ਹੈ ਕਿਉਂਕਿ ਉੱਥੇ ਵੱਡੀ ਗਿਣਤੀ 'ਚ ਅਰਧ ਸੈਨਿਕ ਬਲਾਂ ਦੀ ਤਾਇਨਾਤੀ ਹੋਣੀ ਹੈ। ਪੰਜਾਬ ਚੋਣਾਂ ਲਈ ਉਸ ਮੌਕੇ 'ਤੇ ਕੇਂਦਰੀ ਬਲਾਂ ਦੀ ਕਿੱਲਤ ਬਣਨ ਦੀ ਗੱਲ ਕਹੀ ਜਾ ਰਹੀ ਹੈ। ਆਮ ਆਦਮੀ ਪਾਰਟੀ ਅਗੇਤੀਆਂ ਚੋਣਾਂ ਹੋਣ 'ਤੇ ਕਿਆਸ ਲਾਉਣ 'ਚ ਸਭ ਤੋਂ ਅੱਗੇ ਹਨ ਜਦੋਂ ਕਿ ਭਾਜਪਾ ਦੇ ਕੁੱਝ ਆਗੂ ਇਸ ਭਵਿੱਖਬਾਣੀ ਨੂੰ ਰੱਦ ਵੀ ਕਰ ਚੁੱਕੇ ਹਨ। ਆਮ ਆਦਮੀ ਪਾਰਟੀ ਇਸ ਮੌਕੇ ਸੂਬੇ 'ਚ ਬਣੇ ਸਿਆਸੀ ਮਾਹੌਲ ਦਾ ਲਾਹਾ ਵੀ ਚੁੱਕਣ ਦੀ ਤਾਕ ਵਿੱਚ ਹੈ। ਹਾਲ 'ਚ ਹੋਈਆਂ ਨਗਰ ਕੌਂਸਲ ਚੋਣਾਂ 'ਚ 'ਆਪ' ਦੀ ਝੋਲੀ 954 ਵਾਰਡ ਪਏ ਹਨ।

ਇਸੇ ਤਰ੍ਹਾਂ ਜੁਲਾਈ ਤੋਂ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨੇ ਮਾਣ ਭੱਤਾ ਦੇਣਾ ਵੀ ਸ਼ੁਰੂ ਕੀਤਾ ਜਾਣਾ ਹੈ। ਵਿਸਲੇਸ਼ਕਾਂ ਦਾ ਕਹਿਣਾ ਹਨ ਕਿ ਅਗੇਤੀ ਚੋਣ ਹੋਣ ਦੀ ਸੂਰਤ 'ਚ ਸੱਤਾਧਾਰੀ ਧਿਰ ਨੂੰ ਮੁੱਢਲੇ ਪੜਾਅ 'ਤੇ ਤਿੰਨ ਮਹੀਨੇ ਲਈ ਮਾਣ ਭੱਤੇ ਦੇ ਬਜਟ ਦਾ ਪ੍ਰਬੰਧ ਕਰਨਾ ਸੌਖਾ ਹੋਵੇਗਾ। ਅਗੇਤੀਆਂ ਚੋਣਾਂ ਹੋਣ ਦੀ ਸੂਰਤ 'ਚ ਚੋਣ ਜ਼ਾਬਤਾ ਵੀ ਅਕਤੂਬਰ 'ਚ ਲੱਗ ਸਕਦਾ ਹੈ। ਆਪ ਆਗੂ ਆਖ ਰਹੇ ਹਨ ਕਿ ਕਾਂਗਰਸ ਪਾਰਟੀ ਧੜੇਬੰਦੀ ਵਿੱਚ ਉਲਝੀ ਹੋਈ ਹੈ ਅਤੇ ਅਗੇਤੀਆਂ ਚੋਣਾਂ ਦੇ ਐਲਾਨ ਕਾਰਨ ਵਿਰੋਧੀ ਧਿਰਾਂ ਫ਼ੌਰੀ ਉੱਭਰ ਨਹੀਂ ਸਕਣਗੀਆਂ। ਸਿਆਸੀ ਚਿੰਤਕ ਆਖਦੇ ਹਨ ਕਿ ਪੰਜਾਬ ਚੋਣਾਂ ਦੀ ਅਗੇਤ ਪਿਛੇਤ ਭਾਜਪਾ ਦੀ ਰਣਨੀਤੀ 'ਤੇ ਨਿਰਭਰ ਕਰੇਗੀ। ਉਂਜ, ਪੰਜਾਬ 'ਚ ਜਿੱਥੇ 'ਆਪ' ਨੇ ਰੋਡ ਸ਼ੋਅ ਕਰਕੇ ਚੋਣ ਮੈਦਾਨ ਭਖਾ ਦਿੱਤਾ ਹੈ, ਉੱਥੇ ਭਾਜਪਾ ਨੇ ਵੀ ਰੈਲੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਪਾਰਟੀ ਦੇ ਅਜਬਰਵਰਾਂ ਦੀ ਤਿੱਕੜੀ ਸੂਬੇ ਚੋਂ ਫੀਡ ਬੈਕ ਲੈ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਸਿਆਸੀ ਗਠਜੋੜ ਲਈ ਭਾਜਪਾ ਦੀ ਰਾਹ ਦੇਖ ਰਿਹਾ ਹੈ।

# "ਕੁੰਜੀ ਮਹਿੰਗੀ ਪਈ"



ਕੋਈ ਪੰਜਾਹ ਕੁ ਸਾਲ ਪੁਰਾਣੀ ਘਟਨਾ ਹੈ ! ਇਕ ਗਰੀਬ ਪੇਂਡੂ ਪਰਿਵਾਰ ਨੂੰ ਕਿਸੇ ਰਿਸ਼ਤੇਦਾਰੀ ਵਿਚ ਵਿਆਹ ਜਾਣਾ ਪਿਆ। ਕਿਸੇ ਨੇ ਝੋਲ਼ਾ ਮੋਢੇ ਟੰਗਿਆ,ਕਿਸੇ ਨੇ ਗੱਠੜੀ ਸਿਰ ਤੇ ਰੱਖੀ , ਕਿਸੇ ਨੇ ਲੋਹੇ ਦੀ ਟਰੰਕੀ ਸਿਰ ਤੇ ਰੱਖੀ ! ਘਰੋਂ ਬਾਹਰ ਹੋ ਕੇ ਬੂਹੇ ਨੂੰ ਜਿੰਦਰਾ ਮਾਰਿਆ। ਘਰ ਵਾਲੇ ਨੇ ਕੁੰਜੀ ਨੂੰ ਪੱਗ ਦੇ ਲੜ ਬੰਨ੍ਹਕੇ ਸਿਰ 'ਤੇ ਟੰਗ ਲਈ !

ਘਰ ਵਾਲੀ ਬੋਲੀ ਛੇਤੀ ਕਰੋ !

ਕਿਤੇ ਟਾਂਗਾ ਨਾ ਤੁਰ ਜਾਵੇ !ਆਪਾਂ ਟਾਂਗੇ ਤੇ ਚੱਲਾਂਗੇ !ਇਹ ਸੁੱਣ ਕੇ ਘਰ ਵਾਲਾ ਬੋਲਿਆ ਜੋ ਕੰਜੂਸ ਸੀ !"ਕੀ ਗੱਲ ! ਆਪਾਂ ਪੰਜ ਸੱਤ ਮੀਲ ਤੁੱਰ ਨਹੀ ਸੱਕਦੇ !ਟਾਂਗੇ ਵਾਲੇ ਨੂੰ ਜਰੂਰ ਦੱਸ ਰੁਪੈ ਦੇਣੇ ਨੇ, ਚੁੱਪ ਕਰਕੇ ਤੁਰੀ ਚਲੋ !" ਹੁਣ ਸਾਰਾ ਪ੍ਰੀਵਾਰ ਵਿਆਹ ਵਾਲੇ ਘਰ

ਪਹੁੰਚ ਚੁੱਕਾ ਸੀ। ਇਕ ਦਿਨ

ਜਾਣ ਲਈ, ਇਕ ਦਿਨ ਆਉਣ ਲਈ, ਤਿੰਨ ਦਿਨ ਵਿਆਹ ਵਿਚ ਕੁੱਲ ਪੰਜ ਦਿਨ ਲੱਡੂ ਜਲੇਬੀਆਂ ਖਾਧੀਆਂ ! ਉੱਥੇ ਪਹੁੰਚ ਕੇ ਘਰ ਵਾਲੇ ਨੇ ਪੱਗ ਦੇ ਲੱੜ ਨਾਲ਼ੋਂ ਕੁੰਜੀ ਖੋਲ੍ਹ ਕੇ ਇਕ ਝੋਲੇ ਵਿਚ ਪਾ ਦਿੱਤੀ। ਅਤੇ ਕੁੰਜੀ ਬਾਰੇ ਭੁੱਲ ਬੈਠਾ ! ਜਦੋਂ ਵਾਪਿਸ ਮੁੜੇ ਤਾਂ ਵਿਆਹ ਵਾਲਿਆਂ ਨੇ ਉਹ ਝੋਲ਼ਾ ਭਾਜੀ, ਨਾਲ ਭਰ ਦਿੱਤਾ !ਅਤੇ ਕੁੰਜੀ ਥੱਲੇ ਦੱਬ ਗਈ !

ਹੁਣ ਸਾਰੇ ਪਿੰਡ ਮੁੜ ਵਾਪਿਸ ਪਹੁੰਚ। ਜਿੰਦਰਾ ਖੋਲਣ ਲਈ ਕੁੰਜੀ ਲੱਭਣ ਲੱਗੇ ! ਇੱਧਰ ਉਧਰ ਹੱਥ ਪੱਲਾ ਮਾਰਿਆ, ਸਿਰ ਤੋਂ ਪੱਗ ਲਾਹ ਕੇ ਖੋਲ੍ਹ ਕੇ ਵੇਖੀ ! ਹੁਣ ਕੁੰਜੀ ਨਾ ਲੱਭੀ ! ਅਸਲ ਵਿਚ ਉਹ ਕੁੰਜੀ ਬਾਰੇ ਭੁੱਲ ਬੈਠਾ ਸੀ !

ਗ਼ੁੱਸੇ ਵਿਚ ਆ ਕੇ ਇਕ ਇੱਟ ਚੁੱਕੀ ਤੇ ਜਿੰਦਰਾ ਕੁੱਟ ਧਰਿਆ ! ਹੁਣ ਦੱਸ ਰੁਪੈ ਦਾ ਜਿੰਦਰਾ ਟੁੱਟਕੇ ਹੇਠਾਂ ਡਿਗਿਆ ਪਿਆ ਸੀ ! ਸਾਰੇ ਘਰ ਅੰਦਰ ਵੱੜਕੇ ਕੰਮ ਦੇ ਆਹਰ ਲੱਗ ਗਏ ! ਘਰ ਵਾਲੀ ਨੇ ਬੀਹੀ ਵਿਚ ਭਾਜੀ ਵੰਡਣ ਲਈ ਭਾਜੀ ਵਾਲਾ ਝੋਲ਼ਾ ਪਰਾਂਤ ਵਿਚ ਢੇਰੀ ਕੀਤਾ ਤਾਂ ਕੁੰਜੀ ਨਿਕਲ ਆਈ ! ਵੇਖ ਕੇ ਘਰ ਵਾਲੀ ਬੋਲੀ ", ਭੋਲ਼ੇ ਦੇ ਬਾਪੂ ਕੁੰਜੀ ਤਾਂ ਜੈ ਖਾਣੇ ਦੀ ਆਹ ਲੱਡੂਆਂ 'ਚ, ਪਈ ਐ," ਸੁੱਣ ਕੇ ਗ਼ੁੱਸੇ ਵਿਚ ਘਰ ਵਾਲਾ ਬੋਲਿਆ, " ਕੁੰਜੀ ਨੂੰ ਕਹਿਦੇ ਹੁਣ ਲੱਡੂ ਈ ਖਾਲ਼ੇ ! ਮੇਰਾ ਤਾਂ ਟਾਂਗਾ ਤੇ ਜ਼ਿੰਦਾ ਬਰਾਬਰ ਹੋ ਗਿਆ ! ਪਰ੍ਹੇ ਸੁੱਟ ਕੁੰਜੀ ਨੂੰ ਇਹ ਲੱਡੂ ਖਾਣ ਦੇ ਲਾਇਕ ਨਹੀ ਹੁਣ , !"

ਗੁਰਮੇਲ "ਘੁਮਾਣ", 95018 48436

# 99 ਸ਼ਰਧਾਲੂਆਂ ਨੂੰ ਅਟਾਰੀ ਸਰਹੱਦ 'ਤੇ ਰੋਕਿਆ

## ਕੁਝ ਨੂੰ ਦਸਤਾਵੇਜ਼ ਕਲੀਅਰ ਹੋਣ ਤੋਂ ਬਾਅਦ ਪਾਕਿਸਤਾਨ ਭੇਜਿਆ ਗਿਆ




ਸਿੱਖ ਸ਼ਰਧਾਲੂਆਂ ਦਾ ਇੱਕ ਸਮੂਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਉੱਥੋਂ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਲਈ ਅਟਾਰੀ-ਵਾਹਗਾ ਸਾਂਝੀ ਚੈੱਕ ਪੋਸਟ ਰਾਹੀਂ ਪਾਕਿਸਤਾਨ ਲਈ ਰਵਾਨਾ ਹੋਇਆ। ਕੁੱਲ 518 ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ, ਪਰ 99 ਨੂੰ ਉਨ੍ਹਾਂ ਦੇ ਦਸਤਾਵੇਜ਼ਾਂ ਵਿੱਚ ਅੰਤਰ ਕਾਰਨ ਸਰਹੱਦ 'ਤੇ ਰੋਕ ਦਿੱਤਾ ਗਿਆ। ਅਧਿਕਾਰੀਆਂ ਅਨੁਸਾਰ, ਸ਼ੁਰੂਆਤੀ ਜਾਂਚ ਦੌਰਾਨ 78 ਸ਼ਰਧਾਲੂਆਂ ਨੂੰ ਰੋਕਿਆ ਗਿਆ ਸੀ। ਬਾਅਦ ਵਿੱਚ, ਹਰਿਆਣਾ ਤੋਂ ਹੋਰ ਸ਼ਰਧਾਲੂਆਂ ਦੇ ਆਉਣ ਨਾਲ ਇਹ ਗਿਣਤੀ 99 ਹੋ ਗਈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸ਼ਰਧਾਲੂਆਂ ਲਈ ਪੁਲਿਸ ਤਸਦੀਕ ਪੂਰੀ ਨਹੀਂ ਹੋਈ ਸੀ, ਜਦੋਂ ਕਿ ਹੋਰਾਂ ਦੇ ਦਸਤਾਵੇਜ਼ ਅਧੂਰੇ ਪਾਏ ਗਏ ਸਨ। ਸੁਰੱਖਿਆ ਅਤੇ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਕੁਝ ਸ਼ਰਧਾਲੂਆਂ ਨੂੰ ਇਜਾਜ਼ਤ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਗਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਜਿਨ੍ਹਾਂ ਸ਼ਰਧਾਲੂਆਂ ਨੇ ਬਾਅਦ ਵਿੱਚ ਆਪਣੇ ਦਸਤਾਵੇਜ਼ ਪੂਰੇ ਕੀਤੇ ਸਨ, ਉਨ੍ਹਾਂ ਨੂੰ ਦੇਰ ਸ਼ਾਮ ਪਾਕਿਸਤਾਨ ਭੇਜ ਦਿੱਤਾ ਗਿਆ। ਜ਼ਰੂਰੀ ਕਾਗਜ਼ੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਵੀਰਵਾਰ ਨੂੰ ਦੋ ਸ਼ਰਧਾਲੂਆਂ ਨੂੰ ਵੀ ਭੇਜਿਆ ਗਿਆ। ਬਾਕੀ ਸ਼ਰਧਾਲੂਆਂ ਨੂੰ ਫਿਲਹਾਲ ਰੋਕ ਲਿਆ ਗਿਆ ਹੈ। ਇਸ ਦੌਰਾਨ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਸੀ ਕਿ ਉਹ ਸ਼ਰਧਾਲੂਆਂ ਨੂੰ ਰੋਕੇ ਜਾਣ ਦੇ ਮਾਮਲੇ ਦੀ ਜਾਂਚ ਲਈ ਇੱਕ ਟੀਮ ਭੇਜੇਗੀ, ਪਰ ਟੀਮ ਵੀਰਵਾਰ ਸ਼ਾਮ ਤੱਕ ਅਟਾਰੀ ਨਹੀਂ ਪਹੁੰਚੀ। ਐਸਜੀਪੀਸੀ ਦੇ ਵਧੀਕ ਮੈਨੇਜਰ ਰਾਜਿੰਦਰ ਸਿੰਘ ਨੇ ਦੱਸਿਆ ਕਿ ਰੋਕੇ ਗਏ ਸਾਰੇ ਸ਼ਰਧਾਲੂ ਹਰਿਆਣਾ ਨਾਲ ਸਬੰਧਤ ਹਨ; ਬਾਕੀ ਸਾਰੇ ਸ਼ਰਧਾਲੂਆਂ ਨੂੰ ਬੁੱਧਵਾਰ ਦੇਰ ਰਾਤ ਤੱਕ ਪਾਕਿਸਤਾਨ ਭੇਜ ਦਿੱਤਾ ਗਿਆ ਸੀ। ਇਹ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਗੁਰਪੁਰਬ ਮੌਕੇ 14 ਸਾਲਾਂ ਦੇ ਵਕਫ਼ੇ ਬਾਅਦ ਇਸ *ਜਥੇ* (ਯਾਤਰੀਆਂ ਦਾ ਜਥਾ) ਨੂੰ ਪਾਕਿਸਤਾਨ ਭੇਜਿਆ ਹੈ। ਇਹ ਜਥਾ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰੇਗਾ ਅਤੇ 19 ਜੂਨ ਨੂੰ ਭਾਰਤ ਵਾਪਿਸ ਆਵੇਗਾ।

# ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਬੇਅਦਬੀ ਦੀ ਕੋਸ਼ਿਸ਼, ਸਰਕਾਰ ਬੇਅਦਬੀਆਂ ਰੋਕਣ 'ਚ ਫੇਲ੍ਹ: ਜਥੇ. ਕੁਲਦੀਪ ਸਿੰਘ ਗੜਗੱਜ

ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਇੱਕ ਵਿਅਕਤੀ ਦੁਆਰਾ ਬੇਅਦਬੀ ਦੀ ਕੋਸ਼ਿਸ਼ ਨਾਲ ਸਬੰਧਿਤ ਇੱਕ ਘਟਨਾ ਨੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੌਰਾਨ ਅਚਾਨਕ ਇੱਕ ਵਿਅਕਤੀ ਨੇ ਗੁਰੂ ਸਾਹਿਬ ਅੱਗੇ ਰੱਖੀ ਸ੍ਰੀ ਸਾਹਿਬ ਨੂੰ ਚੁੱਕ ਲਿਆ। ਹਾਲਾਂਕਿ, ਮੌਕੇ 'ਤੇ ਮੌਜੂਦ ਸੁਚੇਤ ਸੇਵਾਦਾਰਾਂ ਨੇ ਤੁਰੰਤ ਉਸ ਨੂੰ ਕਾਬੂ ਕਰ ਲਿਆ ਤੇ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ 'ਤੇ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਸਖ਼ਤ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ।ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਇੱਕ ਵਿਅਕਤੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਰੱਖੀ ਸ੍ਰੀ ਸਾਹਿਬ ਚੁੱਕ ਕੇ ਬੇਅਦਬੀ ਕਰਨ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਸਵਾਲ ਚੁੱਕਦਿਆਂ ਇਸ ਪਿੱਛੇ ਕੰਮ ਕਰ ਰਹੀਆਂ ਸ਼ਕਤੀਆਂ ਨੂੰ ਨਸ਼ਰ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਪਰੰਤੂ ਸਰਕਾਰਾਂ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਿੱਚ ਫੇਲ੍ਹ ਹਨ। ਉਨ੍ਹਾਂ ਕਿਹਾ ਕਿ ਬੀਤੀ ਰਾਤ ਦੀ ਇਹ ਘਟਨਾ ਬਿਲਕੁਲ ਉਸੇ ਤਰਜ ਉੱਤੇ ਹੈ ਜਿਵੇਂ ਦਸੰਬਰ 2021 ਵਿੱਚ ਇੱਕ ਵਿਅਕਤੀ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਦਰ



ਜੰਗਲਾ ਟੱਪ ਕੇ ਸ੍ਰੀ ਸਾਹਿਬ ਨੂੰ ਹੱਥ ਪਾਇਆ ਗਿਆ ਸੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਇਹ ਪੰਜਾਬ ਸਰਕਾਰ ਦੀ ਵੱਡੀ ਨਾਕਾਮਯਾਬੀ ਹੈ ਕਿ ਉਹ ਅੱਜ ਤੱਕ ਦਸੰਬਰ 2021 ਵਿੱਚ ਵਾਪਰੀ ਘਟਨਾ ਦੇ ਦੋਸ਼ੀ ਦੀ ਪਛਾਣ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਤਾਜ਼ਾ ਮਾਮਲੇ ਵਿੱਚ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਚੱਲਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਸਮੇਂ ਜਦੋਂ ਕੁਝ ਸ਼ਰਧਾਲੂ ਅਤੇ ਸੇਵਾਦਾਰ ਸਿੱਖ ਗੁਰਬਾਣੀ ਦਾ ਪਾਠ ਸਰਵਣ ਕਰ ਰਹੇ ਸਨ ਤਾਂ ਇੱਕ ਵਿਅਕਤੀ ਨੇ ਅਚਾਨਕ ਦਰਬਾਰ ਅੰਦਰ ਪ੍ਰਕਰਮਾ ਕਰਨ ਉਪਰੰਤ ਗੁਰੂ ਸਾਹਿਬ ਦੇ ਸਨਮੁਖ ਰੱਖੀ ਸ੍ਰੀ ਸਾਹਿਬ ਨੂੰ ਚੁੱਕ ਲਿਆ। ਉਨ੍ਹਾਂ ਕਿਹਾ ਇਸ ਤੋਂ ਪਹਿਲਾਂ ਕੇ ਦੋਸ਼ੀ ਵਿਅਕਤੀ ਕੁਝ ਕਰ ਪਾਉਂਦਾ ਉਸ ਨੂੰ ਮੌਕੇ ਉੱਤੇ ਹੀ ਗੁਰੂ ਘਰ ਦੇ ਸਤਰਕ ਸੇਵਾਦਾਰ ਸਿੱਖਾਂ ਨੇ ਕਾਬੂ ਕਰ ਲਿਆ ਅਤੇ ਉਹ ਹੁਣ ਪੁਲਿਸ ਹਿਰਾਸਤ ਵਿੱਚ ਹੈ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਹਿਰਾਸਤ ਵਿੱਚ ਦੋਸ਼ੀ ਹੋਣ ਦੇ ਬਾਵਜੂਦ ਵੀ ਇਸ ਘਟਨਾ ਪਿੱਛੇ ਸਾਜ਼ਸ਼ ਨੂੰ ਨਸ਼ਰ ਨਹੀਂ ਕਰਦੀ ਤਾਂ ਵੱਡੇ ਸਵਾਲ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਖੜ੍ਹੇ ਹਨ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦੋਸ਼ੀ ਵਿਅਕਤੀ ਕਿੱਥੋਂ ਦਾ ਰਹਿਣ ਵਾਲਾ ਹੈ, ਇਸ ਸਬੰਧੀ ਜਾਣਕਾਰੀ ਸਪੱਸ਼ਟ ਨਹੀਂ ਹੋ ਸਕੀ ਕਿਉਂਕਿ ਉਸ ਕੋਲੋਂ ਕੋਈ ਦਸਤਾਵੇਜ਼ ਜਾਂ ਪਛਾਣ ਪੱਤਰ ਪ੍ਰਾਪਤ ਨਹੀਂ ਹੋਇਆ ਹੈ। ਉਨ੍ਹਾਂ ਕਿਹਾ ਕਿ ਦੋਸ਼ੀ ਕੋਲੋਂ ਪਛਾਣ ਦਾ ਕੋਈ ਦਸਤਾਵੇਜ਼ ਪ੍ਰਾਪਤ ਨਾ ਹੋਣਾ ਇਹ ਦਰਸਾਉਂਦਾ ਹੈ ਕਿ ਇਹ ਘਟਨਾ ਵੀ ਕਿਸੇ ਵੱਡੀ ਸਾਜ਼ਸ਼ ਜਾਂ ਸ਼ਰਾਰਤ ਦਾ ਹਿੱਸਾ ਹੈ ਜੋ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰਨ ਦਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਿੱਖ ਧਰਮ ਦੇ ਧਾਰਮਿਕ ਮਾਮਲਿਆਂ ਅੰਦਰ ਦਖ਼ਲ ਦੇਣਾ ਹੋਵੇ ਤਾਂ ਸਰਕਾਰਾਂ ਤੁਰੰਤ ਹੀ ਕੰਮ ਕਰਦੀਆਂ ਹਨ ਪਰੰਤੂ ਅਜਿਹੇ ਦੋਸ਼ੀਆਂ ਪਿੱਛੇ ਕੰਮ ਕਰ ਰਹੀਆਂ ਸ਼ਕਤੀਆਂ ਨੂੰ ਨਸ਼ਰ ਕਰਨ ਵਿੱਚ ਸਰਕਾਰਾਂ ਪੂਰੀ ਤਰ੍ਹਾਂ ਫੇਲ੍ਹ ਹਨ।ਇਸ ਦੌਰਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਇਸ ਘਟਨਾ 'ਤੇ ਕਿਹਾ ਕਿ ਜਿੱਥੇ ਸੇਵਾਦਾਰਾਂ ਦੀ ਚੌਕਸੀ ਨੇ ਬੇਅਦਬੀ ਨੂੰ ਟਾਲਿਆ, ਉੱਥੇ ਮਾਮਲਾ ਬਹੁਤ ਗੰਭੀਰ ਤੇ ਚਿੰਤਾਜਨਕ ਬਣਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਧਾਰਮਿਕ ਮਾਹੌਲ ਨੂੰ ਵਿਗਾੜਨ ਦੀ ਸਾਜ਼ਿਸ਼ ਦਾ ਹਿੱਸਾ ਹੋ ਸਕਦੀਆਂ ਹਨ। ਧਾਮੀ ਨੇ ਗੁਰਦੁਆਰਾ ਪ੍ਰਬੰਧਕਾਂ ਤੇ ਸੰਗਤ ਨੂੰ ਧਾਰਮਿਕ ਸਥਾਨਾਂ 'ਤੇ ਸੁਰੱਖਿਆ ਤੇ ਚੌਕਸੀ ਹੋਰ ਮਜ਼ਬੂਤ ਕਰਨ ਦੀ ਅਪੀਲ ਵੀ ਕੀਤੀ।

# ਅਕਾਲੀ ਆਗੂ ਬੰਟੀ ਰੋਮਾਣਾ ਨੂੰ ਕੈਨੇਡੀਅਨ ਏਅਰਪੋਰਟ ਤੋਂ ਭੇਜਿਆ ਵਾਪਿਸ



ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਫਰੀਦਕੋਟ ਲਈ ਪਾਰਟੀ ਦੇ ਹਲਕਾ ਇੰਚਾਰਜ ਪਰਮਬੰਸ ਸਿੰਘ ਬੰਟੀ ਰੋਮਾਣਾ ਨੂੰ ਕੈਨੇਡਾ ਵਿੱਚ ਦਾਖ਼ਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਟੋਰਾਂਟੋ ਏਅਰਪੋਰਟ 'ਤੇ ਰੋਕੇ ਜਾਣ ਤੋਂ ਬਾਅਦ ਰੋਮਾਣਾ ਨੂੰ ਭਾਰਤ ਪਰਤਣਾ ਪਿਆ ਹੈ।

ਰਿਪੋਰਟਾਂ ਅਨੁਸਾਰ, ਕਨੇਡੀਅਨ ਅਧਿਕਾਰੀਆਂ ਨੇ ਉਸ ਨੂੰ ਹਵਾਈ ਅੱਡੇ 'ਤੇ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਰੋਮਾਣਾ ਨੇ ਦਾਅਵਾ ਕੀਤਾ ਕਿ ਉਸ ਵਿਰੁੱਧ ਪੰਜਾਬ ਵਿੱਚ ਦਰਜ ਵੱਖ-ਵੱਖ ਕੇਸਾਂ ਅਤੇ ਸਬੰਧਿਤ ਅਦਾਲਤੀ ਕਾਰਵਾਈ ਦਾ ਹਵਾਲਾ ਦਿੰਦੇ ਹੋਏ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ। ਰੋਮਾਣਾ ਦਾ ਕਹਿਣਾ ਹੈ ਕਿ ਸ਼ਿਕਾਇਤ ਵਿੱਚ ਦਰਜ ਘਟਨਾਵਾਂ ਸਿਆਸੀ ਗਤੀਵਿਧੀਆਂ ਅਤੇ ਵਿਰੋਧ ਪ੍ਰਦਰਸ਼ਨਾਂ ਨਾਲ ਜੁੜੀਆਂ ਹੋਈਆਂ ਹਨ। ਉਸਨੇ ਇਹ ਵੀ ਦਾਅਵਾ ਕੀਤਾ ਕਿ ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਹ ਇੱਕ ਸਿਆਸੀ ਏਜੰਡੇ ਨਾਲ ਕੈਨੇਡਾ ਆਇਆ ਸੀ, ਇੱਕ ਦਾਅਵਾ ਜਿਸ ਕਾਰਨ ਉਸਨੂੰ ਦਾਖਲੇ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਤੋਂ ਬਾਅਦ ਰੋਮਾਣਾ ਨੇ ਸਿਆਸੀ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਖਿਲਾਫ ਦਰਜ ਕੀਤੀ ਗਈ ਸ਼ਿਕਾਇਤ ਰਾਜਨੀਤੀ ਤੋਂ ਪ੍ਰੇਰਿਤ ਸੀ ਅਤੇ ਉਸਦਾ ਉਦੇਸ਼ ਉਸਦੀ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨਾ ਸੀ।

# ਰੱਖਿਆ ਸਕੱਤਰ ਤੋਂ ਬਾਅਦ, ਹਥਿਆਰਬੰਦ ਸੈਨਾ ਮੰਤਰੀ ਅਲ ਕਾਰਨਸ ਨੇ ਵੀ ਦਿੱਤਾ ਅਸਤੀਫ਼ਾ, ਬਜਟ ਨੂੰ ਲੈ ਕੇ ਵਧਿਆ ਵਿਵਾਦ

ਬ੍ਰਿਟੇਨ ਦੇ ਹਥਿਆਰਬੰਦ ਸੈਨਾ ਮੰਤਰੀ ਅਲ ਕਾਰਨਸ ਨੇ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਰੱਖਿਆ ਫੰਡਿੰਗ ਅਤੇ ਫੌਜੀ ਤਿਆਰੀ ਬਾਰੇ ਡੂੰਘੀਆਂ ਚਿੰਤਾਵਾਂ ਦਾ ਹਵਾਲਾ ਦਿੱਤਾ ਹੈ। ਇਸ ਕਦਮ ਨੇ ਰਾਸ਼ਟਰੀ ਸੁਰੱਖਿਆ ਖਰਚਿਆਂ ਨੂੰ ਲੈ ਕੇ ਪ੍ਰਸ਼ਾਸਨ ਦੇ ਅੰਦਰ ਵੰਡ ਨੂੰ ਹੋਰ ਉਜਾਗਰ ਕੀਤਾ ਹੈ। ਕਾਰਨਸ ਦਾ ਇਹ ਅਹੁਦਾ ਸਾਬਕਾ ਰੱਖਿਆ ਸਕੱਤਰ ਜੌਨ ਹੀਲੀ ਦੇ ਅਸਤੀਫ਼ੇ ਤੋਂ ਬਾਅਦ ਹੈ, ਜਿਨ੍ਹਾਂ ਦਾ ਸਰਕਾਰ ਦੇ ਰੱਖਿਆ ਬਜਟ ਨੂੰ ਲੈ ਕੇ ਪ੍ਰਧਾਨ ਮੰਤਰੀ ਨਾਲ ਮਤਭੇਦ ਸੀ। ਹੀਲੀ ਨੇ ਦਲੀਲ ਦਿੱਤੀ ਕਿ ਸਟਾਰਮਰ ਸਰਕਾਰ ਦੁਆਰਾ ਪ੍ਰਸਤਾਵਿਤ ਫੌਜੀ ਖਰਚ ਦੇਸ਼ ਦੀ ਰੱਖਿਆ ਲਈ ਲੋੜੀਂਦੀ ਰਕਮ ਨਾਲੋਂ ਕਾਫ਼ੀ ਘੱਟ ਹੈ।



ਕਰਨਸ ਨੇ X 'ਤੇ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ ਹੈ। ਉਨ੍ਹਾਂ ਲਿਖਿਆ ਕਿ ਸਰਕਾਰ ਬ੍ਰਿਟੇਨ ਦੀਆਂ ਹਥਿਆਰਬੰਦ ਫੌਜਾਂ ਨੂੰ ਢੁਕਵੀਂ ਸਹਾਇਤਾ ਪ੍ਰਦਾਨ ਕਰਨ ਵਿੱਚ ਅਸਫਲ ਰਹੀ ਹੈ। ਉਨ੍ਹਾਂ ਲਿਖਿਆ, "ਇਹ ਸਾਡਾ ਫਰਜ਼ ਹੈ ਕਿ ਅਸੀਂ ਬ੍ਰਿਟੇਨ ਦੀ ਸੇਵਾ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਕੰਮ ਕਰਨ ਲਈ ਜ਼ਰੂਰੀ ਉਪਕਰਣ ਅਤੇ ਕੰਮ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਦੇ ਨਾਲ ਖੜ੍ਹੇ ਹੋਣ ਦੀ ਵਫ਼ਾਦਾਰੀ ਪ੍ਰਦਾਨ ਕਰੀਏ। ਅਸੀਂ ਦੋਵਾਂ ਮਾਮਲਿਆਂ ਵਿੱਚ ਅਸਫਲ ਰਹੇ ਹਾਂ।" ਉਨ੍ਹਾਂ ਅੱਗੇ ਕਿਹਾ, "ਮੈਂ ਸਰਕਾਰ ਵਿੱਚ ਆਪਣਾ ਪੂਰਾ ਸਮਾਂ ਇਸ ਗੱਲ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਵਿੱਚ ਬਿਤਾਇਆ ਹੈ। ਉਹ ਮੇਰੀ ਗੱਲ ਨਹੀਂ ਸੁਣ ਰਹੇ, ਇਸ ਲਈ ਮੈਂ ਹਥਿਆਰਬੰਦ ਸੈਨਾਵਾਂ ਦੇ ਮੰਤਰੀ ਵਜੋਂ ਅਸਤੀਫਾ ਦੇ ਰਿਹਾ ਹਾਂ।"

ਪ੍ਰਧਾਨ ਮੰਤਰੀ ਨੂੰ ਲਿਖੇ ਸਖ਼ਤ ਸ਼ਬਦਾਂ ਵਾਲੇ ਅਸਤੀਫ਼ੇ ਦੇ ਪੱਤਰ ਵਿੱਚ, ਕਾਰਨਸ ਨੇ ਕਿਹਾ ਕਿ ਉਨ੍ਹਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਰੱਖਿਆ ਮੰਤਰਾਲੇ ਦੇ ਅੰਦਰ ਅਰਥਪੂਰਨ ਸੁਧਾਰਾਂ ਨੂੰ ਅੱਗੇ ਵਧਾਉਣ ਦੀਆਂ ਕੋਸ਼ਿਸ਼ਾਂ ਇੱਕ ਰੁਕਾਵਟ 'ਤੇ ਪਹੁੰਚ ਗਈਆਂ ਹਨ। ਉਨ੍ਹਾਂ ਲਿਖਿਆ ਇਹ ਮੇਰੇ ਲਈ ਸਪੱਸ਼ਟ ਹੋ ਗਿਆ ਹੈ ਕਿ ਜਿਸ ਬਦਲਾਅ ਲਈ ਮੈਂ ਕੋਸ਼ਿਸ਼ ਕੀਤੀ ਸੀ, ਉਹ ਹੋਣ ਵਾਲਾ ਨਹੀਂ ਹੈ। ਮੌਜੂਦਾ ਸਥਿਤੀ ਨੂੰ ਦੇਖਦੇ ਹੋਏ, ਮੈਂ ਹਥਿਆਰਬੰਦ ਸੈਨਾਵਾਂ ਦੇ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ। ਸਾਬਕਾ ਰਾਇਲ ਮਰੀਨ ਕਾਰਨਸ ਨੇ ਚੇਤਾਵਨੀ ਦਿੱਤੀ ਕਿ ਬ੍ਰਿਟੇਨ ਆਧੁਨਿਕ ਯੁੱਧ ਦੇ ਤੇਜ਼ੀ ਨਾਲ ਬਦਲਦੇ ਸੁਭਾਅ ਦੇ ਅਨੁਕੂਲ ਹੋਣ ਲਈ ਸੰਘਰਸ਼ ਕਰ ਰਿਹਾ ਹੈ। ਯੂਕਰੇਨ ਵਿੱਚ ਯੁੱਧ ਵਰਗੇ ਟਕਰਾਵਾਂ ਤੋਂ ਸਿੱਖੇ ਸਬਕ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਦਲੀਲ ਦਿੱਤੀ ਕਿ ਫੌਜੀ ਖਰੀਦ ਨੀਤੀਆਂ ਪੁਰਾਣੇ ਖ਼ਤਰਿਆਂ 'ਤੇ ਕੇਂਦ੍ਰਿਤ ਰਹਿੰਦੀਆਂ ਹਨ। ਉਨ੍ਹਾਂ ਕਿਹਾ, "ਸਾਡੀਆਂ ਖਰੀਦ ਸਮਰੱਥਾਵਾਂ ਨਾਲੋਂ ਟਕਰਾਅ ਦੀ ਪ੍ਰਕਿਰਤੀ ਕਿਤੇ ਜ਼ਿਆਦਾ ਤੇਜ਼ੀ ਨਾਲ ਬਦਲ ਰਹੀ ਹੈ। ਅਸੀਂ ਅਜੇ ਵੀ ਪਿਛਲੀ ਜੰਗ ਲਈ ਢੁਕਵੀਆਂ ਸਮਰੱਥਾਵਾਂ ਪ੍ਰਾਪਤ ਕਰ ਰਹੇ ਹਾਂ, ਜਦੋਂ ਕਿ ਸਾਡੇ ਵਿਰੋਧੀ ਅਗਲੇ ਯੁੱਧ ਲਈ ਹਥਿਆਰ ਇਕੱਠੇ ਕਰ ਰਹੇ ਹਨ।" ਕਰਨਸ ਨੇ ਸਰਕਾਰ ਦੀ ਰੱਖਿਆ ਨਿਵੇਸ਼ ਯੋਜਨਾ (DIP) ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਹ ਉੱਭਰ ਰਹੀਆਂ ਸੁਰੱਖਿਆ ਚੁਣੌਤੀਆਂ ਦੇ ਪੈਮਾਨੇ ਨੂੰ ਹੱਲ ਕਰਨ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਨੇ ਲਿਖਿਆ, "ਰੱਖਿਆ ਨਿਵੇਸ਼ ਯੋਜਨਾ ਵਿੱਚ ਮੇਰੀ ਕੋਈ ਭੂਮਿਕਾ ਨਹੀਂ ਸੀ, ਪਰ ਇਸ ਦੂਰੀ ਦੇ ਕਾਰਨ, ਮੈਂ ਸਪੱਸ਼ਟ ਤੌਰ 'ਤੇ ਕਹਿ ਸਕਦਾ ਹਾਂ ਕਿ ਇਹ ਸਾਡੇ ਸਾਹਮਣੇ ਆਉਣ ਵਾਲੇ ਖ਼ਤਰੇ ਦੇ ਅਨੁਕੂਲ ਨਹੀਂ ਹੈ। ਇਹ ਨਾ ਤਾਂ ਕਾਫ਼ੀ ਪਰਿਵਰਤਨਸ਼ੀਲ ਹੈ, ਅਤੇ ਨਾ ਹੀ ਸਾਡੇ ਕੋਲ ਇਸਦੇ ਲਈ ਬਜਟ ਹੈ।" ਉਨ੍ਹਾਂ ਕਿਹਾ ਮੈਂ ਚੰਗੀ ਜ਼ਮੀਰ ਨਾਲ, ਆਪਣੇ ਅਹੁਦੇ 'ਤੇ ਖੜ੍ਹਾ ਹੋ ਕੇ ਨਿਵੇਸ਼ ਦੇ ਉਸ ਪੱਧਰ ਦਾ ਬਚਾਅ ਨਹੀਂ ਕਰ ਸਕਦਾ ਜੋ ਮੈਨੂੰ ਪਤਾ ਹੈ ਕਿ ਕੰਮ ਲਈ ਨਾਕਾਫ਼ੀ ਹੈ।

ਉਨ੍ਹਾਂ ਅੱਗੇ ਕਿਹਾ, "ਇੱਕ ਗੰਭੀਰ ਰਾਸ਼ਟਰ ਆਪਣੀ ਰੱਖਿਆ 'ਤੇ ਪੈਸਾ ਉਸ ਖ਼ਤਰੇ ਦਾ ਮੁਕਾਬਲਾ ਕਰਨ ਲਈ ਖਰਚ ਕਰਦਾ ਹੈ ਜਿਸਦਾ ਉਹ ਅਸਲ ਵਿੱਚ ਸਾਹਮਣਾ ਕਰ ਰਿਹਾ ਹੈ – ਨਾ ਕਿ ਉਸ ਖ਼ਤਰੇ ਦਾ ਜੋ ਉਹ ਚਾਹੁੰਦਾ ਹੈ ਕਿ ਉਹ ਸਾਹਮਣਾ ਕਰ ਰਿਹਾ ਹੋਵੇ।"

# ਯੂਥ ਕਾਂਗਰਸ ਦੇ ਨਤੀਜੇ ਤੈਅ ਕਰਨਗੇ ਸੰਗਰੂਰ ਵਿਧਾਨ ਸਭਾ ਦਾ ਭਵਿੱਖ!



ਸੰਗਰੂਰ: ਪੰਜਾਬ ਯੂਥ ਕਾਂਗਰਸ ਦੀਆਂ ਚੋਣਾਂ ਲਗਭਗ ਮੁਕੰਮਲ ਹੋ ਚੁੱਕੀਆਂ ਹਨ ਅਤੇ ਜਲਦ ਹੀ ਇਹਨਾਂ ਚੋਣਾਂ ਦਾ ਨਤੀਜਾ ਨਿਕਲਣ ਵਾਲਾ ਹੈ। ਗੱਲ ਕਰੀਏ ਮਾਲਵੇ ਦੀ ਸਿਆਸਤ ਦਾ ਧੁਰਾ ਮੰਨੇ ਜਾਂਦੇ ਜ਼ਿਲ੍ਹਾ ਸੰਗਰੂਰ ਦੀ ਤਾਂ ਇਸ ਵਾਰ ਯੂਥ ਕਾਂਗਰਸ ਦੀਆਂ ਚੋਣਾਂ ਵਿੱਚ ਰੌਚਕ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਪਹਿਲਾਂ ਜਿੱਥੇ ਜ਼ਿਲ੍ਹਾ ਸੰਗਰੂਰ ਵਿੱਚ ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ ਦਾ ਦਬਦਬਾ ਰਿਹਾ ਹੈ। ਇਸ ਵਾਰ ਸਿੰਗਲਾ ਦੀ ਸਿਆਸਤ ਨੂੰ ਸੰਗਰੂਰ ਜ਼ਿਲ੍ਹੇ ਖਾਸਕਰ ਵਿਧਾਨ ਸਭਾ ਸੰਗਰੂਰ ਹਲਕੇ ਅੰਦਰ ਚੁਣੌਤੀ ਮਿਲਦੀ ਦਿਖਾਈ ਦੇ ਰਹੀ ਹੈ। ਸੰਗਰੂਰ ਵਿਧਾਨ ਸਭਾ ਹਲਕੇ ਤੋਂ ਯੂਥ ਕਾਂਗਰਸ ਦੀ ਪ੍ਰਧਾਨਗੀ ਲਈ ਵਿਜੈਇੰਦਰ ਸਿੰਗਲਾ ਵੱਲੋਂ ਗੁਰਸੇਵਕ ਸਿੰਘ ਬੋਪਾਰਾਏ ਉਮੀਦਵਾਰ ਹਨ, ਉੱਥੇ ਹੀ ਉਨ੍ਹਾਂ ਦੇ ਮੁਕਾਬਲੇ ਪੀਪੀਸੀਸੀ ਡੈਲੀਗੇਟ ਬੀਬੀ ਪ੍ਰਿਤਪਾਲ ਕੌਰ ਬਡਲਾ ਵੱਲੋਂ ਆਪਣੇ ਭਤੀਜੇ ਗੁਰਕਮਲ ਸਿੰਘ ਗਿੱਲ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ।

ਦੋਵਾਂ ਉਮੀਦਵਾਰਾਂ ਤੋ ਬਿਨਾਂ ਕਈ ਹੋਰ ਉਮੀਦਵਾਰ ਵੀ ਭਾਵੇਂ ਚੋਣ ਮੈਦਾਨ ਵਿੱਚ ਹਨ ਪਰ ਮੁੱਖ ਮੁਕਾਬਲਾ ਬੋਪਾਰਾਏ ਤੇ ਗਿੱਲ ਵਿਚਾਲੇ ਹੈ। ਇਸ ਵਾਰ ਦਾ ਮੁਕਾਬਲਾ ਇੰਨਾ ਜ਼ਬਰਦਸਤ ਹੈ ਕਿ ਪਿਛਲੀਆਂ ਚੋਣਾਂ ਵਿੱਚ ਯੂਥ ਕਾਂਗਰਸ ਦੀ ਚੋਣ ਵਿੱਚ ਹਲਕਾ ਸੰਗਰੂਰ ਵਿੱਚ ਸਿਰਫ਼ ਹਜ਼ਾਰ-ਪੰਦਰਾਂ ਸੋ ਮੈਂਬਰਸ਼ਿਪ ਹੁੰਦੀ ਸੀ ਅਤੇ ਕੁਝ ਸੈਂਕੜੇ ਵੋਟਾਂ ਨਾਲ ਪ੍ਰਧਾਨ ਬਣ ਜਾਂਦਾ ਸੀ ਪਰ ਇਸ ਵਾਰ ਹਲਕਾ ਸੰਗਰੂਰ ਵਿੱਚ ਰਿਕਾਰਡ ਤੋੜ ਪੰਦਰਾਂ ਹਜ਼ਾਰ ਮੈਂਬਰਸ਼ਿਪ ਹੋਈ ਹੈ ਅਤੇ ਪ੍ਰਧਾਨ ਬਣਨ ਲਈ ਤਿੰਨ- ਚਾਰ ਹਜ਼ਾਰ ਵੋਟਾਂ ਦੀ ਲੋੜ ਪਏਗੀ। ਚੋਣ ਪ੍ਰਕਿਰਿਆ ਦੌਰਾਨ ਵੀ ਦੋਵਾਂ ਧਿਰਾਂ ਵੱਲੋਂ ਅੱਡੀ-ਚੋਟੀ ਦਾ ਜ਼ੋਰ ਲਗਾਇਆ ਗਿਆ ਹੈ।

ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਯੂਥ ਕਾਂਗਰਸ ਸੰਗਰੂਰ ਵਿਧਾਨ ਸਭਾ ਦੀ ਚੋਣ ਵਿੱਚ ਜਿੱਤ- ਹਾਰ ਦਾ ਅੰਤਰ ਬਹੁਤ ਮਾਮੂਲੀ ਹੋਵੇਗਾ। ਪਰ ਇਹ ਨਤੀਜੇ ਸੰਗਰੂਰ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਪਾਰਟੀ ਦਾ ਭਵਿੱਖ ਜ਼ਰੂਰ ਤੈਅ ਕਰਨਗੇ।

ਉੱਥੇ ਹੀ ਜ਼ਿਲਾ ਯੂਥ ਪ੍ਰਧਾਨ ਲਈ ਸਿੰਗਲਾ ਵੱਲੋਂ ਮਨਜੀਤ ਸਿੰਘ ਭਿੰਡਰਾ ਚੋਣ ਮੈਦਾਨ ਵਿੱਚ ਹਨ ਅਤੇ ਦੂਜੇ ਪਾਸੇ ਹਲਕਾ ਸੰਗਰੂਰ ਤੋਂ ਹੀ ਕੁਲਜੀਤ ਪੰਨਵਾ ਜੋ ਕਿ ਭਵਾਨੀਗੜ ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਵਰਿੰਦਰ ਪੰਨਵਾ ਦੇ ਫਰਜੰਦ ਹਨ ਮੈਦਾਨ ਵਿੱਚ ਹਨ। ਪਿਛਲੇ ਪ੍ਰਧਾਨ ਗੁਰਤੇਗ ਲੌਂਗੋਵਾਲ ਵੀ ਉਮੀਦਵਾਰ ਵਜੋਂ ਮੈਦਾਨ ਵਿੱਚ ਹਨ। ਮੁੱਖ ਮੁਕਾਬਲਾ ਇੱਥੇ ਵੀ ਪੰਨਵਾ ਤੇ ਭਿੰਡਰਾ ਵਿਚਾਲੇ ਹੁੰਦਾ ਜਾਪਦਾ ਹੈ। ਵਿਜੈਇੰਦਰ ਸਿੰਗਲਾ ਦੀ ਟੀਮ ਬੇਸ਼ੱਕ ਜ਼ਿਲਾ ਯੂਥ ਕਾਂਗਰਸ ਦੀਆਂ ਚੋਣਾਂ ਜਿੱਤ ਕੇ ਸਾਰੇ ਜਿਲੇ ਦੀ ਕਮਾਨ ਆਪਣੇ ਹੱਥ ਵਿੱਚ ਰੱਖਣਾ ਚਾਹੁੰਦੀ ਹੈ ਪਰ ਇਸ ਵਾਰ ਦੇ ਨਤੀਜੇ ਹੈਰਾਨੀਜਨਕ ਰਹਿਣ ਦੀ ਪੂਰੀ ਸੰਭਾਵਨਾ ਹੈ।









# ਦਿਮਾਗੀ ਐਨਿਊਰਿਜ਼ਮ

## ਇੱਕ ਜਾਨਲੇਵਾ ਖ਼ਤਰਾ !



ਮਨੁੱਖੀ ਦਿਮਾਗ ਸਰੀਰ ਦੇ ਸਭ ਤੋਂ ਜਟਿਲ ਅਤੇ ਨਾਜ਼ੁਕ ਅੰਗਾਂ ਵਿੱਚੋਂ ਇੱਕ ਹੈ। ਇਹ ਸਾਡੇ ਵਿਚਾਰਾਂ, ਭਾਵਨਾਵਾਂ, ਯਾਦਦਾਸ਼ਤ, ਹਰਕਤਾਂ ਅਤੇ ਜੀਵਨ ਲਈ ਲੋੜੀਂਦੀਆਂ ਅਨੇਕਾਂ ਮਹੱਤਵਪੂਰਨ ਕਿਰਿਆਵਾਂ ਨੂੰ ਨਿਯੰਤਰਿਤ ਕਰਦਾ ਹੈ। ਇਸ ਲਈ ਦਿਮਾਗ ਨਾਲ ਸੰਬੰਧਿਤ ਕੋਈ ਵੀ ਬਿਮਾਰੀ ਗੰਭੀਰ ਨਤੀਜ਼ੇ ਪੈਦਾ ਕਰ ਸਕਦੀ ਹੈ। ਅਜਿਹੀਆਂ ਹੀ ਖ਼ਤਰਨਾਕ ਸਥਿਤੀਆਂ ਵਿੱਚੋਂ ਇੱਕ ਹੈ ਦਿਮਾਗੀ ਐਨਿਊਰਿਜ਼ਮ (Brain Aneurysm), ਜਿਸ ਨੂੰ ਅਕਸਰ "ਖਾਮੋਸ਼ ਕਾਤਲ" ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਲੰਬੇ ਸਮੇਂ ਤੱਕ ਬਿਨਾਂ ਕਿਸੇ ਲੱਛਣ ਦੇ ਵਿਕਸਤ ਹੋ ਸਕਦਾ ਹੈ ਅਤੇ ਅਚਾਨਕ ਜਾਨਲੇਵਾ ਸਥਿਤੀ ਪੈਦਾ ਕਰ ਸਕਦਾ ਹੈ।

ਦਿਮਾਗੀ ਐਨਿਊਰਿਜ਼ਮ ਉਸ ਸਮੇਂ ਬਣਦਾ ਹੈ ਜਦੋਂ ਦਿਮਾਗ ਦੀ ਕਿਸੇ ਖ਼ੂਨ ਦੀ ਨਲੀ ਦੀ ਕੰਧ ਕਮਜ਼ੋਰ ਹੋ ਜਾਂਦੀ ਹੈ ਅਤੇ ਉਸ ਵਿੱਚ ਇੱਕ ਗੁਬਾਰੇ ਵਰਗੀ ਉਭਾਰ ਪੈਦਾ ਹੋ ਜਾਂਦੀ ਹੈ। ਸਮੇਂ ਦੇ ਨਾਲ ਖ਼ੂਨ ਦੇ ਦਬਾਅ ਕਾਰਨ ਇਹ ਉਭਾਰ ਵੱਡਾ ਹੁੰਦਾ ਜਾਂਦਾ ਹੈ। ਕੁਝ ਐਨਿਊਰਿਜ਼ਮ ਸਾਰੀ ਉਮਰ ਬਿਨਾਂ ਕਿਸੇ ਸਮੱਸਿਆ ਦੇ ਰਹਿ ਸਕਦੇ ਹਨ, ਪਰ ਕੁਝ ਫੱਟ ਸਕਦੇ ਹਨ ਅਤੇ ਦਿਮਾਗ ਵਿੱਚ ਜਾਂ ਇਸਦੇ ਆਲੇ-ਦੁਆਲੇ ਖ਼ੂਨ ਵੱਗਣ ਦਾ ਕਾਰਨ ਬਣਦੇ ਹਨ। ਇਸ ਸਥਿਤੀ ਨੂੰ ਹੈਮਰੇਜਿਕ ਸਟ੍ਰੋਕ (Hemorrhagic Stroke) ਕਿਹਾ ਜਾਂਦਾ ਹੈ, ਜੋ ਇੱਕ ਗੰਭੀਰ ਮੈਡੀਕਲ ਐਮਰਜੈਂਸੀ ਹੈ।

ਖ਼ੂਨ ਦੀਆਂ ਨਲੀਆਂ ਆਮ ਤੌਰ ’ਤੇ ਲਗਾਤਾਰ ਖ਼ੂਨ ਦੇ ਦਬਾਅ ਨੂੰ ਸਹਿਣ ਲਈ ਬਣੀਆਂ ਹੁੰਦੀਆਂ ਹਨ। ਪਰ ਜਦੋਂ ਕਿਸੇ ਹਿੱਸੇ ਦੀ ਕੰਧ ਕਮਜ਼ੋਰ ਹੋ ਜਾਂਦੀ ਹੈ ਤਾਂ ਉਹ ਫੁੱਲ ਕੇ ਐਨਿਊਰਿਜ਼ਮ ਦਾ ਰੂਪ ਧਾਰ ਸਕਦੀ ਹੈ। ਇਸ ਦੇ ਸਹੀ ਕਾਰਨ ਹਰ ਮਾਮਲੇ ਵਿੱਚ ਸਪੱਸ਼ਟ ਨਹੀਂ ਹੁੰਦੇ, ਪਰ ਕਈ ਕਾਰਕ ਇਸ ਦੇ ਖ਼ਤਰੇ ਨੂੰ ਵੱਧਾ ਸਕਦੇ ਹਨ। ਇਹਨਾਂ ਕਾਰਕਾਂ ਵਿੱਚੋਂ ਕੁਝ ਮੁੱਖ ਕਾਰਕ ਨਿਮਨਲਿਖਤ ਅਨੁਸਾਰ ਹਨ।

**ਉੱਚ ਖ਼ੂਨ ਦਾ ਦਬਾਅ :** ਲੰਬੇ ਸਮੇਂ ਤੱਕ ਉੱਚ ਖ਼ੂਨ ਦਬਾਅ ਖ਼ੂਨ ਦੀਆਂ ਨਾੜੀਆਂ ’ਤੇ ਵਾਧੂ ਦਬਾਅ ਪਾਉਂਦਾ ਹੈ।

**ਸਿਗਰਟਨੋਸ਼ੀ:** ਸਿਗਰਟ ਪੀਣ ਨਾਲ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਐਨਿਊਰਿਜ਼ਮ ਬਣਨ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ।

**ਪਰਿਵਾਰਕ ਇਤਿਹਾਸ:** ਜੇ ਪਰਿਵਾਰ ਦੇ ਕਿਸੇ ਨਜ਼ਦੀਕੀ ਮੈਂਬਰ ਨੂੰ ਐਨਿਊਰਿਜ਼ਮ ਹੋ ਚੁੱਕਾ ਹੈ ਤਾਂ ਖ਼ਤਰਾ ਵੱਧ ਸਕਦਾ ਹੈ।

**ਵੱਧਦੀ ਉਮਰ:** ਉਮਰ ਦੇ ਨਾਲ ਖ਼ੂਨ ਦੀਆਂ ਨਾੜੀਆਂ ਆਪਣੀ ਲਚਕਤਾ ਅਤੇ ਮਜ਼ਬੂਤੀ ਗੁਆਉਣ ਲੱਗਦੀਆਂ ਹਨ।

**ਜ਼ਿਆਦਾ ਸ਼ਰਾਬ ਦਾ ਸੇਵਨ:** ਸ਼ਰਾਬ ਖ਼ੂਨ ਦਾ ਦਬਾਅ ਵੱਧਾ ਸਕਦੀ ਹੈ ਅਤੇ ਨਾੜੀਆਂ ਦੀਆਂ ਕੰਧਾਂ ਨੂੰ ਕਮਜ਼ੋਰ ਕਰ ਸਕਦਾ ਹੈ।

**ਨਸ਼ੀਲੇ ਪਦਾਰਥਾਂ ਦੀ ਵਰਤੋਂ:** ਖ਼ਾਸ ਕਰਕੇ ਕੋਕੇਨ ਵਰਗੇ ਉਤੇਜਕ ਨਸ਼ੇ ਐਨਿਊਰਿਜ਼ਮ ਫੱਟਣ ਦੇ ਖ਼ਤਰੇ ਨੂੰ ਵੱਧਾਉਂਦੇ ਹਨ।

**ਸਿਰ ਦੀਆਂ ਸੱਟਾਂ ਅਤੇ ਇਨਫੈਕਸ਼ਨ:** ਕੁਝ ਮਾਮਲਿਆਂ ਵਿੱਚ ਇਹ ਵੀ ਕਾਰਨ ਬਣ ਸਕਦੇ ਹਨ।

**ਜਨਮਜਾਤ ਖਾਮੀਆਂ:** ਕੁਝ ਲੋਕਾਂ ਵਿੱਚ ਖ਼ੂਨ ਦੀਆਂ ਨਾੜੀਆਂ ਦੀ ਬਣਤਰ ਜਨਮ ਤੋਂ ਹੀ ਕਮਜ਼ੋਰ ਹੁੰਦੀ ਹੈ।

ਕਈ ਵਾਰ ਐਨਿਊਰਿਜ਼ਮ ਕੋਈ ਲੱਛਣ ਨਹੀਂ ਦਿੰਦਾ। ਪਰ ਜੇ ਇਹ ਵੱਡਾ ਹੋਣ ਲੱਗੇ ਤਾਂ ਹੇਠ ਲਿਖੇ ਲੱਛਣ ਦਿਖਾਈ ਦੇ ਸਕਦੇ ਹਨ ਲਗਾਤਾਰ ਸਿਰ ਦਰਦ, ਅੱਖ ਦੇ ਪਿੱਛੇ ਜਾਂ ਉੱਪਰ ਦਰਦ,

ਧੁੰਦਲਾ ਜਾਂ ਦੋਹਰਾ ਦਿਖਾਈ ਦੇਣਾ, ਪਲਕ ਦਾ ਢਿੱਲਾ ਪੈ ਜਾਣਾ, ਬੋਲਣ ਵਿੱਚ ਮੁਸ਼ਕਲ, ਚਿਹਰੇ ਦੇ ਇੱਕ ਪਾਸੇ ਸੁੰਨਪਨ ਜਾਂ ਕਮਜ਼ੋਰੀ ਅਤੇ ਚੱਕਰ ਆਉਣਾ।

ਜੇ ਐਨਿਊਰਿਜ਼ਮ ਫੱਟ ਜਾਵੇ ਤਾਂ ਇਹ ਇੱਕ ਮੈਡੀਕਲ ਐਮਰਜੈਂਸੀ ਹੁੰਦੀ ਹੈ। ਇਸ ਦੇ ਲੱਛਣ ਹਨ ਅਚਾਨਕ ਬਹੁਤ ਤੇਜ਼ ਸਿਰ ਦਰਦ, ਜਿਸਨੂੰ ਮਰੀਜ਼ ਅਕਸਰ "ਜ਼ਿੰਦਗੀ ਦਾ ਸਭ ਤੋਂ ਭਿਆਨਕ ਸਿਰ ਦਰਦ" ਦੱਸਦਾ ਹੈ, ਉਲਟੀਆਂ, ਗਰਦਨ ਦਾ ਆਕੜ ਜਾਣਾ, ਰੌਸ਼ਨੀ ਪ੍ਰਤੀ ਸੰਵੇਦਨਸ਼ੀਲਤਾ, ਬੇਹੋਸ਼ੀ,

**ਦੌਰੇ ਪੈਣਾ, ਭੰਬਲਭੂਸਾ ਅਤੇ ਉਲਝਣ।**

ਅਜਿਹੀ ਸਥਿਤੀ ਵਿੱਚ ਤੁਰੰਤ ਡਾਕਟਰੀ ਸਹਾਇਤਾ ਲੈਣੀ ਬਹੁਤ ਜ਼ਰੂਰੀ ਹੈ।

### ਸਿਹਤ ’ਤੇ ਪ੍ਰਭਾਵ

ਫੱਟਿਆ ਹੋਇਆ ਦਿਮਾਗੀ ਐਨਿਊਰਿਜ਼ਮ ਬਹੁਤ ਗੰਭੀਰ ਨਤੀਜੇ ਪੈਦਾ ਕਰ ਸਕਦਾ ਹੈ।

### ਸਰੀਰਕ ਪ੍ਰਭਾਵ

ਮਰੀਜ਼ ਨੂੰ ਅਧਰੰਗ, ਤੁਰਨ-ਫਿਰਨ ਵਿੱਚ ਮੁਸ਼ਕਲ, ਬੋਲਣ ਵਿੱਚ ਦਿੱਕਤ, ਨਜ਼ਰ ਦੀ ਕਮਜ਼ੋਰੀ ਅਤੇ ਲੰਬੇ ਸਮੇਂ ਤੱਕ ਸਿਰ ਦਰਦ ਰਹਿ ਸਕਦਾ ਹੈ।

### ਬੌਧਿਕ ਪ੍ਰਭਾਵ

ਦਿਮਾਗੀ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਣ ਕਾਰਨ ਯਾਦਦਾਸ਼ਤ, ਧਿਆਨ, ਸਿੱਖਣ ਦੀ ਸਮਰੱਥਾ ਅਤੇ ਫ਼ੈਸਲੇ ਲੈਣ ਦੀ ਯੋਗਤਾ ਪ੍ਰਭਾਵਿਤ ਹੋ ਸਕਦੀ ਹੈ।

### ਮਾਨਸਿਕ ਪ੍ਰਭਾਵ

ਕਈ ਮਰੀਜ਼ਾਂ ਵਿੱਚ ਚਿੰਤਾ, ਡਰ, ਬੇਚੈਨੀ, ਭਾਵਨਾਤਮਕ ਅਸਥਿਰਤਾ ਅਤੇ ਦੁਬਾਰਾ ਬਿਮਾਰੀ ਹੋਣ ਦਾ ਡਰ ਪੈਦਾ ਹੋ ਜਾਂਦਾ ਹੈ।

ਇਸ ਤੋਂ ਇਲਾਵਾ, ਫੱਟੇ ਹੋਏ ਐਨਿਊਰਿਜ਼ਮ ਨਾਲ ਮੌਤ ਦਾ ਖ਼ਤਰਾ ਵੀ ਕਾਫ਼ੀ ਵੱਧ ਹੁੰਦਾ ਹੈ।

ਆਧੁਨਿਕ ਮੈਡੀਕਲ ਤਕਨੀਕਾਂ ਦੀ ਮਦਦ ਨਾਲ ਐਨਿਊਰਿਜ਼ਮ ਦਾ ਸਮੇਂ ਸਿਰ ਪਤਾ ਲਗਾਇਆ ਜਾ ਸਕਦਾ ਹੈ। ਆਮ ਜਾਂਚਾਂ ਵਿੱਚ ਸ਼ਾਮਲ ਹਨ ਸੀਟੀ ਸਕੈਨ (CT Scan), ਐਮਆਰਆਈ (MRI), ਸੀਟੀ ਐਂਜੀਓਗ੍ਰਾਫੀ,

ਸੇਰੇਬ੍ਰਲ ਐਂਜੀਓਗ੍ਰਾਫੀ।

ਇਨ੍ਹਾਂ ਜਾਂਚਾਂ ਰਾਹੀਂ ਐਨਿਊਰਿਜ਼ਮ ਦਾ ਆਕਾਰ, ਸਥਾਨ ਅਤੇ ਖ਼ਤਰੇ ਦੀ ਪੱਧਰ ਬਾਰੇ ਜਾਣਕਾਰੀ ਮਿਲਦੀ ਹੈ।

ਇਲਾਜ ਐਨਿਊਰਿਜ਼ਮ ਦੇ ਆਕਾਰ, ਸਥਿਤੀ ਅਤੇ ਫੱਟਣ ਦੇ ਖ਼ਤਰੇ ’ਤੇ ਨਿਰਭਰ ਕਰਦਾ ਹੈ।

**ਨਿਗਰਾਨੀ ਅਤੇ ਜਾਂਚ:** ਛੋਟੇ ਅਤੇ ਘੱਟ ਖ਼ਤਰੇ ਵਾਲੇ ਐਨਿਊਰਿਜ਼ਮ ਦੀ ਨਿਯਮਿਤ ਜਾਂਚ ਕੀਤੀ ਜਾਂਦੀ ਹੈ।

**ਸਰਜੀਕਲ ਕਲਿੱਪਿੰਗ:** ਨਿਊਰੋਸਰਜਨ ਐਨਿਊਰਿਜ਼ਮ ਦੇ ਅਧਾਰ ’ਤੇ ਇੱਕ ਧਾਤੂ ਕਲਿੱਪ ਲਗਾ ਦਿੰਦਾ ਹੈ ਤਾਂ ਜੋ ਉਸ ਵਿੱਚ ਖ਼ੂਨ ਦਾ ਪ੍ਰਵਾਹ ਰੁੱਕ ਜਾਵੇ।

**ਐਂਡੋਵੈਸਕੂਲਰ ਕੋਇਲਿੰਗ:** ਇੱਕ ਬਾਰੀਕ ਕੈਥੇਟਰ ਰਾਹੀਂ ਐਨਿਊਰਿਜ਼ਮ ਅੰਦਰ ਛੋਟੀਆਂ ਕੋਇਲਾਂ ਪਾਈਆਂ ਜਾਂਦੀਆਂ ਹਨ।

**ਫਲੋ ਡਾਈਵਰਜ਼ਨ ਡਿਵਾਈਸ:** ਵਿਸ਼ੇਸ਼ ਸਟੈਂਟ ਲਗਾ ਕੇ ਖ਼ੂਨ ਦੇ ਵਹਾਅ ਨੂੰ ਐਨਿਊਰਿਜ਼ਮ ਤੋਂ ਦੂਰ ਕੀਤਾ ਜਾਂਦਾ ਹੈ।

**ਐਮਰਜੈਂਸੀ ਇਲਾਜ:** ਫੱਟਣ ਦੀ ਸਥਿਤੀ ਵਿੱਚ ਮਰੀਜ਼ ਨੂੰ ਤੁਰੰਤ ਗੰਭੀਰ ਦੇਖਭਾਲ, ਖ਼ੂਨ ਦਾ ਦਬਾਅ ਨਿਯੰਤਰਣ, ਸਰਜਰੀ ਅਤੇ ਪੁਨਰਵਾਸ ਦੀ ਲੋੜ ਪੈ ਸਕਦੀ ਹੈ।

ਹਾਲਾਂਕਿ ਹਰ ਐਨਿਊਰਿਜ਼ਮ ਨੂੰ ਰੋਕਿਆ ਨਹੀਂ ਜਾ ਸਕਦਾ, ਪਰ ਸਿਹਤਮੰਦ ਜੀਵਨ-ਸ਼ੈਲੀ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ। ਖ਼ੂਨ ਦੇ ਦਬਾਅ ਨੂੰ ਨਿਯੰਤਰਿਤ ਰੱਖੋ। ਸਿਗਰਟਨੋਸ਼ੀ ਤੋਂ ਦੂਰ ਰਹੋ। ਸ਼ਰਾਬ ਦਾ ਸੀਮਿਤ ਸੇਵਨ ਕਰੋ।

ਨਿਯਮਿਤ ਕਸਰਤ ਕਰੋ। ਸੰਤੁਲਿਤ ਅਤੇ ਪੌਸ਼ਟਿਕ ਭੋਜਨ ਖਾਓ। ਤਣਾਅ ਦਾ ਸਹੀ ਪ੍ਰਬੰਧਨ ਕਰੋ। ਨਿਯਮਿਤ ਸਿਹਤ ਜਾਂਚ ਕਰਵਾਓ। ਪਰਿਵਾਰਕ ਇਤਿਹਾਸ ਹੋਣ ’ਤੇ ਡਾਕਟਰ ਨਾਲ ਸਕ੍ਰੀਨਿੰਗ ਬਾਰੇ ਜ਼ਰੂਰ ਸਲਾਹ ਕਰੋ।

ਦਿਮਾਗੀ ਐਨਿਊਰਿਜ਼ਮ ਇੱਕ ਗੰਭੀਰ ਪਰ ਕਿਸੇ ਹੱਦ ਤੱਕ ਰੋਕੀ ਜਾ ਸਕਣ ਵਾਲੀ ਨਿਊਰੋਲੋਜੀਕਲ ਬਿਮਾਰੀ ਹੈ। ਇਹ ਸਾਲਾਂ ਤੱਕ ਖਾਮੋਸ਼ ਰਹਿ ਸਕਦੀ ਹੈ ਅਤੇ ਅਚਾਨਕ ਜਾਨਲੇਵਾ ਰੂਪ ਧਾਰ ਸਕਦੀ ਹੈ। ਇਸ ਲਈ ਇਸ ਬਾਰੇ ਜਾਗਰੂਕਤਾ, ਖ਼ਤਰੇ ਦੇ ਕਾਰਕਾਂ ਦੀ ਜਾਣਕਾਰੀ ਅਤੇ ਲੱਛਣਾਂ ਦੀ ਪਛਾਣ ਬਹੁਤ ਜ਼ਰੂਰੀ ਹੈ। ਸਮੇਂ ਸਿਰ ਜਾਂਚ ਅਤੇ ਆਧੁਨਿਕ ਇਲਾਜ਼ ਰਾਹੀਂ ਹਜ਼ਾਰਾਂ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ।

ਅੱਜ ਦੇ ਸਮੇਂ ਵਿੱਚ ਜਨਤਕ ਜਾਗਰੂਕਤਾ, ਨਿਯਮਿਤ ਸਿਹਤ ਜਾਂਚਾਂ, ਖ਼ੂਨ ਦੇ ਦਬਾਅ ਦਾ ਕੰਟਰੋਲ ਅਤੇ ਸਿਗਰਟਨੋਸ਼ੀ ਤੋਂ ਪਰਹੇਜ਼ ਹੀ ਇਸ ਖਾਮੋਸ਼ ਖ਼ਤਰੇ ਤੋਂ ਬਚਾਅ ਦੇ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਹਨ। ਦਿਮਾਗ ਦੀ ਸਿਹਤ ਦੀ ਸੰਭਾਲ ਕਰਨਾ ਹੀ ਸਿਹਤਮੰਦ ਅਤੇ ਸੁਰੱਖਿਅਤ ਜੀਵਨ ਦੀ ਕੁੰਜੀ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ, ਪੰਜਾਬ।

# ਪੈਦਲ ਚੱਲਣ ਨਾਲ ਹੋਣ ਲੱਗਦੈ ਪੈਰਾਂ 'ਚ ਦਰਦ ?



ਪੈਦਲ ਚੱਲਣ ਨੂੰ ਅਕਸਰ ਲੋਕ ਗੰਭੀਰਤਾ ਨਾਲ ਨਹੀਂ ਲੈਂਦੇ ਹਨ, ਜਦੋਂ ਵੀ ਕਸਰਤ ਦੀ ਗੱਲ ਆਉਂਦੀ ਹੈ ਤਾਂ ਉਸ ਵਿਚ ਪੈਦਲ ਚੱਲਣ ਨੂੰ ਸਭ ਤੋਂ ਅਖੀਰ 'ਚ ਰੱਖਿਆ ਜਾਂਦਾ ਹੈ ਜਾਂ ਇਸ ਬਾਰੇ ਬਹੁਤ ਘੱਟ ਗੱਲ ਕੀਤੀ ਜਾਂਦੀ ਹੈ। ਜਦਕਿ ਪੈਦਲ ਚੱਲਣਾ ਵੀ ਇਕ ਅਸਰਦਾਰ ਕਸਰਤ ਹੈ ਜਿਸ ਨਾਲ ਸਿਹਤ ਨੂੰ ਅਣਗਿਣਤ ਫਾਇਦੇ ਹੋ ਸਕਦੇ ਹਨ।

### ਵਾਕ ਕਰਦੇ ਸਮੇਂ ਕੀਤੀਆਂ ਜਾਣ ਵਾਲੀਆਂ ਗ਼ਲਤੀਆਂ

ਜੇਕਰ ਤੁਸੀਂ ਰੋਜ਼ਾਨਾ ਵਾਕ ਕਰਦੇ ਹੋ ਤਾਂ ਇੰਨਾ ਹੀ ਕਾਫ਼ੀ ਨਹੀਂ ਹੈ, ਕਿਉਂਕਿ ਵਾਕ ਕਿਸ ਤਰ੍ਹਾਂ ਕੀਤੀ ਗਈ ਹੈ, ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਕ ਖੋਜ ਮੁਤਾਬਕ, ਰੋਜ਼ਾਨਾ ਕਰੀਬ 8,700 ਕਦਮ ਚੱਲਣ ਨਾਲ ਮੌਤ ਦਾ ਖ਼ਤਰਾ 60% ਤਕ ਘੱਟ ਹੋ ਜਾਂਦਾ ਹੈ। ਇਹ ਸਟੱਡੀ 110,000 ਲੋਕਾਂ 'ਤੇ ਕੀਤੀ ਗਈ, ਜਿਸ ਵਿਚ ਪਾਇਆ ਗਿਆ ਕਿ ਰੋਜ਼ਾਨਾ 7,100 ਕਦਮ ਚੱਲਣ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ 51% ਤਕ ਘੱਟ ਹੋ ਜਾਂਦਾ ਹੈ। ਪਰ ਸਿਰਫ਼ ਪੈਦਲ ਚੱਲਣਾ ਕਾਫ਼ੀ ਨਹੀਂ, ਇਸ ਦੇ ਨਾਲ ਇਹ ਵੀ ਓਨਾ ਹੀ ਮਾਅਨੇ ਰੱਖਦਾ ਹੈ ਕਿ ਵਾਕ ਕਰਦੇ ਸਮੇਂ ਰਫ਼ਤਾਰ ਕੀ ਹੈ, ਪੋਸਚਰ ਕਿੱਹੋ ਜਿਹਾ ਹੈ ਤੇ ਪੈਰ ਕਿਸ ਤਰ੍ਹਾਂ ਰੱਖਿਆ ਜਾ ਰਿਹਾ ਹੈ। ਇਸੇ ਤਰ੍ਹਾਂ ਅਜਿਹੀਆਂ ਬਹੁਤ ਸਾਰੀਆਂ ਗ਼ਲਤੀਆਂ ਹਨ ਜੋ ਲੋਕ ਵਾਕ ਦੇ ਸਮੇਂ ਕਰਦੇ ਹਨ ਪਰ ਉਸ 'ਤੇ ਕਦੇ ਧਿਆਨ ਨਹੀਂ ਦਿੰਦੇ:

**1. ਵਾਕਿੰਗ ਨੂੰ ਕਸਰਤ ਨਾ ਸਮਝਣਾ**

ਕੀ ਤੁਹਾਨੂੰ ਵੀ ਅਜਿਹਾ ਲੱਗਦਾ ਹੈ ਕਿ ਵਾਕ ਕਰਨਾ ਚੰਗੀ ਕਸਰਤਾਂ 'ਚੋਂ ਨਹੀਂ ਹੈ? ਜੇਕਰ ਹਾਂ, ਤਾਂ ਤੁਸੀਂ ਗ਼ਲਤ ਹੋ। ਵਾਕ ਕਰਨਾ ਸਭ ਤੋਂ ਆਸਾਨ ਤੇ ਅਸਰਦਾਰ ਤਰੀਕਾ ਹੈ, ਚਾਹੇ ਵਜ਼ਨ ਘਟਾਉਣਾ ਹੋਵੇ ਜਾਂ ਦਿਲ ਦੀ ਸਿਹਤ ਨੂੰ ਚੰਗਾ ਰੱਖਣਾ ਹੋਵੇ। ਇਸ ਦੇ ਲਈ ਘੰਟਿਆਂਬੱਧੀ ਚੱਲਣਾ ਜ਼ਰੂਰੀ ਨਹੀਂ। ਇਕ ਰਿਪੋਰਟ ਅਨੁਸਾਰ, ਰੋਜ਼ਾਨਾ ਦੀ 10 ਮਿੰਟ ਦੀ ਕਸਰਤ ਨਾਲ ਵੀ ਸਿਹਤ ਨੂੰ ਬਹੁਤ ਸਾਰੇ ਫਾਇਦੇ ਹੋ ਸਕਦੇ ਹਨ।

**2. ਬਹੁਤ ਹੌਲੀ ਚੱਲਣਾ**

ਸਰੀਰ ਕਿਵੇਂ ਕੰਮ ਕਰ ਰਿਹਾ ਹੈ, ਇਸ ਦੇ ਲਈ ਦਿਲ ਦੀ ਧੜਕਣ, ਸਰੀਰ ਦਾ ਤਾਪਮਾਨ, ਸਾਹ ਲੈਣ ਦੀ ਗਤੀ, ਬੀਪੀ ਤੇ ਆਕਸੀਜਨ ਸੈਚੁਰੇਸ਼ਨ ਵਰਗੀਆਂ ਪੰਜ ਚੀਜ਼ਾਂ ਦੇਖੀਆਂ ਜਾਂਦੀਆਂ ਹਨ। ਇਕ ਰਿਪੋਰਟ ਮੁਤਾਬਕ, ਸਰੀਰ ਦੇ ਫੰਕਸ਼ਨ ਦਾ ਪਤਾ ਲਗਾਉਣ ਲਈ ਛੇਵਾਂ ਸੰਕੇਤ ਪੈਦਲ ਚੱਲਣਾ ਹੈ। ਅਜਿਹੇ 'ਚ ਜੇਕਰ ਕੋਈ ਬਹੁਤ ਹੌਲੀ ਚੱਲਦਾ ਹੈ ਤਾਂ ਉਹ ਡਿਮੈਂਸ਼ੀਆ ਦਾ ਸੰਕੇਤ ਹੋ ਸਕਦਾ ਹੈ।

**3. ਚੱਲਦੇ ਸਮੇਂ ਫ਼ੋਨ ਹੱਥ 'ਚ ਲੈਣਾ**

ਵਾਕ ਕਰਦੇ ਸਮੇਂ ਫ਼ੋਨ ਹੱਥ 'ਚ ਰੱਖਣਾ ਅਤੇ ਵਿਚਕਾਰ ਕਿਸੇ ਮੈਸੇਜ ਦਾ ਜਵਾਬ ਦਿੰਦੇ ਰਹਿਣਾ, ਰੀਲਾਂ ਦੇਖਣਾ ਜਾਂ ਸੋਸ਼ਲ ਮੀਡੀਆ ਦੀ ਵਰਤੋਂ ਕਰਨਾ ਪੋਸਚਰ ਵਿਗਾੜ ਸਕਦਾ ਹੈ। ਇਸ ਨਾਲ ਗਰਦਨ ਤੇ ਕਮਰ ਹੇਠਲੇ ਹਿੱਸੇ 'ਚ ਤਕਲੀਫ਼ ਦੇਖਣ ਨੂੰ ਮਿਲ ਸਕਦੀ ਹੈ। ਇਸ ਤੋਂ ਇਲਾਵਾ, ਦਿਮਾਗ ਨੂੰ ਚੱਲਣ ਵੇਲੇ ਜੋ ਆਰਾਮ ਮਿਲਣਾ ਚਾਹੀਦਾ ਹੈ, ਉਹ ਵੀ ਨਹੀਂ ਮਿਲ ਪਾਉਂਦਾ।

**4. ਹੱਥਾਂ ਨੂੰ ਹਿਲਾਉਂਦੇ ਹੋਏ ਨਾ ਚੱਲਣਾ**

ਜੇਕਰ ਤੁਹਾਡੀ ਚੱਲਦੇ ਸਮੇਂ ਹੱਥਾਂ ਨੂੰ ਮੂਵ ਨਾ ਕਰਨ ਦੀ ਆਦਤ ਹੈ ਜਾਂ ਹੱਥ ਬਹੁਤ ਘੱਟ ਹਿਲਦੇ ਹਨ ਤਾਂ ਇਹ ਵਾਕ ਕਰਨ ਦੀਆਂ ਗ਼ਲਤ ਆਦਤਾਂ 'ਚ ਸ਼ਾਮਲ ਹੈ। ਹੱਥ ਕੁਦਰਤੀ ਤੌਰ 'ਤੇ ਚੱਲਦੇ ਸਮੇਂ ਜਦੋਂ ਹਿਲਦੇ ਹਨ ਤਾਂ ਉਹ ਪੈਰਾਂ ਨਾਲ ਸੰਤੁਲਨ ਬਣਾ ਰਹੇ ਹੁੰਦੇ ਹਨ ਤਾਂ ਜੋ ਸਰੀਰ ਦਾ ਵੀ ਸੰਤੁਲਨ ਬਣਿਆ ਰਹੇ। ਇਸ ਨਾਲ ਚੱਲਣ ਵਿਚ ਵੀ ਪਰੇਸ਼ਾਨੀ ਹੁੰਦੀ ਹੈ ਅਤੇ ਡਿੱਗਣ 'ਤੇ ਸਰੀਰ ਸੰਭਲ ਨਹੀਂ ਪਾਉਂਦਾ।

**5. ਗ਼ਲਤ ਜੁੱਤੇ ਪਹਿਨਣਾ**

ਭਾਰੀ-ਭਰਕਮ ਜੁੱਤੇ ਜਾਂ ਉਨ੍ਹਾਂ ਦੇ ਪੈਡ ਦਾ ਸਖ਼ਤ ਹੋਣਾ ਪੈਰਾਂ ਨੂੰ ਥਕਾਉਣ ਦੇ ਨਾਲ-ਨਾਲ ਦਰਦ ਦਾ ਕਾਰਨ ਵੀ ਬਣਦਾ ਹੈ। ਵਾਕ ਕਰਨ ਲਈ ਜੁੱਤੇ ਅਜਿਹੇ ਹੋਣੇ ਚਾਹੀਦੇ ਹਨ ਜੋ ਹਲਕੇ ਹੋਣ, ਹਵਾਦਾਰ ਹੋਣ ਅਤੇ ਪਾਣੀ ਤੋਂ ਬਚਾਉਣ।

**6. ਪੈਰਾਂ ਦੀਆਂ ਉਂਗਲਾਂ ਨੂੰ ਅਣਦੇਖਾ ਕਰਨਾ**

ਸ਼ਾਇਦ ਤੁਹਾਨੂੰ ਪਤਾ ਨਾ ਹੋਵੇ ਪਰ ਪੈਰਾਂ ਦੀਆਂ ਉਂਗਲਾਂ ਦੀ ਮਜ਼ਬੂਤੀ ਚੱਲਣ ਦੀ ਸਮਰੱਥਾ ਬਾਰੇ ਦੱਸਦੀ ਹੈ। ਜਦੋਂ ਅਸੀਂ ਚੱਲਦੇ ਹਾਂ ਤਾਂ ਉਹ ਪੈਰਾਂ ਦੀਆਂ ਉਂਗਲਾਂ ਹੀ ਹੁੰਦੀਆਂ ਹਨ ਜੋ ਅੱਗੇ ਵਧਣ 'ਚ ਮਦਦ ਕਰਦੀਆਂ ਹਨ।

# ਪੂਰੀ ਨੀਂਦ ਲੈਣ ਤੋਂ ਬਾਅਦ ਵੀ ਦਿਨ ਭਰ ਸਰੀਰ ਕਿਉਂ ਟੁੱਟਦਾ ਰਹਿੰਦਾ ਹੈ?

ਇੱਕ ਤੰਦਰੁਸਤ ਸਰੀਰ ਲਈ ਉਮਰ ਦੇ ਹਿਸਾਬ ਨਾਲ 6 ਤੋਂ 8 ਘੰਟੇ ਦੀ ਚੰਗੀ ਕੁਆਲਿਟੀ ਵਾਲੀ ਨੀਂਦ ਲੈਣਾ ਬੇਹੱਦ ਜ਼ਰੂਰੀ ਹੈ ਪਰ ਕਈ ਵਾਰ ਰਾਤ ਦੀ ਨੀਂਦ ਪੂਰੀ ਨਾ ਹੋਣ ਕਾਰਨ ਲੋਕ ਦਿਨ ਭਰ ਥਕਾਵਟ ਅਤੇ ਲੋੜ ਤੋਂ ਵੱਧ ਨੀਂਦ ਆਉਣ ਦੀ ਸਮੱਸਿਆ ਨਾਲ ਜੂਝਦੇ ਰਹਿੰਦੇ ਹਨ। ਜੇਕਰ ਤੁਹਾਡੇ ਨਾਲ ਵੀ ਅਜਿਹਾ ਅਕਸਰ ਹੁੰਦਾ ਹੈ, ਤਾਂ ਇਸ ਨੂੰ ਸਿਰਫ਼ 'ਥਕਾਵਟ' ਮੰਨ ਕੇ ਨਜ਼ਰਅੰਦਾਜ਼ ਨਾ ਕਰੋ। ਇਹ ਕੁਝ ਅਜਿਹੀਆਂ ਬਿਮਾਰੀਆਂ ਜਾਂ ਆਦਤਾਂ ਦਾ ਸੰਕੇਤ ਹੋ ਸਕਦਾ ਹੈ, ਜਿਨ੍ਹਾਂ ਦੀ ਸਮੇਂ ਸਿਰ ਜਾਂਚ ਹੋਣਾ ਬਹੁਤ ਜ਼ਰੂਰੀ ਹੈ। ਆਓ, ਡਾ. ਮੋਨਿਕਾ ਮਹਾਜਨ (ਪ੍ਰਿੰਸੀਪਲ ਡਾਇਰੈਕਟਰ ਅਤੇ ਐੱਚ.ਓ.ਡੀ., ਇੰਟਰਨਲ ਮੈਡੀਸਨ, ਮੈਕਸ ਹਸਪਤਾਲ - ਪੰਚਸ਼ੀਲ ਪਾਰਕ) ਤੋਂ ਇਸ ਬਾਰੇ ਵਿਸਤਾਰ ਵਿੱਚ ਜਾਣਦੇ ਹਾਂ।

### ਸਲੀਪ ਐਪਨੀਆ

ਜੇਕਰ ਤੁਹਾਨੂੰ ਜ਼ੋਰ-ਜ਼ੋਰ ਨਾਲ ਘੁਰਾੜੇ ਲੈਣ ਦੀ ਆਦਤ ਹੈ ਅਤੇ ਖ਼ਾਸ ਕਰਕੇ ਜੇਕਰ ਤੁਹਾਡਾ ਭਾਰ ਜ਼ਿਆਦਾ ਹੈ, ਤਾਂ ਤੁਹਾਨੂੰ 'ਓਬਸਟਰਕਟਿਵ ਸਲੀਪ ਐਪਨੀਆ' ਦੀ ਸਮੱਸਿਆ ਹੋ ਸਕਦੀ ਹੈ। ਇਸ ਬਿਮਾਰੀ ਵਿੱਚ ਸੌਂਦੇ ਸਮੇਂ ਜੀਭ ਪਿੱਛੇ ਵੱਲ ਡਿੱਗ ਜਾਂਦੀ ਹੈ ਅਤੇ ਦਿਮਾਗ ਦੇ ਸਲੀਪ ਸੈਂਟਰ ਵਿੱਚ ਗੜਬੜ ਹੋਣ ਲੱਗਦੀ ਹੈ। ਇਸ ਨਾਲ ਦਿਮਾਗ ਤੱਕ ਲੋੜੀਂਦੀ ਆਕਸੀਜਨ ਨਹੀਂ ਪਹੁੰਚ ਪਾਉਂਦੀ, ਜਿਸ ਕਾਰਨ ਹਾਰਟ ਅਤੇ ਬਲੱਡ ਪ੍ਰੈਸ਼ਰ ਵਿੱਚ ਲਗਾਤਾਰ ਉਤਾਰ-ਚੜ੍ਹਾਅ ਹੁੰਦਾ ਰਹਿੰਦਾ ਹੈ।

ਨਤੀਜਾ ਇਹ ਹੁੰਦਾ ਹੈ ਕਿ ਰਾਤ ਨੂੰ ਬਾਰ-ਬਾਰ ਨੀਂਦ ਟੁੱਟਦੀ ਹੈ। ਰਾਤ ਦੀ ਨੀਂਦ ਇੰਨੀ ਖ਼ਰਾਬ ਹੋ ਜਾਂਦੀ ਹੈ ਕਿ ਇਨਸਾਨ ਦਿਨ ਵਿੱਚ ਕੁਰਸੀ 'ਤੇ ਬੈਠੇ-ਬੈਠੇ ਜਾਂ ਗੱਡੀ ਵਿੱਚ ਸਫ਼ਰ ਕਰਦੇ ਹੋਏ ਵੀ ਸੌਂ ਜਾਂਦਾ ਹੈ। ਇਹ ਇੱਕ ਗੰਭੀਰ ਸਮੱਸਿਆ ਹੈ ਜਿਸ ਦਾ ਸਿੱਧਾ ਸਬੰਧ ਹਾਰਟ ਅਟੈਕ ਅਤੇ ਸਟ੍ਰੋਕ ਨਾਲ ਪਾਇਆ ਗਿਆ ਹੈ। ਜੇਕਰ ਤੁਹਾਨੂੰ ਅਜਿਹੇ ਲੱਛਣ ਹਨ, ਤਾਂ 'ਸਲੀਪ ਸਟੱਡੀ' ਕਰਵਾਉਣਾ ਸਹੀ ਰਹੇਗਾ।

### ਜੈੱਟ ਲੈਗ ਅਤੇ ਸਰਕੇਡੀਅਨ ਰਿਦਮ ਡਿਸਆਰਡਰ

ਜਿਹੜੇ ਲੋਕ ਰਾਤ ਦੀ ਸ਼ਿਫਟ ਵਿੱਚ ਕੰਮ ਕਰਦੇ ਹਨ ਜਾਂ ਅਕਸਰ ਟ੍ਰੈਵਲ ਕਰਦੇ ਹਨ, ਉਨ੍ਹਾਂ ਨੂੰ ਅਕਸਰ 'ਜੈੱਟ ਲੈਗ' ਅਤੇ 'ਸਰਕੇਡੀਅਨ ਰਿਦਮ ਡਿਸਆਰਡਰ' ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੇ ਸਰੀਰ ਦੀ ਆਪਣੀ ਇੱਕ ਅੰਦਰੂਨੀ ਘੜੀ ਹੁੰਦੀ ਹੈ। ਜਦੋਂ ਸਾਡੀ 'ਬਾਡੀ ਕਲਾਕ' ਅਤੇ ਬਾਹਰ ਦੀ ਰੋਸ਼ਨੀ ਦਾ ਸਮਾਂ ਆਪਸ ਵਿੱਚ ਮੇਲ ਨਹੀਂ ਖਾਂਦੇ, ਤਾਂ ਸਲੀਪ-ਵੇਕ ਸਾਈਕਲ ਪੂਰੀ ਤਰ੍ਹਾਂ ਖ਼ਰਾਬ ਹੋ ਜਾਂਦੀ ਹੈ। ਇਸੇ ਕਾਰਨ ਦਿਨ ਭਰ ਥਕਾਵਟ ਅਤੇ ਨੀਂਦ ਹਾਵੀ ਰਹਿੰਦੀ ਹੈ।

### ਖ਼ਰਾਬ ਸਲੀਪ ਹਾਈਜੀਨ

ਤੁਹਾਡੀਆਂ ਰੋਜ਼ਾਨਾ ਦੀਆਂ ਕੁਝ ਆਦਤਾਂ ਵੀ ਤੁਹਾਡੀ ਨੀਂਦ ਦੀ ਕੁਆਲਿਟੀ ਖ਼ਰਾਬ ਕਰ ਸਕਦੀਆਂ ਹਨ:

ਮੋਬਾਈਲ ਫ਼ੋਨ: ਰਾਤ ਭਰ ਫ਼ੋਨ ਦੀ ਸਕ੍ਰੀਨ 'ਤੇ ਮੈਸੇਜ ਚੈੱਕ ਕਰਦੇ ਰਹਿਣ ਨਾਲ ਸਲੀਪ ਸਾਈਕਲ ਡਿਸਟਰਬ ਹੋ ਜਾਂਦਾ ਹੈ।

ਖਾਣ-ਪੀਣ: ਰਾਤ ਨੂੰ ਸੌਣ ਤੋਂ ਪਹਿਲਾਂ ਸ਼ਰਾਬ ਜਾਂ ਕਾਫ਼ੀ ਦਾ ਸੇਵਨ ਕਰਨਾ ਵੀ ਤੁਹਾਡੀ ਰਾਤਾਂ ਦੀ ਨੀਂਦ ਉਡਾ ਸਕਦਾ ਹੈ।

### ਕੀ ਕਿਸੇ ਬਿਮਾਰੀ ਜਾਂ ਦਵਾਈ ਦਾ ਹੈ ਅਸਰ?

ਦਿਨ ਵਿੱਚ ਜ਼ਿਆਦਾ ਨੀਂਦ ਆਉਣ ਦੇ ਪਿੱਛੇ ਸਿਰਫ਼ ਅਧੂਰੀ ਨੀਂਦ ਹੀ ਨਹੀਂ, ਸਗੋਂ ਕਈ ਹੋਰ ਸਰੀਰਕ ਅਤੇ ਬਾਹਰੀ ਕਾਰਨ ਵੀ ਹੋ ਸਕਦੇ ਹਨ:

ਗੰਭੀਰ ਬਿਮਾਰੀਆਂ: ਮੋਟਾਪਾ, ਸ਼ੂਗਰ, ਦਿਲ ਦੀਆਂ ਬਿਮਾਰੀਆਂ ਅਤੇ ਥਾਇਰਾਇਡ ਵਰਗੀਆਂ ਸਮੱਸਿਆਵਾਂ ਦਾ ਸਿੱਧਾ ਕਨੈਕਸ਼ਨ ਨੀਂਦ ਨਾਲ ਹੈ।












# ਰਾਸ਼ੀਫਲ

### ਮੇਖ ਰਾਸ਼ੀ

ਮੇਖ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਬਿਲਕੁਲ ਨਵੇਂ ਅਧਿਆਏ ਦੀ ਸ਼ੁਰੂਆਤ ਕਰ ਰਿਹਾ ਹੈ। ਜਿਸ ਸਥਿਰਤਾ ਦੀ ਤੁਸੀਂ ਸਾਲਾਂ ਤੋਂ ਉਡੀਕ ਕਰ ਰਹੇ ਸੀ, ਉਹ ਆਖਰਕਾਰ ਇਸ ਮਹੀਨੇ ਹਕੀਕਤ ਬਣ ਰਹੀ ਹੈ। ਖਾਸ ਤੌਰ 'ਤੇ, 2 ਜੂਨ ਨੂੰ ਤੁਹਾਡੇ ਨੌਵੇਂ ਘਰ ਦੇ ਸੁਆਮੀ ਗੁਰੂ ਦਾ ਆਪਣੀ ਉੱਚ ਰਾਸ਼ੀ ਕਰਕ (ਚੌਥੇ ਘਰ) ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਯੋਗ ਬਣਾਉਂਦਾ ਹੈ। ਇਸ ਸਕਾਰਾਤਮਕ ਊਰਜਾ ਦੇ ਨਾਲ, 15 ਜੂਨ ਤੋਂ ਤੁਹਾਡੇ ਤੀਜੇ ਘਰ ਵਿੱਚ ਸੂਰਜ ਦਾ ਗੋਚਰ ਤੁਹਾਡੇ ਲੜਨ ਦੇ ਜਜ਼ਬੇ ਨੂੰ ਵਧਾਏਗਾ, ਜਿਸ ਨਾਲ ਤੁਸੀਂ ਕਿਸੇ ਵੀ ਕੰਮ ਨੂੰ ਸਫਲਤਾਪੂਰਵਕ ਪੂਰਾ ਕਰਨ ਦੇ ਯੋਗ ਹੋਵੋਗੇ। ਹਾਲਾਂਕਿ 21 ਜੂਨ ਤੱਕ ਤੁਹਾਡੀ ਰਾਸ਼ੀ ਵਿੱਚ ਮੰਗਲ ਦਾ ਹੋਣਾ ਤੁਹਾਨੂੰ ਅਥਾਹ ਜੀਵਨ ਸ਼ਕਤੀ ਪ੍ਰਦਾਨ ਕਰੇਗਾ, ਪਰ ਇਹ ਬਿਨਾਂ ਵਜ੍ਹਾ ਦੀ ਚਿੜਚਿੜਾਹਟ ਨੂੰ ਵੀ ਵਧਾ ਸਕਦਾ ਹੈ; ਇਸ ਲਈ, ਮਨ ਨੂੰ ਸ਼ਾਂਤ ਰੱਖਣਾ ਇਸ ਮਹੀਨੇ ਨੂੰ ਤੁਹਾਡੇ ਲਈ ਸੁਨਹਿਰੀ ਦੌਰ ਬਣਾ ਦੇਵੇਗਾ।

### ਬ੍ਰਿਖ ਰਾਸ਼ੀ

ਬ੍ਰਿਖ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਗਤੀਸ਼ੀਲ ਅਤੇ ਅਨੁਕੂਲ ਮਹੀਨਾ ਹੋਵੇਗਾ। ਇਸ ਮਿਆਦ ਦੌਰਾਨ ਪੰਜ ਮਹੱਤਵਪੂਰਨ ਗ੍ਰਹਿ ਆਪਣੀ ਸਥਿਤੀ ਬਦਲ ਰਹੇ ਹਨ। ਤੁਹਾਡੇ ਲਾਭ ਦੇ 11ਵੇਂ ਘਰ ਵਿੱਚ ਬੈਠੇ ਭਗਵਾਨ ਸ਼ਨੀ ਦੇ ਮਜ਼ਬੂਤ ਸਹਿਯੋਗ ਦੇ ਨਾਲ, 2 ਜੂਨ ਨੂੰ ਗੁਰੂ ਦਾ ਆਪਣੀ ਉੱਚ ਰਾਸ਼ੀ ਕਰਕ (ਤੀਜੇ ਘਰ) ਵਿੱਚ ਪ੍ਰਵੇਸ਼ ਕਰਨਾ ਤੁਹਾਡੇ ਯਤਨਾਂ ਨੂੰ ਸ਼ਾਨਦਾਰ ਤਾਕਤ ਪ੍ਰਦਾਨ ਕਰੇਗਾ। ਮਹੀਨੇ ਦੇ ਦੂਜੇ ਹਿੱਸੇ ਵਿੱਚ, ਸੂਰਜ ਅਤੇ ਬੁੱਧ ਦੇ ਸ਼ੁਭ ਪ੍ਰਭਾਵ ਤੁਹਾਡੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨਗੇ। ਹਾਲਾਂਕਿ, 21 ਜੂਨ ਨੂੰ ਮੰਗਲ ਦੇ ਤੁਹਾਡੀ ਆਪਣੀ ਰਾਸ਼ੀ ਵਿੱਚ ਪ੍ਰਵੇਸ਼ ਕਰਨ ਨਾਲ, ਤੁਹਾਡੀ ਸਰੀਰਕ ਊਰਜਾ ਦੇ ਨਾਲ-ਨਾਲ ਚਿੜਚਿੜਾਹਟ ਵਿੱਚ ਵੀ ਵਾਧਾ ਹੋ ਸਕਦਾ ਹੈ। ਮਨ ਨੂੰ ਸ਼ਾਂਤ ਰੱਖ ਕੇ ਤੁਸੀਂ ਇਸ ਮਹੀਨੇ ਅਸਧਾਰਨ ਪ੍ਰਾਪਤੀਆਂ ਹਾਸਲ ਕਰ ਸਕਦੇ ਹੋ।



### ਮਿਥੁਨ ਰਾਸ਼ੀ

ਮਿਥੁਨ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਦਾ ਮਹੀਨਾ ਕਈ ਸ਼ੁਭ ਬਦਲਾਅ ਲੈ ਕੇ ਆ ਰਿਹਾ ਹੈ। ਭਗਵਾਨ ਗੁਰੂ, ਜੋ ਪਿਛਲੇ ਇੱਕ ਸਾਲ ਤੋਂ ਤੁਹਾਡੀ ਆਪਣੀ ਰਾਸ਼ੀ ਵਿੱਚ ਸਨ ਅਤੇ ਤੁਹਾਡੀ ਸੋਚ ਪ੍ਰਕਿਰਿਆ ਨੂੰ ਡੂੰਘਾ ਪ੍ਰਭਾਵਿਤ ਕਰ ਰਹੇ ਸਨ, ਉਹ 2 ਜੂਨ ਨੂੰ ਆਪਣੀ ਉੱਚ ਰਾਸ਼ੀ ਕਰਕ (ਦੂਜੇ ਘਰ – ਧਨ ਭਾਵ) ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੇ ਜੀਵਨ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਇਹ ਗੋਚਰ ਤੁਹਾਨੂੰ ਸ਼ਾਨਦਾਰ ਵਿੱਤੀ ਸਥਿਰਤਾ ਅਤੇ ਪਰਿਵਾਰਕ ਖੁਸ਼ੀ ਪ੍ਰਦਾਨ ਕਰੇਗਾ। ਇਸ ਦੇ ਨਾਲ ਹੀ, 15 ਜੂਨ ਤੋਂ ਤੁਹਾਡੀ ਆਪਣੀ ਰਾਸ਼ੀ ਵਿੱਚ ਸੂਰਜ ਦਾ ਗੋਚਰ ਤੁਹਾਡੇ ਮਾਨ-ਸਨਮਾਨ ਅਤੇ ਪ੍ਰਤਿਸ਼ਠਾ ਨੂੰ ਵਧਾਏਗਾ। ਭਾਵੇਂ ਮਹੀਨੇ ਦੇ ਅੰਤ ਵਿੱਚ ਮੰਗਲ ਦਾ 12ਵੇਂ ਘਰ ਵਿੱਚ ਜਾਣਾ ਕੁਝ ਛੋਟੀਆਂ ਚੁਣੌਤੀਆਂ ਦੇ ਸਕਦਾ ਹੈ, ਪਰ ਗ੍ਰਹਿਆਂ ਦਾ ਬਹੁਤ ਵੱਡਾ ਸਹਿਯੋਗ ਤੁਹਾਡੇ ਪੱਖ ਵਿੱਚ ਹੈ, ਜਿਸ ਨਾਲ ਤੁਸੀਂ ਜਿਸ ਵੀ ਕੰਮ ਨੂੰ ਹੱਥ ਪਾਓਗੇ, ਉਹ ਸਫਲ ਹੋਵੇਗਾ।

### ਕਰਕ ਰਾਸ਼ੀ

ਕਰਕ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਯਾਦਗਾਰ ਅਤੇ ਸੁਨਹਿਰੀ ਮਹੀਨੇ ਵਜੋਂ ਉੱਭਰੇਗਾ। ਗ੍ਰਹਿਆਂ ਦੀ ਸਥਿਤੀ ਪੂਰੀ ਤਰ੍ਹਾਂ ਤੁਹਾਡੀ ਰਾਸ਼ੀ ਦੇ ਪੱਖ ਵਿੱਚ ਬਣੀ ਹੋਈ ਹੈ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਤੁਹਾਡੇ 12ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਖਰਚੇ ਅਤੇ ਮਾਨਸਿਕ ਤਣਾਅ ਦਿੱਤਾ ਸੀ, ਉਹ 2 ਜੂਨ ਨੂੰ ਆਪਣੀ ਉੱਚ ਰਾਸ਼ੀ ਕਰਕ (ਤੁਹਾਡੀ ਜਨਮ ਰਾਸ਼ੀ) ਵਿੱਚ ਪ੍ਰਵੇਸ਼ ਕਰ ਰਹੇ ਹਨ। ਇਹ ਗੋਚਰ ਤੁਹਾਡੇ ਆਤਮ-ਵਿਸ਼ਵਾਸ ਅਤੇ ਜੀਵਨ ਸ਼ਕਤੀ ਨੂੰ ਦੁੱਗਣਾ ਕਰ ਦੇਵੇਗਾ। ਇਸ ਸ਼ਾਨਦਾਰ ਊਰਜਾ ਦੇ ਨਾਲ, ਸ਼ੁੱਕਰ ਅਤੇ ਬੁੱਧ ਵੀ ਤੁਹਾਡੀ ਰਾਸ਼ੀ ਵਿੱਚ ਕਦਮ ਰੱਖਣਗੇ, ਜਿਸ ਨਾਲ ਤੁਹਾਡੀ ਸ਼ਖਸੀਅਤ ਹਰ ਕਿਸੇ ਲਈ ਬਹੁਤ ਆਕਰਸ਼ਕ ਬਣ ਜਾਵੇਗੀ। ਇਸ ਸਭ ਦੇ ਉੱਪਰ, 21 ਜੂਨ ਨੂੰ ਲਾਭ ਦੇ 11ਵੇਂ ਘਰ ਵਿੱਚ ਮੰਗਲ ਦਾ ਆਗਮਨ ਤੁਹਾਡੇ ਵਿੱਤੀ ਸੁਪਨਿਆਂ ਨੂੰ ਸਫਲਤਾਪੂਰਵਕ ਹਕੀਕਤ ਵਿੱਚ ਬਦਲ ਦੇਵੇਗਾ।

### ਸਿੰਘ ਰਾਸ਼ੀ

ਸਿੰਘ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਦਿਲਚਸਪ ਅਤੇ ਗਤੀਸ਼ੀਲ ਮਹੀਨਾ ਸਾਬਤ ਹੋਵੇਗਾ। ਤੁਹਾਡੀ ਰਾਸ਼ੀ 'ਤੇ ਪੰਜ ਮਹੱਤਵਪੂਰਨ ਗ੍ਰਹਿਆਂ ਦਾ ਗੂੜ੍ਹਾ ਪ੍ਰਭਾਵ ਰਹੇਗਾ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਭਗਵਾਨ ਗੁਰੂ 2 ਜੂਨ ਨੂੰ ਤੁਹਾਡੇ 12ਵੇਂ ਘਰ (ਖਰਚੇ ਦੇ ਘਰ) ਵਿੱਚ ਆਪਣੀ ਉੱਚ ਸਥਿਤੀ ਦਾ ਦਾਅਵਾ ਕਰਨ ਲਈ ਪ੍ਰਵੇਸ਼ ਕਰ ਰਹੇ ਹਨ ਲ਼ਿਗਹਟਸ। ਭਾਵੇਂ 12ਵਾਂ ਘਰ ਖਰਚਿਆਂ ਨੂੰ ਦਰਸਾਉਂਦਾ ਹੈ, ਪਰ ਗੁਰੂ ਦੇ ਉੱਚ ਹੋਣ ਕਾਰਨ ਇਹ ਖਰਚੇ ਬਹੁਤ ਹੀ ਲਾਭਦਾਇਕ ਕੰਮਾਂ ਜਿਵੇਂ ਕਿ ਸ਼ੁਭ ਸਮਾਗਮਾਂ, ਜਾਇਦਾਦ ਦੀ ਖਰੀਦਦਾਰੀ, ਜਾਂ ਵਿਦੇਸ਼ ਯਾਤਰਾਵਾਂ ਵੱਲ ਨਿਰਦੇਸ਼ਿਤ ਹੋਣਗੇ। ਇਸ ਤੋਂ ਇਲਾਵਾ, 15 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਸੂਰਜ ਦਾ ਲਾਭ ਦੇ 11ਵੇਂ ਘਰ (ਮਿਥੁਨ ਰਾਸ਼ੀ) ਵਿੱਚ ਜਾਣਾ, ਅਤੇ ਉਸ ਤੋਂ ਤੁਰੰਤ ਬਾਅਦ 21 ਜੂਨ ਨੂੰ ਮੰਗਲ ਦਾ 10ਵੇਂ ਘਰ ਵਿੱਚ ਦਿਗਬਲ ਪ੍ਰਾਪਤ ਕਰਨਾ, ਤੁਹਾਨੂੰ ਪੇਸ਼ੇਵਰ ਅਤੇ ਸਮਾਜਿਕ ਤੌਰ 'ਤੇ ਅਣਪਛਾਤੀਆਂ ਉੱਚੀਆਂ ਬੁਲੰਦੀਆਂ 'ਤੇ ਲੈ ਜਾਵੇਗਾ।

### ਕੰਨਿਆ ਰਾਸ਼ੀ

ਕੰਨਿਆ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਬਿਲਕੁਲ ਨਵੇਂ ਅਤੇ ਸ਼ਾਨਦਾਰ ਅਧਿਆਏ ਦੀ ਸ਼ੁਰੂਆਤ ਕਰ ਰਿਹਾ ਹੈ। 8ਵੇਂ ਘਰ ਵਿੱਚ ਮੰਗਲ ਦੇ ਹੋਣ ਕਾਰਨ ਤੁਹਾਨੂੰ ਹੁਣ ਤੱਕ ਜੋ ਸਰੀਰਕ ਕਸ਼ਟ ਅਤੇ ਅਚਾਨਕ ਚਿੜਚਿੜਾਹਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਹ ਇਸ ਮਹੀਨੇ ਸਥਾਈ ਰੂਪ ਵਿੱਚ ਖਤਮ ਹੋ ਜਾਵੇਗਾ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਤੁਹਾਡੇ ਸੁਖਾਂ ਅਤੇ ਰਿਸ਼ਤਿਆਂ ਦਾ ਸੁਆਮੀ ਗੁਰੂ, 2 ਜੂਨ ਨੂੰ ਲਾਭ ਦੇ 11ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਿਹਾ ਹੈ, ਜਿਸ ਨਾਲ ਇੱਕ ਸ਼ਾਨਦਾਰ ਰਾਜਯੋਗ ਬਣੇਗਾ। ਇਸ ਦੇ ਨਾਲ ਹੀ, ਕਰੀਅਰ ਦੇ ਘਰ ਵਿੱਚ ਸੂਰਜ ਦੀ ਮੌਜੂਦਗੀ ਤੁਹਾਡੀ ਨੌਕਰੀ ਅਤੇ ਕਾਰੋਬਾਰ ਨੂੰ ਉੱਚੇ ਸਿਖਰ 'ਤੇ ਲੈ ਜਾਵੇਗੀ। ਗ੍ਰਹਿਆਂ ਦੇ ਇਸ ਸੁਭਾਗ ਨਾਲ, ਇਹ ਮਹੀਨਾ ਅਜਿਹਾ ਰਹੇਗਾ ਜਿੱਥੇ ਤੁਸੀਂ ਜਿਸ ਵੀ ਕੰਮ ਨੂੰ ਹੱਥ ਲਗਾਓਗੇ, ਉਹ ਸਫਲਤਾ ਵਿੱਚ ਬਦਲ ਜਾਵੇਗਾ।

### ਤੁਲਾ ਰਾਸ਼ੀ

ਤੁਲਾ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਪੇਸ਼ੇਵਰ ਖੇਤਰ ਵਿੱਚ ਇੱਕ ਸ਼ਾਨਦਾਰ ਅਤੇ ਸੁਨਹਿਰੀ ਅਧਿਆਏ ਲਿਖਣ ਵਾਲਾ ਸਾਬਤ ਹੋਵੇਗਾ। ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਇੱਕ ਸਾਲ ਦੌਰਾਨ ਤੁਹਾਡੇ 9ਵੇਂ ਘਰ ਵਿੱਚ ਗੋਚਰ ਕਰਦੇ ਹੋਏ ਤੁਹਾਨੂੰ ਭਾਗ ਦਾ ਸਾਥ ਦਿੱਤਾ ਸੀ, ਉਹ 2 ਜੂਨ ਨੂੰ ਤੁਹਾਡੇ ਕਰੀਅਰ ਦੇ 10ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੀ ਜੀਵਨ ਯਾਤਰਾ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਤੁਹਾਨੂੰ ਸਮਾਜ ਵਿੱਚ ਵਧੀਆ ਪਛਾਣ ਦੇ ਨਾਲ-ਨਾਲ ਆਪਣੀ ਸਖ਼ਤ ਮਿਹਨਤ ਦਾ ਦੁੱਗਣਾ ਫਲ ਮਿਲੇਗਾ। ਇਸ ਦੇ ਨਾਲ ਹੀ, ਤੁਹਾਡੀ ਰਾਸ਼ੀ ਦਾ ਸੁਆਮੀ ਸ਼ੁੱਕਰ ਵੀ ਕਰੀਅਰ ਦੇ ਘਰ ਵਿੱਚ ਗੁਰੂ ਦੇ ਨਾਲ ਸ਼ਾਮਲ ਹੋ ਰਿਹਾ ਹੈ, ਜਿਸ ਨਾਲ ਇੱਕ ਸ਼ਾਨਦਾਰ ਰਾਜਯੋਗ ਦਾ ਨਿਰਮਾਣ ਹੋਵੇਗਾ। ਭਾਵੇਂ ਮਹੀਨੇ ਦਾ ਪਹਿਲਾ ਹਿੱਸਾ ਕਾਰੋਬਾਰ ਵਿੱਚ ਬਿਹਤਰੀਨ ਲਾਭ ਦੇਵੇਗਾ, ਪਰ ਦੂਜੇ ਹਿੱਸੇ ਵਿੱਚ 8ਵੇਂ ਘਰ ਵਿੱਚ ਮੰਗਲ ਦੇ ਆਉਣ ਕਾਰਨ ਤੁਹਾਨੂੰ ਨਿੱਜੀ ਸਬੰਧਾਂ ਅਤੇ ਸਿਹਤ ਦੇ ਮਾਮਲਿਆਂ ਵਿੱਚ ਧੀਰਜ ਅਤੇ ਨਰਮੀ ਵਰਤਣੀ ਪਵੇਗੀ।

### ਬ੍ਰਿਸ਼ਚਕ ਰਾਸ਼ੀ

ਬ੍ਰਿਸ਼ਚਕ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਅਥਾਹ ਕਿਸਮਤ ਦੇ ਨਾਲ-ਨਾਲ ਕੁਝ ਪ੍ਰੀਖਿਆਵਾਂ ਵੀ ਇਕੱਠੀਆਂ ਲੈ ਕੇ ਆ ਰਿਹਾ ਹੈ। ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਤੁਹਾਡੇ 8ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਚੁਣੌਤੀਆਂ ਦਿੱਤੀਆਂ ਸਨ, ਉਹ 2 ਜੂਨ ਨੂੰ ਭਾਗ ਦੇ 9ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੇ ਲਈ ਇੱਕ ਪਰਮ ਵਰਦਾਨ ਸਾਬਤ ਹੋਵੇਗਾ। ਇਸ ਦੇ ਪ੍ਰਭਾਵ ਨਾਲ ਆਰਥਿਕ ਅਤੇ ਪੇਸ਼ੇਵਰ ਰੁਕਾਵਟਾਂ ਰੱਬੀ ਕਿਰਪਾ ਨਾਲ ਆਸਾਨੀ ਨਾਲ ਦੂਰ ਹੋ ਜਾਣਗੀਆਂ। ਹਾਲਾਂਕਿ, ਭਾਵੇਂ ਤੁਹਾਡੀ ਰਾਸ਼ੀ ਦਾ ਸੁਆਮੀ ਮੰਗਲ ਮਹੀਨੇ ਦੇ ਜ਼ਿਆਦਾਤਰ ਹਿੱਸੇ ਵਿੱਚ ਸ਼ਾਨਦਾਰ ਨਤੀਜੇ ਦੇਵੇਗਾ, ਪਰ 15 ਜੂਨ ਤੋਂ ਬਾਅਦ 8ਵੇਂ ਘਰ (ਮਿਥੁਨ ਰਾਸ਼ੀ) ਵਿੱਚ ਸੂਰਜ ਦਾ ਗੋਚਰ ਸਰੀਰਕ ਥਕਾਵਟ ਅਤੇ ਸਿਹਤ ਦੇ ਮਾਮਲਿਆਂ ਵਿੱਚ ਵਾਧੂ ਦੇਖਭਾਲ ਦੀ ਮੰਗ ਕਰਦਾ ਹੈ।

### ਧਨੂੰ ਰਾਸ਼ੀ

ਧਨੂੰ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਵਿਲੱਖਣ ਅਤੇ ਫਲਦਾਇਕ ਮਹੀਨੇ ਵਜੋਂ ਸਾਹਮਣੇ ਆ ਰਿਹਾ ਹੈ। ਹਾਲਾਂਕਿ ਆਮ ਜੋਤਿਸ਼ ਗ੍ਰੰਥਾਂ ਵਿੱਚ 8ਵੇਂ ਘਰ ਦੇ ਗੋਚਰ ਨੂੰ ਚੁਣੌਤੀਪੂਰਨ ਮੰਨਿਆ ਜਾਂਦਾ ਹੈ, ਪਰ 2 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਗੁਰੂ ਦਾ 8ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਬਦਲਾਅ ਲੈ ਕੇ ਆਵੇਗਾ। ਇਹ ਸਥਿਤੀ ਤੁਹਾਡੀ ਉਮਰ ਵਿੱਚ ਵਾਧਾ ਕਰਦੀ ਹੈ, ਗੁਪਤ ਦੁਸ਼ਮਣਾਂ ਦੇ ਪ੍ਰਭਾਵ ਨੂੰ ਖਤਮ ਕਰਦੀ ਹੈ ਅਤੇ ਅਚਾਨਕ ਵੱਡਾ ਵਿੱਤੀ ਲਾਭ ਦਿੰਦੀ ਹੈ। ਇਸ ਸੁਰੱਖਿਆਤਮਕ ਊਰਜਾ ਦੇ ਨਾਲ, ਮਹੀਨੇ ਦੇ ਅੰਤ ਵਿੱਚ ਤੁਹਾਡੇ 6ਵੇਂ ਘਰ ਵਿੱਚ ਮੰਗਲ ਦਾ ਆਗਮਨ ਇੱਕ ਮਜ਼ਬੂਤ ਲੜਨ ਦਾ ਜਜ਼ਬਾ ਪ੍ਰਦਾਨ ਕਰੇਗਾ। ਨਿੱਜੀ ਸਬੰਧਾਂ ਵਿੱਚ ਥੋੜ੍ਹਾ ਸੰਜਮ ਰੱਖ ਕੇ, ਤੁਸੀਂ ਇਸ ਮਹੀਨੇ ਨੂੰ ਇੱਕ ਬਹੁਤ ਹੀ ਲਾਭਦਾਇਕ ਦੌਰ ਵਿੱਚ ਬਦਲ ਸਕਦੇ ਹੋ।

### ਮਕਰ ਰਾਸ਼ੀ

ਮਕਰ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਸ਼ਾਨਦਾਰ ਅਤੇ ਖੁਸ਼ਹਾਲ ਮਹੀਨਾ ਸਾਬਤ ਹੋਣ ਵਾਲਾ ਹੈ, ਜੋ ਤੁਹਾਡੇ ਜੀਵਨ ਨੂੰ ਸਕਾਰਾਤਮਕ ਮੀਲ ਪੱਥਰਾਂ ਵੱਲ ਲੈ ਜਾਵੇਗਾ। ਭਾਵੇਂ ਭਗਵਾਨ ਗੁਰੂ ਨੇ ਪਿਛਲੇ ਇੱਕ ਸਾਲ ਦੌਰਾਨ ਤੁਹਾਡੇ 6ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਸਖ਼ਤ ਮਿਹਨਤ ਅਤੇ ਭਾਰੀ ਮੁਕਾਬਲੇਬਾਜ਼ੀ ਦਿੱਤੀ ਸੀ, ਪਰ 2 ਜੂਨ ਨੂੰ ਉਨ੍ਹਾਂ ਦਾ ਤੁਹਾਡੇ 7ਵੇਂ ਘਰ (ਕਰਕ ਰਾਸ਼ੀ) ਵਿੱਚ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਰਾਜਯੋਗ ਪੈਦਾ ਕਰਦਾ ਹੈ Lights। ਇਹ ਤੁਹਾਡੇ ਨਿੱਜੀ ਸਬੰਧਾਂ, ਵਿਆਹੁਤਾ ਜੀਵਨ ਅਤੇ ਵਪਾਰਕ ਸਾਂਝੇਦਾਰੀ (Partnerships) ਲਈ ਇੱਕ ਸੁਖਦ ਬਸੰਤ ਰੁੱਤ ਵਾਂਗ ਕੰਮ ਕਰੇਗਾ। ਇਸ ਦੇ ਨਾਲ ਹੀ, ਤੁਹਾਡੀ ਰਾਸ਼ੀ ਦਾ ਸੁਆਮੀ ਸ਼ਨੀ ਤੀਜੇ ਘਰ ਵਿੱਚ ਬੈਠ ਕੇ ਤੁਹਾਨੂੰ ਬੇਮਿਸਾਲ ਸਾਹਸ ਪ੍ਰਦਾਨ ਕਰ ਰਿਹਾ ਹੈ, ਅਤੇ ਮਹੀਨੇ ਦੇ ਦੂਜੇ ਹਿੱਸੇ ਵਿੱਚ ਸੂਰਜ ਦਾ ਗੋਚਰ ਤੁਹਾਡੇ ਪੇਸ਼ੇਵਰ ਖੇਤਰ ਵਿੱਚ ਪੂਰਨ ਸਫਲਤਾਵਾਂ ਦੇਵੇਗਾ।

### ਕੁੰਭ ਰਾਸ਼ੀ

ਕੁੰਭ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਵੱਡੀਆਂ ਜ਼ਿੰਮੇਵਾਰੀਆਂ ਅਤੇ ਪੇਸ਼ੇਵਰ ਕੰਮ ਦੇ ਬੋਝ ਦਾ ਸਮਾਂ ਲੈ ਕੇ ਆਵੇਗਾ। ਸ਼ਨੀ ਦੀ ਸਾਢੇ ਸਾਤੀ ਦੇ ਮਹੱਤਵਪੂਰਨ ਪੜਾਅ ਵਿੱਚੋਂ ਲੰਘਦੇ ਹੋਏ, ਭਗਵਾਨ ਸ਼ਨੀ ਤੁਹਾਨੂੰ ਅਨੁਸ਼ਾਸਨ ਅਤੇ ਮਿਹਨਤ ਦੇ ਜ਼ਰੂਰੀ ਪਾਠ ਪੜ੍ਹਾਉਂਦੇ ਰਹਿਣਗੇ। ਹਾਲਾਂਕਿ, ਇਸ ਮਹੀਨੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਤੁਹਾਡੀ ਬੱਚਤ ਅਤੇ ਆਮਦਨ ਦਾ ਸੁਆਮੀ ਗੁਰੂ, 2 ਜੂਨ ਨੂੰ 6ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਇੱਥੇ 6ਵੇਂ ਘਰ ਦੇ ਗੋਚਰ ਬਾਰੇ ਬਿਲਕੁਲ ਵੀ ਚਿੰਤਾ ਕਰਨ ਦੀ ਲੋੜ ਨਹੀਂ ਹੈ; ਕਿਉਂਕਿ ਗੁਰੂ ਉੱਚ ਰਾਸ਼ੀ ਵਿੱਚ ਹਨ, ਇਸ ਲਈ ਉਹ ਤੁਹਾਨੂੰ ਪੁਰਾਣੇ ਕਰਜ਼ਿਆਂ, ਕੰਮ ਵਾਲੀ ਥਾਂ ਦੀ ਦੁਸ਼ਮਣੀ ਅਤੇ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਤੋਂ ਬੜੀ ਆਸਾਨੀ ਨਾਲ ਮੁਕਤ ਕਰ ਦੇਣਗੇ Lights। ਮਹੀਨੇ ਦੇ ਦੂਜੇ ਹਿੱਸੇ ਵਿੱਚ, ਚੌਥੇ ਘਰ ਵਿੱਚ ਮੰਗਲ ਦਾ ਪ੍ਰਵੇਸ਼ ਜਾਇਦਾਦ ਦੇ ਮਾਮਲਿਆਂ ਵਿੱਚ ਤੇਜ਼ੀ ਲਿਆਵੇਗਾ, ਹਾਲਾਂਕਿ ਘਰੇਲੂ ਸ਼ਾਂਤੀ ਬਣਾਈ ਰੱਖਣ ਲਈ ਧੀਰਜ ਦੀ ਲੋੜ ਪਵੇਗੀ।

### ਮੀਨ ਰਾਸ਼ੀ

ਮੀਨ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਤੁਹਾਡੀ ਆਪਣੀ ਰਾਸ਼ੀ ਵਿੱਚ ਚੱਲ ਰਹੀ ਸ਼ਨੀ ਦੀ ਸਾਢੇ ਸਾਤੀ ਦੇ ਭਾਰੀ ਤਣਾਅ ਨੂੰ ਤੋੜ ਕੇ, ਵੱਡੀ ਰਾਹਤ ਅਤੇ ਇੱਕ ਨਵੀਂ ਜੀਵੰਤ ਊਰਜਾ ਦਾ ਸ਼ਾਨਦਾਰ ਦੌਰ ਸ਼ੁਰੂ ਕਰੇਗਾ Lights। ਹਾਲਾਂਕਿ ਤੁਹਾਡੀ ਰਾਸ਼ੀ ਵਿੱਚ ਬੈਠੇ ਸ਼ਨੀ ਲਗਾਤਾਰ ਅਨੁਸ਼ਾਸਿਤ ਮਿਹਨਤ ਦੀ ਮੰਗ ਕਰਦੇ ਰਹਿਣਗੇ, ਪਰ 2 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਗੁਰੂ ਦਾ 5ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਬ੍ਰਹਮ ਪ੍ਰਕਾਸ਼ ਵਾਂਗ ਕੰਮ ਕਰੇਗਾ ਜੋ ਪੁਰਾਣੇ ਹਨੇਰੇ ਨੂੰ ਦੂਰ ਕਰ ਦੇਵੇਗਾ Lights। 5ਵੇਂ ਘਰ ਵਿੱਚ ਬੈਠ ਕੇ ਉੱਚ ਦੇ ਗੁਰੂ ਆਪਣੀ ਅੰਮ੍ਰਿਤ ਵਰਗੀ ਸ਼ੁਭ ਦ੍ਰਿਸ਼ਟੀ ਸਿੱਧੀ ਤੁਹਾਡੀ ਜਨਮ ਰਾਸ਼ੀ (ਪਹਿਲੇ ਘਰ), ਭਾਗ ਦੇ 9ਵੇਂ ਘਰ ਅਤੇ ਲਾਭ ਦੇ 11ਵੇਂ ਘਰ 'ਤੇ ਪਾਉਣਗੇ Lights। ਇਹ ਗ੍ਰਹਿ ਸਥਿਤੀ ਤੁਹਾਡੀ ਵਿੱਤੀ ਤਾਕਤ ਅਤੇ ਆਮ ਕਿਸਮਤ ਨੂੰ ਉੱਚੀਆਂ ਬੁਲੰਦੀਆਂ 'ਤੇ ਲੈ ਜਾਵੇਗੀ, ਜਦੋਂ ਕਿ ਮੰਗਲ ਦਾ ਸ਼ੁਭ ਗੋਚਰ ਤੁਹਾਨੂੰ ਬੇਮਿਸਾਲ ਸਾਹਸ ਪ੍ਰਦਾਨ ਕਰੇਗਾ।

# ਸ਼ਗਨ ਦਾ ਲਿਫਾਫਾ

ਜਗਰਾਓਂ ਦੇ ਨਾਲ ਲੱਗਦੇ ਪਿੰਡ ਕੋਟਲਾ ਵਿੱਚ ਬੀਬੀ ਹਰਨਾਮ ਕੌਰ ਆਪਣੀ ਇਕਲੌਤੀ ਧੀ ਅਮਰੋ ਦੇ ਵਿਆਹ ਦੀਆਂ ਤਿਆਰੀਆਂ ਕਰ ਰਹੀ ਸੀ। ਘਰ ਛੋਟਾ ਸੀ, ਪਰ ਵਿਹੜੇ ਵਿੱਚ ਪੀਲੀਆਂ ਲਾਈਟਾਂ ਲੱਗੀਆਂ ਸਨ।

ਅਮਰੋ ਅੰਮ੍ਰਿਤਸਰ ਤੋਂ ਭ.ਓਦ ਕਰ ਰਹੀ ਸੀ, ਤੇ ਮੁੰਡਾ ਜਸਵਿੰਦਰ ਲੁਧਿਆਣੇ ਫੈਕਟਰੀ ਵਿੱਚ ਸੁਪਰਵਾਈਜ਼ਰ ਸੀ। ਰਿਸ਼ਤਾ ਸਾਦਾ ਸੀ, ਪਰ ਪੱਕਾ ਸੀ।

ਹਰਨਾਮ ਕੌਰ ਦੇ ਦਿਲ ਵਿੱਚ ਇੱਕੋ ਫਿਕਰ ਸੀ, ਉਸਦਾ ਵੱਡਾ ਭਰਾ ਕਰਤਾਰ ਸਿੰਘ। 12 ਸਾਲ ਪਹਿਲਾਂ ਜ਼ਮੀਨ ਦੇ ਇੱਕ ਕਿੱਲੇ ਪਿੱਛੇ ਲੜਾਈ ਹੋ ਗਈ ਸੀ, ਤੇ ਕਰਤਾਰ ਨੇ ਕਿਹਾ ਸੀ, "ਭੈਣਾਂ ਦਾ ਹਿੱਸਾ ਨਹੀਂ ਹੁੰਦਾ, ਸ਼ਗਨ ਲੈ ਜਾਇਆ ਕਰ।" ਉਸ ਦਿਨ ਤੋਂ ਪੇਕੇ ਦਾ ਬੂਹਾ ਬੰਦ ਸੀ।

ਵਿਆਹ ਦੀ ਸ਼ੁਰੂਆਤ ਸਾਹੇ ਚਿੱਠੀ ਨਾਲ ਹੋਈ। ਪੰਡਤ ਜੀ ਨੇ ਲਾਲ ਕਾਗਜ਼ ਤੇ ਮਿਤੀ ਲਿਖੀ। ਹਰਨਾਮ ਨੇ ਆਪਣੇ ਹੱਥੀਂ ਲੱਡੂ ਬਣਾਏ, ਕਿਉਂਕਿ ਮਾਮੇ ਵਾਲਾ ਪਰਿਵਾਰ ਤਾਂ ਆਉਣਾ ਨਹੀਂ ਸੀ। ਪਿੰਡ ਦੀਆਂ ਤਾਈਆਂ ਨੇ ਹੀ ਗੀਤ ਗਾਏ:

ਸਾਹਾ ਲਿਖਿਆ ਮੇਰੇ ਸਤਿਗੁਰਾਂ, ਪੁੱਤਰਾਂ ਦੇ ਭਾਗ ਜਾਗਦੇ...

ਅਮਰੋ ਚੁੱਪ ਚਾਪ ਸੁਣਦੀ ਰਹੀ, ਪਰ ਉਸਦੀਆਂ ਅੱਖਾਂ ਵਾਰ ਵਾਰ ਗੇਟ ਵੱਲ ਜਾਂਦੀਆਂ ਸਨ।

ਵਿਆਹ ਤੋਂ 5 ਦਿਨ ਪਹਿਲਾਂ ਅਮਰੋ ਨੂੰ ਮਾਈਆਂ ਬਿਠਾ ਦਿੱਤਾ। ਪੀਲੇ ਸੂਟ ਵਿੱਚ, ਉਸਨੂੰ ਇੱਕ ਪੀੜ੍ਹੀ ਤੇ ਬਿਠਾਇਆ। ਸੱਤ ਸੁਹਾਗਣਾਂ ਨੇ ਵਾਰੀ ਵਾਰੀ ਉਸਨੂੰ ਵਟਣਾ ਮਲਿਆ।

ਤਾਈਆਂ ਢੋਲਕੀ ਤੇ ਸੁਹਾਗ ਗਾ ਰਹੀਆਂ ਸਨ:

ਤੇਲ ਚੋਵਾਂ ਤੇ ਮਾਈਆਂ ਪਾਵਾਂ, ਵੇ ਮੈਂ ਤੇਰੀ ਮਾਂ ਸੁਹਾਗਣੇ...

ਮਾਈਆਂ ਮਾਈਆਂ ਵੇ ਤੇਰੀਆਂ ਮਿੱਠੀਆਂ, ਵੇ ਤੂੰ ਮਾਣੇਂ ਬਾਬਲ ਦਾ ਰਾਜ...




ਹਰਨਾਮ ਕੌਰ ਧੀ ਨੂੰ ਵਟਣਾ ਲਾਉਂਦੀ ਜਾਂਦੀ ਸੀ ਤੇ ਅੱਖਾਂ ਪੂੰਝਦੀ ਜਾਂਦੀ ਸੀ।

ਉਸੇ ਰਾਤ ਗੇਟ ਤੇ ਇੱਕ ਪੁਰਾਣੀ ਸਵਿਫਟ ਆ ਕੇ ਰੁਕੀ। ਕਰਤਾਰ ਸਿੰਘ, ਉਸਦੀ ਘਰਵਾਲੀ, ਤੇ ਉਸਦਾ ਮੁੰਡਾ। ਹੱਥ ਵਿੱਚ ਲਾਲ ਸੂਟਕੇਸ।

ਵਿਹੜੇ ਵਿੱਚ ਚੁੱਪ ਹੋ ਗਈ, ਢੋਲਕੀ ਰੁਕ ਗਈ।

ਕਰਤਾਰ ਅੱਗੇ ਆਇਆ, ਸੂਟਕੇਸ ਖੋਲ੍ਹਿਆ। ਅੰਦਰ ਅਮਰੋ ਲਈ ਫੁਲਕਾਰੀ ਵਾਲਾ ਲਾਲ ਸੂਟ, ਸੋਨੇ ਦੀਆਂ ਝੁਮਕੀਆਂ, ਤੇ ਇੱਕ ਪੀਲਾ ਲਿਫਾਫਾ। ਲਿਫਾਫੇ ਵਿੱਚ ਪੈਸੇ ਨਹੀਂ, ਉਹੀ ਇੱਕ ਕਿੱਲੇ ਦੀ ਰਜਿਸਟਰੀ ਸੀ, ਜੋ ਉਸਨੇ ਅਮਰੋ ਦੇ ਨਾਮ ਕਰ ਦਿੱਤੀ ਸੀ।

"ਹਰਨਾਮੇ, 12 ਸਾਲ ਪਹਿਲਾਂ ਮੈਂ ਕਿਹਾ ਸੀ ਭੈਣਾਂ ਸ਼ਗਨ ਲੈ ਜਾਇਆ ਕਰਨ। ਅੱਜ ਮੈਂ ਤੇਰਾ ਸ਼ਗਨ ਮੋੜਨ ਆਇਆ ਹਾਂ। ਇਹ ਮਾਮੇ ਵੱਲੋਂ ਭਾਣਜੀ ਦਾ ਸ਼ਗਨ।"

ਹਰਨਾਮ ਨੇ 12 ਸਾਲਾਂ ਬਾਅਦ ਆਪਣੇ ਭਰਾ ਨੂੰ ਗਲੇ ਲਾ ਲਿਆ। ਅਮਰੋ ਭੱਜ ਕੇ ਆਪਣੇ ਮਾਮੇ ਨੂੰ ਮਿਲੀ। ਢੋਲਕੀ ਫਿਰ ਵੱਜ ਪਈ, ਇਸ ਵਾਰ ਹੋਰ ਉੱਚੀ।

ਕਰਤਾਰ ਸਿੰਘ ਆਪ ਢੋਲਕੀ ਤੇ ਬੈਠ ਗਿਆ, "ਚਲੋ ਭਈ, ਭਾਣਜੀ ਦੀਆਂ ਮਾਈਆਂ ਅਧੂਰੀਆਂ ਨਾ ਰਹਿਣ!"

ਅਗਲੀ ਰਾਤ ਮਹਿੰਦੀ ਸੀ। ਅਮਰੋ ਦੇ ਹੱਥਾਂ ਤੇ ਗੂੜ੍ਹੀ ਮਹਿੰਦੀ ਲੱਗੀ। ਸਹੇਲੀਆਂ ਗਾ ਰਹੀਆਂ ਸਨ:

ਮਹਿੰਦੀ ਲਾ ਕੇ ਰੱਖਣਾ, ਡੋਲੀ ਸਜਾ ਕੇ ਰੱਖਣਾ...।

ਰਾਤ 11 ਵਜੇ ਜਾਗੋ ਕੱਢੀ ਗਈ। ਕਰਤਾਰ ਸਿੰਘ ਨੇ ਆਪਣੇ ਭਾਣਜੇ ਨੂੰ ਮੋਢਿਆਂ ਤੇ ਚੁੱਕ ਕੇ ਪਿੱਤਲ ਦੀ ਜਾਗੋ ਫੜੀ। ਪਿੰਡ ਦੀਆਂ ਕੁੜੀਆਂ ਗਿੱਧਾ ਪਾਉਂਦੀਆਂ, ਗਲੀ ਗਲੀ ਘੁੰਮੀਆਂ:

ਜਾਗੋ ਆਈ ਆ, ਸਾਰਾ ਪਿੰਡ ਜਗਾਈ ਆ...।

ਸਾਡੇ ਵੀਰ ਦੀ ਭਾਣਜੀ ਦਾ ਵਿਆਹ, ਅਸੀਂ ਨੱਚ ਨੱਚ ਪੈਰ ਪਾੜ ਲਏ...।

ਵਿਆਹ ਵਾਲੀ ਸਵੇਰ। ਮਾਮਾ ਕਰਤਾਰ ਨੇ ਹੀ ਅਮਰੋ ਨੂੰ ਚੂੜਾ ਪਹਿਨਾਇਆ। ਲਾਲ ਚੂੜੇ ਵਿੱਚੋਂ ਜਦ ਅਮਰੋ ਨੇ ਆਪਣੇ ਮਾਮੇ ਦਾ ਚਿਹਰਾ ਦੇਖਿਆ, ਤਾਂ ਦੋਵਾਂ ਦੀਆਂ ਅੱਖਾਂ ਭਰ ਆਈਆਂ।

ਫਿਰ ਘੜੋਲੀ ਭਰੀ ਗਈ। ਸੁਹਾਗਣਾਂ ਖੂਹ ਤੇ ਗਈਆਂ, ਮਟਕਾ ਭਰਿਆ, ਤੇ ਗਾਉਂਦੀਆਂ ਵਾਪਸ ਆਈਆਂ:

ਪਾਣੀ ਵਾਰ ਬੰਨੇ ਬੰਨੇ ਜਾਵਾਂ, ਧੀਏ ਤੇਰਾ ਘੜੋਲੀ ਭਰਨ...।

ਬਰਾਤ ਆਈ। ਜਸਵਿੰਦਰ ਘੋੜੀ ਤੇ। ਮਿਲਣੀ ਤੇ ਮਾਮਾ ਕਰਤਾਰ ਸਭ ਤੋਂ ਅੱਗੇ ਖੜ੍ਹਾ ਸੀ। ਉਸਨੇ ਜੀਜੇ ਨੂੰ ਗਲੇ ਲਾਇਆ, ਤੇ ਫਿਰ ਉਹੀ ਪੀਲਾ ਲਿਫਾਫਾ ਕੱਢਿਆ। ਇਸ ਵਾਰ ਅੰਦਰ ਸਿਰਫ 11 ਰੁਪਏ ਸ਼ਗਨ ਵਾਲੇ ਸਨ।

ਅਨੰਦ ਕਾਰਜ ਤੋਂ ਬਾਅਦ ਡੋਲੀ ਦਾ ਵੇਲਾ ਆ ਗਿਆ। ਅਮਰੋ ਆਪਣੀ ਮਾਂ ਨੂੰ ਮਿਲੀ, ਫਿਰ ਮਾਮੇ ਕਰਤਾਰ ਦੇ ਗਲ ਲੱਗ ਕੇ ਬਹੁਤ ਰੋਈ।

ਜਾਂਦੇ ਜਾਂਦੇ ਕਰਤਾਰ ਨੇ ਭਾਣਜੀ ਦੇ ਸਿਰ ਤੇ ਹੱਥ ਰੱਖਿਆ, "ਪੁੱਤ, ਜ਼ਮੀਨ ਤਾਂ ਮਿੱਟੀ ਹੈ। ਅਸਲ ਸ਼ਗਨ ਤਾਂ ਇਹ ਹੈ ਕਿ ਤੇਰੀ ਮਾਂ ਨੇ ਮੈਨੂੰ ਮਾਫ ਕਰ ਦਿੱਤਾ। ਤੂੰ ਸਦਾ ਸੁਖੀ ਰਹੇਂ।"

ਡੋਲੀ ਤੁਰ ਪਈ, ਪਿੱਛੇ ਗੀਤ ਗੂੰਜ ਰਿਹਾ ਸੀ:

ਬਾਬਲ ਦਾ ਘਰ ਛੋੜ ਕੇ, ਧੀ ਚੱਲੀ ਸਹੁਰੇ ਦੇਸ਼...।

ਤੇ ਉਹ ਪੀਲਾ ਲਿਫਾਫਾ, ਜਿਸਨੇ 12 ਸਾਲਾਂ ਦੀ ਦੂਰੀ ਮਿਟਾ ਦਿੱਤੀ ਸੀ, ਅਮਰੋ ਨੇ ਆਪਣੇ ਸੂਟਕੇਸ ਵਿੱਚ ਸਭ ਤੋਂ ਸਾਂਭ ਕੇ ਰੱਖ ਲਿਆ।

# ਮੈਨੂੰ ਪੰਜਾਬੀ ਕਿਉਂ ਚੰਗੀ ਲੱਗਦੀ...?

## (ਲੇਖ) : ਮਹਿੰਦਰ ਸਿੰਘ ਰੰਧਾਵਾ

ਕਈ ਲੋਕ ਮੇਰੇ ਕੋਲੋਂ ਪੁਛਦੇ ਹਨ ਕਿ ਮੈਂ ਪੰਜਾਬ ਦੀ ਕਲਾ, ਲੋਕ ਗੀਤ, ਬੋਲੀ ਅਤੇ ਸਾਹਿਤ ਵਿਚ ਏਨੀ ਦਿਲਚਸਪੀ ਕਿਉਂ ਲੈਂਦਾ ਹਾਂ। ਸੁਣੋਂ ਮੇਰਾ ਜਬਾਬ :-

ਸੰਨ 1947 ਵਿਚ ਜਦ ਮੁਲਕ ਦਾ ਬਟਵਾਰਾ ਹੋਇਆ ਤਾਂ ਪੱਛਮੀ ਪੰਜਾਬ ਦੇ ਪੰਜਾਬੀ ਦਿੱਲੀ ਵਿਚ ਆਏ ਅਤੇ ਹੋਰ ਥਾਵਾਂ ਵਿਚ ਵੀ ਫੈਲ ਗਏ, ਜਿਥੇ ਵੀ ਸਿਰ ਲੁਕਾਉਣ ਦੀ ਥਾਂ ਲੱਭੀ। ਮੈਂ ਦੇਖਿਆ ਕਿ ਭਾਰਤ ਦੇ ਬਾਕੀ ਲੋਕ, ਖਾਸ ਕਰ ਜਮਨਾ ਪਾਰ ਦੇ ਲੋਕ ਇਨ੍ਹਾਂ ਨੂੰ ਨੀਮ ਵਹਿਸ਼ੀ ਜਿਹਾ ਸਮਝਦੇ ਸਨ। ਬਹੁਤ ਸਾਰੇ ਦੁਕਾਨਦਾਰ ਪੇਸ਼ਾਂ ਵਾਲਿਆਂ ਨੇ ਮਿਲਣ ਆਉਣਾ ਤਾਂ ਟੁੱਟੀ-ਫੁੱਟੀ ਹਿੰਦੁਸਤਾਨੀ ਵਿਚ ਗੱਲ ਕਰਨੀ, ਜਿਦ੍ਹੇ ਵਿਚ ਅਧੀ ਪੰਜਾਬੀ ਹੋਣੀ। ਇੰਜ ਲਗਣਾ ਜਿਵੇਂ ਇਹ ਨਾ ਹਨ, ਤਿਤਰ, ਨਾ ਬਟੇਰ। ਆਪਣੀ ਬੋਲੀ ਗੁਆਰ ਬੋਲੀ, ਜਟਕੀ ਜ਼ਬਾਨ ਸਮਝਣਾ ਅਤੇ ਦੂਸਰੀਆਂ ਬੋਲੀਆਂ ਨੂੰ ਮੁਹੱਜ਼ਬ। ਹਾਲਾਂ ਤਾਈਂ ਵੀ ਸਾਡੇ ਬਹੁਤ ਸਾਰੇ ਪੰਜਾਬੀ ਭਰਾ, ਖਾਸ ਕਰਕੇ ਸ਼ਹਿਰਾਂ ਦੇ ਰਹਿਣ ਵਾਲੇ, ਇਕ ਵੱਡੇ ਭੁਲੇਖੇ ਵਿਚ ਪਏ ਹੋਏ ਹਨ। ਇਨ੍ਹਾਂ ਦੀ ਓਹੀ ਹਾਲਤ ਹੈ, ਜੋ ਇਨਕਲਾਬ ਤੋਂ ਪਹਿਲਾਂ ਰੂਸ ਦੇ ਉੱਚੇ ਤਬਕੇ ਦੇ ਲੋਕਾਂ ਦੀ ਸੀ। ਇਹ ਵੀ ਰੂਸੀ ਨੂੰ ਗੰਵਾਰੀ ਬੋਲੀ ਹੀ ਸਮਝਦੇ ਸਨ, ਤੇ ਫ਼ਰੈਂਚ ਹੀ ਬੋਲਦੇ ਸਨ। ਹੁਣ ਓਹੀ ਰੂਸੀ ਜ਼ਬਾਨ ਹੈ, ਜਿਸ ਵਿਚ ਵਿਗਿਆਨ ਅਤੇ ਸਾਹਿਤ ਦੇ ਉੱਚੇ ਤੋਂ ਉੱਚੇ ਖ਼ਿਆਲ ਲਿਖੇ ਗਏ ਹਨ।

ਇਸ ਮਾਮਲੇ ਵਿਚ ਦੂਰ ਜਾਣ ਦੀ ਲੋੜ ਨਹੀਂ। ਪੰਜਾਹ-ਸੱਠ ਸਾਲ ਪਿਛਾਂਹ ਵੱਲ ਦੇਖੀਏ ਤਾਂ ਪਤਾ ਲਗਦਾ ਹੈ ਕਿ ਸਿਵਾਏ ਤਾਮਿਲ ਦੇ, ਜੋ ਸੰਸਕ੍ਰਿਤ ਤੋਂ ਵੀ ਪੁਰਾਣੀ ਹੈ, ਬਹੁਤ ਸਾਰੀਆਂ ਪ੍ਰਾਂਤਕ ਬੋਲੀਆਂ ਵਿਚ ਕੋਈ ਖਾਸ ਸਾਹਿਤ ਨਹੀਂ ਸੀ। ਦਿਨੇਸ਼ ਚੰਦਰ ਸੈਨ, ਬੰਗਾਲ ਦੇ ਉੱਘੇ ਵਿਦਵਾਨ ਆਪਣੀ 'ਬੰਗਾਲੀ ਬੋਲੀ ਦੇ ਇਤਿਹਾਸ' ਵਿਚ ਲਿਖਦੇ ਹਨ ਕਿ 19ਵੀਂ ਸਦੀ ਦੇ ਅੰਤ ਵਿਚ ਕਲਕੱਤੇ ਵਿਚ ਇਕ ਸਾਹਿਤ ਸਭਾ ਸੀ, ਜਿਸ ਦੇ ਅੰਗਰੇਜ਼ ਅਤੇ ਬੰਗਾਲੀ ਦੋਨੋਂ ਮੈਂਬਰ ਸਨ। ਇਸ ਸਭਾ ਵਿਚ ਆਮ ਤੌਰ 'ਤੇ ਅੰਗਰੇਜ਼ੀ ਵਿਚ ਲੇਖ ਪੜ੍ਹੇ ਜਾਂਦੇ ਅਤੇ ਅੰਗਰੇਜ਼ੀ ਵਿਚ ਹੀ ਬਹਿਸ ਹੁੰਦੀ। ਇਕ ਅੰਗਰੇਜ਼ ਮੈਂਬਰ ਨੇ ਤਜਵੀਜ਼ ਪੇਸ਼ ਕੀਤੀ ਕਿ ਬੰਗਾਲੀ ਵਿਚ ਲੇਖ ਪੜ੍ਹੇ ਜਾਣ। ਇਸ ਸੁਣ ਕੇ ਬੰਗਾਲੀ ਮੈਂਬਰ ਅੱਗ ਬਗੋਲਾ ਹੋ ਗਏ ਅਤੇ ਸਭ ਨੇ ਇਸ ਦੀ ਵਿਰੋਧਤਾ ਕੀਤੀ। ਉਨ੍ਹਾਂ ਕਿਹਾ ਕਿ ਬੰਗਾਲੀ ਇਕ ਗੰਵਾਰੂ ਬੋਲੀ ਹੈ ਅਤੇ ਉਹ ਇਸ ਵਿਚ ਲੇਖ ਪੜ੍ਹਨਾ ਪਸੰਦ ਨਹੀਂ ਕਰਨਗੇ।

ਕੁਝ ਸਾਲਾਂ ਪਿਛੋ ਹੀ ਬੰਗਾਲੀਆਂ ਦੇ ਖ਼ਿਆਲਾਂ ਵਿਚ ਮੋੜਾ ਪਿਆ ਅਤੇ ਅੰਗਰੇਜ਼ੀ ਪੜ੍ਹੇ ਵਿਦਵਾਨ ਰਾਜਾ ਰਾਮ ਮੋਹਨ ਰਾਏ, ਟੈਗੋਰ ਅਤੇ ਬੈਂਕਿਮ ਚੰਦਰ ਚੈਟਰਜੀ ਦੀ ਅਗਵਾਈ ਥਲੇ ਆਪਣੀ ਬੋਲੀ ਵਿਚ ਦਿਲਚਸਪੀ ਲੈਣ ਲਗ ਪਏ ਅਤੇ 50-60 ਸਾਲਾਂ ਵਿਚ ਉਨ੍ਹਾਂ ਸਾਹਿਤਕ ਦ੍ਰਿਸ਼ਟੀਕੋਨ ਤੋਂ ਇਕ ਅਮੀਰ ਬੋਲੀ ਬਣਾ ਦਿੱਤੀ।



ਪੰਜਾਬੀ ਬੋਲੀ ਬਹੁਤ ਪੁਰਾਣੀ ਹੈ ਹੀ, ਬੜੀ ਲਚਕਦਾਰ, ਜਾਨਦਾਰ ਅਤੇ ਰਸੀਲੀ-ਰਸੀਲੀ। ਅਸਲ ਵਿਚ ਬੋਲੀ ਨੂੰ ਬੋਲਣ ਵਾਲੇ ਓਸ ਬੋਲੀ ਦੇ ਲਿਖਾਰੀ ਹੁੰਦੇ ਹਨ। ਜੇਕਰ ਉਚੇ ਦਿਮਾਗ ਤੇ ਖ਼ਿਆਲਾਂ ਵਾਲੇ ਲਿਖਣ ਲੱਗ ਜਾਣ ਤਾਂ ਬੋਲੀ ਅਮੀਰ ਹੋ ਜਾਂਦੀ ਹੈ। ਪੂਰਨ ਸਿੰਘ ਦੀ ਪੰਜਾਬੀ ਪੜ੍ਹੋ, ਕਿੰਨੀ ਰਸੀਲੀ ਅਤੇ ਨਸ਼ੀਲੀ ਹੈ। ਗੁਰਬਖਸ਼ ਸਿੰਘ ਨੇ ਇਸ ਬੋਲੀ ਵਿਚ ਕੀ ਸੋਜ਼ ਪੈਦਾ ਕੀਤੀ ਹੈ ਅਤੇ ਇਸ ਵਿਚ ਉਰਦੂ, ਅੰਗਰੇਜ਼ੀ ਅਤੇ ਹਿੰਦੀ ਦੇ ਸ਼ਬਦਾਂ ਦੀ ਖੁਲ੍ਹੀ ਵਰਤੋਂ ਕਰਕੇ ਪੰਜਾਬੀ ਬੋਲੀ ਨੂੰ ਅਮੀਰ ਕੀਤਾ ਹੈ। ਮੋਹਨ ਸਿੰਘ ਦੀ ਅੰਬੀ ਦੇ ਬੂਟੇ ਵਾਲੀ ਕਵਿਤਾ ਏਨੀ ਦਿਲ-ਟੁੰਬਣੀ ਹੈ ਕਿ ਲੋੜ੍ਹੇ ਹੀ ਪਾ ਦਿੰਦੀ ਹੈ। ਅੰਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਨੇ ਆਪਣੀ ਕਵਿਤਾ ਵਿਚ ਇਸਤਰੀ ਦਾ ਪਿਆਰ ਭਰਿਆ ਹਿਰਦਾ ਸਾਡੇ ਸਾਹਮਣੇ ਖੋਲ੍ਹ ਕੇ ਰੱਖ ਦਿੱਤਾ ਹੈ। ਕੁਲਵੰਤ ਸਿਘ ਵਿਰਕ, ਗੁਲਜ਼ਾਰ ਸੰਧੂ, ਸੰਤੋਖ ਸਿੰਘ ਧੀਰ ਅਤੇ ਰਾਵਲ ਸਿੰਘ ਧੂਤ ਨੇ ਆਪਣੀਆਂ ਨਿੱਕੀਆਂ ਕਹਾਣੀਆਂ ਵਿਚ ਸਾਡੇ ਪਿੰਡਾਂ ਦੇ ਉਹ ਨਕਸ਼ੇ ਖਿਚੇ ਹਨ, ਕਿ ਸਾਡੇ ਪੇਂਡੂਆਂ ਦੀਆਂ ਜੀਂਦੀਆਂ, ਜਾਗਦੀਆਂ ਤਸਵੀਰਾਂ ਅੱਖਾਂ ਦੇ ਸਾਹਮਣੇ ਆ ਜਾਂਦੀਆਂ ਹਨ। ਪਿੰਡਾਂ ਦੇ ਜੱਟਾਂ ਦੀ ਦਰਿਆ-ਦਿਲੀ, ਵਿਸ਼ਾਲਤਾ, ਹੌਂਸਲਾ, ਦ੍ਰਿੜ੍ਹਤਾ ਅਤੇ ਮਿਹਨਤਕਸ਼ੀ ਸਾਡੇ ਸਾਹਮਣੇ ਆਉਂਦੀ ਹੈ। ਉਨ੍ਹਾਂ ਦੀ ਦੁੱਖ-ਸਹਿੰਦੀ, ਦੁੱਖ ਵੰਡਦੀ ਜ਼ਿੰਦਗੀ ਦੇ ਝਲਕਾਰੇ ਮਿਲਦੇ ਹਨ ਅਤੇ ਉਨ੍ਹਾਂ ਦੇ ਸਮੁੰਦਰ ਵਰਗੇ ਦਿਨ, ਮਿੱਲ ਵਿਚ ਘੋਲ, ਤੇ ਧੁਪਾਂ, ਮੀਂਹਾਂ, ਪਾਲਿਆਂ ਨਾਲ ਮੁਕਾਬਲੇ ਸਾਡੇ ਸਾਹਮਣੇ ਇੰਨ ਬਿਨ ਆਉਂਦੇ ਹਨ। ਸੰਤ ਸਿੰਘ ਸੇਖੋਂ ਨੇ ਇਨ੍ਹਾਂ ਹੀ ਪੰਜਾਬੀਆਂ ਦੇ ਜੀਵਨ ਦੀਆਂ ਤ੍ਰਾਟਾਂ ਅਤੇ ਮਜ਼ਬੂਰੀਆਂ ਦਾ ਖੋਜੀ ਅੱਖ ਨਾਲ ਅਧਿਐਨ ਕੀਤਾ ਹੈ। ਕਰਤਾਰ ਦੁੱਗਲ ਨੇ ਆਪਣੀਆਂ ਕਹਾਣੀਆਂ ਵਿਚ ਪੋਠੋਹਾਰਨ ਦਾ ਖ਼ੂਬ ਰੰਗ ਬੰਨ੍ਹਿਆ ਹੈ। ਪੋਠੋਹਾਰਨਾਂ ਦੀ ਸੁੰਦਰਤਾ, ਕੋਮਲਤਾ, ਪਿਆਰ ਭਰੀਆਂ ਚਮਕੀਲੀਆਂ ਨਸ਼ੀਲੀਆਂ ਅੱਖਾਂ, ਜੋ ਬ੍ਰਿਹਾ ਨਾਲ ਤ੍ਰਿਪ-ਤ੍ਰਿਪ ਕਰਦੀਆਂ ਅਤੇ ਚਾਂਦੀ ਚਸ਼ਮਿਆ ਦੇ ਨੱਚਦੇ ਪਾਣੀ, ਸਾਡੇ ਸਾਹਮਣੇ ਅਸਲ ਵਾਂਗ ਦਿਸਦੇ ਹਨ।

ਕਿਸੇ ਨੂੰ ਕਿਸੇ ਵਸਤੂ ਤੋਂ ਵਾਂਝਿਆਂ ਰੱਖਿਆ ਜਾਏ ਤਾਂ ਓਹਦੇ ਦਿਲ ਵਿਚ ਉਸ ਦੀ ਕਦਰ ਹੋਰ ਵੀ ਵੱਧ ਜਾਂਦੀ ਹੈ। ਇਹੀ ਹੈ ਇਕ ਹੋਰ ਵਜ੍ਹਾ ਮੇਰੇ ਪੰਜਾਬੀ ਬੋਲੀ ਨਾਲ ਪਿਆਰ ਦੀ। ਮੈਂ ਗਿਆਰਾਂ ਸਾਲ ਯੂ.ਪੀ. ਵਿਚ ਰਿਹਾ, ਜਿਥੇ ਪੰਜਾਬੀ ਕਦੇ ਕਦਾਈਂ ਹੀ ਸੁਣਨ ਵਿਚ ਆਉਂਦੀ ਹੈ। ਜਦ ਮੈਂ 1941-45 ਵਿਚ ਰਾਇਬਰੇਲੀ ਵਿਚ ਸਾਂ। ਉਥੇ ਇਕ ਪੰਜਾਬੀ ਮੁਸਲਮਾਨ ਅਫ਼ਜ਼ਲ ਨਾਲ ਮਿਲਣ ਦਾ ਅਕਸਰ ਮੌਕਾ ਮਿਲਦਾ। ਜਦ ਮੈਂ ਪੰਜਾਬੀ ਵਿਚ ਉਸ ਦੇ ਨਾਲ ਗੱਲ ਕਰਨੀ ਤਾਂ ਉਸ ਨੂੰ ਨਸ਼ਾ ਜਿਹਾ ਚੜ੍ਹ ਜਾਣਾ, ਜਿਵੇਂ ਕਿਸੇ ਨੂੰ ਕੋਈ ਗੁਆਚੀ ਹੋਈ ਚੀਜ਼ ਲੱਭ ਜਾਵੇ। ਇਸ ਦੇ ਇਲਾਵਾ ਮੈਂ ਇਹ ਵੀ ਅਨੁਭਵ ਕੀਤਾ ਕਿ ਅਸੀਂ ਪੰਜਾਬੀ ਲੋਕ ਹਿੰਦੁਸਤਾਨੀ ਦੀ ਕਿੰਨੀ ਹੀ ਮਸ਼ਕ ਕਰੀਏ, ਯੂ.ਪੀ. ਦੇ ਲੋਕ ਸਾਡੀਆਂ ਗਲਤੀਆਂ ਝਟ ਪਛਾਣ ਜਾਂਦੇ ਅਤੇ ਕਹਿੰਦੇ, ''ਕਿਉਂ ਸਾਹਿਬ, ਕਿਆ ਆਪ ਪੰਜਾਬੀ ਹੋ।'' ਮੈਂ ਸੋਚਿਆ ਛਡੋ ਇਸ ਪਾਜ ਤੇ ਝੂਠ ਨੂੰ, ਸਾਡੀ ਬੋਲੀ ਕਿਸੇ ਤੋਂ ਘੱਟ ਨਹੀਂ।

ਇਹ ਬੋਲੀ ਹੈ ਪਿਆਰ ਦੀ, ਅਤੇ ਪਿਆਰ ਕਰਨ ਵਾਲਿਆਂ ਦੀ। ਇਹ ਬੋਲੀ ਹੈ, ਹੀਰ ਅਤੇ ਰਾਂਝੇ ਦੀ, ਇਹ ਬੋਲੀ ਹੈ ਵਾਰਸ ਸ਼ਾਹ ਦੀ, ਤੇ ਸੋਹਣੀ ਅਤੇ ਮਹੀਂਵਾਲ ਦੀ। ਇਹ ਬੋਲੀ ਹੈ ਗੁਰੂ ਨਾਨਕ ਅਤੇ ਗੁਰੂ ਅਰਜਨ ਦੀ ਅਤੇ ਸ਼ੇਖ ਫ਼ਰੀਦ ਅਤੇ ਬੁੱਲ੍ਹੇਸ਼ਾਹ ਦੀ। ਇਹ ਬੋਲੀ ਹੈ, ਵੇਦਾਂ ਅਤੇ ਸ਼ਾਸਤਰਾਂ ਦੇ ਉਚਾਰਨ ਵਾਲਿਆਂ ਦੀ ਸੰਤਾਨ ਦੀ, ਇਹ ਬੋਲੀ ਹੈ, ਦਿਲ-ਟੁੰਬਣੇ ਲੋਕ-ਗੀਤਾਂ ਦੀ, ਜਿਨ੍ਹਾਂ ਸਾਹਮਣੇ ਉਰਦੂ ਹਿੰਦੀ ਦੀ ਬਣਾਉਟੀ ਕਵਿਤਾ ਝੂਠੀ ਜਿਹੀ ਲਗਦੀ ਹੈ। ਇਹ ਬੋਲੀ ਹੈ, ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਅਤੇ ਮਜ਼ਦੂਰਾਂ ਦੀ, ਜੋ ਕਈ ਸਾਲਾਂ ਦੀ ਅਨਗਹਿਲੀ ਦੇ ਬਾਵਜੂਦ ਵੀ, ਜੰਗਲ ਦੇ ਦਰਖ਼ਤ ਵਾਂਗ, ਜਿਨ੍ਹਾਂ ਨੂੰ ਅਸਮਾਨੀ ਮੀਂਹ ਹੀ ਸਿੰਜਦਾ ਹੈ, ਵਧਦੀ ਅਤੇ ਫੁਲਦੀ ਰਹੀ ਹੈ।

ਪੰਜਾਬੀ ਦੀ ਵਿਰੋਧਤਾ ਵਿਚ ਮੰਮੀ ਡੈਡੀ ਕਰਨ ਵਾਲੇ ਅੰਗਰੇਜ਼ੀ ਪੜ੍ਹੇ ਹੋਏ ਪੰਜਾਬੀਆਂ ਦਾ ਵੀ ਕਾਫੀ ਹਿੱਸਾ ਹੈ। ਇਸ ਵਿਚ ਸ਼ਾਇਦ ਇਨ੍ਹਾਂ ਦਾ ਕਸੂਰ ਨਾ ਹੋਵੇ, ਕਿਉਂਕਿ ਹੁਕਮਰਾਨ ਤਬਕਾ ਹਮੇਸ਼ਾ ਹੀ ਆਪਣੇ ਆਪ ਨੂੰ ਆਮ ਜਨਤਾ ਤੋਂ ਜੁਦਾ ਰੱਖਣ ਖ਼ਾਤਰ ਉਨ੍ਹਾਂ ਤੋਂ ਅੱਡਰੀ ਬੋਲੀ ਹੀ ਬੋਲਦਾ ਰਿਹਾ ਹੈ। ਗੁਪਤਾ ਰਾਜ ਤੋਂ ਸੰਨ 1000 ਤੱਕ ਹਿੰਦੂ ਰਾਜੇ ਰਾਣੀਆਂ ਅਤੇ ਉਨ੍ਹਾਂ ਦੇ ਦਰਬਾਰੀ ਤੇ ਅਫ਼ਸਰ ਸੰਸਕ੍ਰਿਤ ਵਿਚ ਹੀ ਬੋਲਦੇ ਸਨ ਅਤੇ ਆਮ ਜਨਤਾ ਦੀ ਬੋਲੀ ਪ੍ਰਾਕ੍ਰਿਤ ਵਿਚੋਂ ਹੀ ਪ੍ਰਾਂਤਿਕ ਬੋਲੀਆਂ ਬਣੀਆਂ। ਜਦ ਮੁਸਲਮਾਨਾਂ ਦਾ ਰਾਜ ਆਇਆ ਤਾਂ ਰਾਜ ਦੀ ਬੋਲੀ ਫ਼ਾਰਸੀ ਸੀ। ਫੌਜ ਵਿਚ, ਜਿਸ ਵਿਚ ਹਰ ਤਰ੍ਹਾਂ ਦੀ ਖਿਚੜੀ ਸੀ, ਉਰਦੂ ਬਣਨੀ ਸ਼ੁਰੂ ਹੋ ਗਈ। ਅੰਗਰੇਜ਼ਾਂ ਦਾ ਰਾਜ ਆਇਆ ਤਾਂ ਦਫਤਰੀ ਜ਼ਬਾਨ ਅੰਗਰੇਜ਼ੀ ਹੋ ਗਈ ਅਤੇ ਪੰਜਾਬ ਦੀਆਂ ਕਚਹਿਰੀਆਂ ਵਿਚ ਉਰਦੂ ਵਿਚ ਕੰਮ ਹੁੰਦਾ ਸੀ। ਬੜਾ ਤਮਾਸ਼ਾ ਜਿਹਾ ਸੀ, ਗਵਾਹ ਬਿਆਨ ਪੰਜਾਬੀ ਵਿਚ ਦੇਂਦਾ ਅਤੇ ਲਿਖਿਆ ਜਾਂਦਾ ਉਰਦੂ ਵਿਚ। ਆਮ ਲੋਕਾਂ ਅਤੇ ਰੋਅਬ ਪਾਉਣ ਖ਼ਾਤਰ ਵੀ ਅਫ਼ਸਰ ਲੋਕ ਉਰਦੂ ਵਿਚ ਬੋਲਦੇ। ਜਿਵੇਂ ਇਕ ਪੇਂਡੂ ਮੁਸਲਮਾਨ ਕਲਰਕ ਬਣ ਜਾਂਦਾ ਹੈ ਅਤੇ ਉਸ ਦੀ ਵਹੁਟੀ, ਜੋ ਪਿੰਡ ਵਿਚ ਪਹਿਲਾਂ ਸਾਗ ਤੋੜਦੀ ਅਤੇ ਗੋਹੇ ਚੁਗਦੀ ਖੁੱਲ੍ਹੀ ਫਿਰਦੀ ਸੀ, ਬੁਰਕਾ ਪਹਿਨ ਕੇ ਬੇਗ਼ਮ ਬਣ ਜਾਂਦੀ ਹੈ। ਏਵੇਂ ਹੀ ਉਪਰੀ ਜ਼ਬਾਨ ਵੀ ਇਕ ਬੁਰਕੇ ਦਾ ਕੰਮ ਦੇਂਦੀ ਹੈ। ਇਸ ਨੂੰ ਪਣਾ ਕੇ ਲੋਕ ਆਪਣੇ ਆਪ ਨੂੰ ਬਾਇੱਜ਼ਤ ਤਬਕੇ ਵਿਚ ਸ਼ਾਮਲ ਹੋਇਆ ਸਮਝਦੇ ਹਨ।

ਜੋ ਕੁਝ ਮੈਂ ਉਪਰ ਦੱਸਿਆ ਹੈ ਇਹ ਮੇਰੇ ਇਕੱਲੇ ਦਾ ਹੀ ਨਹੀਂ, ਬਹੁਤ ਸਾਰੇ ਕਲਰਕਾਂ ਅਤੇ ਲੇਖਕਾਂ ਦਾ ਵੀ ਤਜਰਬਾ ਹੈ। ਕਹਾਣੀਕਾਰ ਅਤੇ ਨਾਟਕਕਾਰ ਬਲਵੰਤ ਗਾਰਗੀ ਨੇ ਦੱਸਿਆ ਕਿ ਉਹ ਜਦ ਕਾਲਜ ਵਿਚ ਪੜ੍ਹਦਾ ਸੀ, ਉਸ ਨੂੰ ਅੰਗਰੇਜ਼ੀ ਵਿਚ ਲਿਖਣ ਦਾ ਬੜਾ ਸ਼ੌਕ ਸੀ। ਉਹ ਆਪਣੀਆਂ ਅੰਗਰੇਜ਼ੀ ਦੀਆਂ ਲਿਖਤਾਂ ਇਕੱਠੀਆਂ ਕਰਕੇ ਸ਼ਾਂਤੀ-ਨਿਕੇਤਨ ਗਿਆ ਅਤੇ ਟੈਗੋਰ ਨੂੰ ਦਿਖਾਈਆਂ। ਟੈਗੋਰ ਨੇ ਕਿਹਾ, 'ਕਾਕਾ ਤੇਰੀ ਮਾਤਰੀ ਜ਼ਬਾਨ ਕੀ ਹੈ?'' ਓਸ ਉੱਤਰ ਦਿੱਤਾ, 'ਪੰਜਾਬੀ'। ਟੈਗੋਰ ਨੇ ਕਿਹਾ,'ਅਛਾ ਤੂੰ ਫਿਰ ਪੰਜਾਬੀ ਵਿਚ ਲਿਖਿਆ ਕਰ।' ਏਸ ਗੱਲ ਨੇ ਗਾਰਗੀ ਦੀ ਜ਼ਿੰਦਗੀ 'ਚ ਪਲਟਾ ਲਿਆਂਦਾ ਅਤੇ ਹੁਣ ਉਹ ਪੰਜਾਬੀ ਦੇ ਉੱਘੇ ਨਾਟਕਕਾਰਾਂ ਵਿਚੋਂ ਇਕ ਹੈ। ਏਸ ਤੋਂ ਉਲਟ ਤਜ਼ਰਬਾ ਲੋਕ ਗੀਤਾਂ ਦੇ ਸੰਗ੍ਰਹਿਕ ਦੇਵਿੰਦਰ ਸਤਿਆਰਥੀ ਦਾ ਹੈ। ਸ਼ੁਰੂ-ਸ਼ੁਰੂ ਵਿਚ ਓਸ ਪੰਜਾਬੀ ਵਿਚ ਅੱਛਾ ਕੰਮ ਕੀਤਾ। ਜਦ ਹਿੰਦੀ 'ਆਜ ਕਲ' ਦੀ ਐਡੀਟਰੀ ਮਿਲੀ ਤਾਂ ਹਮ-ਤੁਮ ਤੋਂ ਬਿਨਾ ਗੱਲ ਹੀ ਨਹੀਂ ਸੀ ਕਰਦਾ। ਜਦ ਉਥੋਂ ਛੁੱਟੀ ਮਿਲੀ ਤਾਂ ਫਿਰ ਪੰਜਾਬੀ ਬੋਲਣੀ ਸ਼ੁਰੂ ਕੀਤੀ ਅਤੇ ਆਪਣੀ ਭੁਲ ਦਾ ਇਕਬਾਲ ਕੀਤਾ। ਪ੍ਰਿਥਵੀ ਰਾਜ ਕਪੂਰ ਭਾਰਤ ਦਾ ਸਭ ਤੋਂ ਉੱਚਾ ਕਲਾਕਾਰ ਹੈ। ਓਸ ਦੱਸਿਆ ਕਿ ਜਦ ਉਹ ਉਰਦੂ ਲਗਾਤਾਰ ਬੋਲਦਾ ਹੈ ਤਾਂ ਮੂੰਹ ਦੁੱਖਣ ਲੱਗ ਜਾਂਦਾ ਹੈ ਅਤੇ ਜਦ ਫਿਰ ਪੰਜਾਬੀ ਬੋਲਦਾ ਹੈ ਤਾਂ ਆਰਾਮ ਆਉਂਦਾ ਹੈ। ਗੱਲ ਮੁਕੀ, ਆਪਣੀ ਮਾਤਰੀ ਬੋਲੀ ਵਰਗੀ ਕੋਈ ਚੀਜ਼ ਨਹੀਂ। ਜੋ ਮਨ ਵਿਚ ਖ਼ਿਆਲ ਹਨ, ਜ਼ਜਬੇ ਹਨ, ਤਾਂ ਚਸ਼ਮਿਆਂ ਵਾਂਗ ਫੁੱਟ ਕੇ ਨਿਕਲਦੇ ਹਨ। ਬੋਲੀ ਚਾਹੇ ਕੋਈ ਵੀ ਹੋਵੇ ਪਰ ਜਿਸ ਸੁੰਦਰਤਾ ਅਤੇ ਸਚਾਈ ਨਾਲ ਮਾਤਰੀ ਬੋਲੀ ਵਿਚ ਨਿਕਲਦੇ ਹਨ, ਉਹ ਓਪਰੀ ਬੋਲੀ ਵਿਚ ਨਹੀਂ।

ਹਰੇਕ ਬੋਲੀ ਆਪਣੀ ਲਿੱਪੀ ਵਿਚ ਹੀ ਸੋਹਣੀ ਲਗਦੀ ਹੈ। ਪੰਜਾਬੀ ਗੁਰਮੁਖੀ ਲਿੱਪੀ ਵਿਚ ਹੀ ਠੀਕ ਲਿਖੀ ਜਾ ਸਕਦੀ ਹੈ, ਜਿਵੇਂ ਪੰਜਾਬਣਾਂ ਨੂੰ ਸਲਵਾਰ ਕਮੀਜ਼ ਸੋਹਣੀ ਲੱਗਦੀ ਹੈ। ਏਵੇਂ ਹੀ ਪੰਜਾਬੀ ਨੂੰ ਗੁਰਮੁਖੀ ਲਿਪੀ। ਕਿੰਨੇ ਸੋਹਣੇ ਲਗਦੇ ਹਨ ਗੁਰਮੁਖੀ ਦੇ ਗੋਲ-ਮੋਲ ਅੱਖਰ ਜਿਵੇਂ ਮੋਤੀ ਲੜੀ ਵਿਚ ਪਰੋਏ ਹੋਣ। ਕਲਾ ਦੇ ਦ੍ਰਿਸ਼ਟੀਕੋਨ ਤੋਂ ਗੁਰਮੁਖੀ ਲਿਪੀ ਅਤਿ ਸੁੰਦਰ ਹੈ, ਅਤੇ ਮੈਨੂੰ ਹਾਲ ਤਾਈਂ ਇਹ ਸਮਝ ਨਹੀਂ ਆਈ ਕਿ ਕੁਝ ਬੰਦਿਆਂ ਨੂੰ ਇਹਨੂੰ ਦੇਖ ਕੇ ਤਕਲੀਫ਼ ਕਿਉਂ ਹੁੰਦੀ ਹੈ।

ਹਿੰਦੀ ਵਾਂਗ ਪੰਜਾਬੀ ਵੀ ਕਈ ਢੰਗਾਂ ਨਾਲ ਲਿਖੀ ਜਾਂਦੀ ਹੈ। ਜਦ ਇਸ ਨੂੰ ਸੰਸਕ੍ਰਿਤ ਅਤੇ ਹਿੰਦੀ ਦੇ ਵਿਦਵਾਨ ਲਿਖਦੇ ਹਨ ਤਾਂ ਸੰਸਕ੍ਰਿਤੀ ਸ਼ਬਦਾਂ ਨਾਲ ਲਦ ਦਿੰਦੇ ਹਨ। ਇਸ ਬੋਲੀ ਨੂੰ ਅੱਜ ਕੱਲ ਦੀ ਹਿੰਦੀ ਵਾਂਗ ਏਨੀ ਮੁਸ਼ਕਲ ਬਣਾ ਦਿੰਦੇ ਹਨ ਕਿ ਆਮ ਆਦਮੀ ਤਾਂ ਸਮਝ ਹੀ ਨਹੀਂ ਸਕਦਾ ਕਿ ਲੇਖਕ ਦੱਸਣਾ ਕੀ ਚਾਹੁੰਦਾ ਹੈ। ਜਦ ਇਹ ਫ਼ਾਰਸੀ ਦੇ ਆਲਮਾਂ ਦੇ ਕਬਜ਼ੇ ਆਉਂਦੀ ਹੈ ਤਾਂ ਇਸ ਨੂੰ ਫ਼ਾਰਸੀ ਦੇ ਭਾਰੀ ਤੋਂ ਭਾਰੀ ਲਫ਼ਜ਼ਾਂ ਨਾਲ ਲਦ ਦਿੰਦੇ ਹਨ। ਇਹ ਲਿਖਾਰੀ ਇਹ ਨਹੀਂ ਸਮਝਦੇ ਕਿ ਕੋਈ ਰੋਜ਼ ਪਰੌਂਠੇ ਨਹੀਂ ਖਾ ਸਕਦਾ, ਜੇ ਖਾਏਗਾ ਤਾਂ ਬਦਹਜ਼ਮੀ ਹੋ ਜਾਏਗੀ। ਜ਼ਬਾਨ ਇਕ ਆਲਾ ਹੈ, ਜਿਸ ਨਾਲ ਅਸੀਂ ਆਪਣੇ ਖ਼ਿਆਲ ਅਤੇ ਜਜ਼ਬੇ ਦੂਸਰਿਆਂ ਨੂੰ ਪਹੁੰਚਾਂਦੇ ਹਾਂ ਅਤੇ ਇਹ ਆਲਾ ਜਿੰਨਾ ਸਾਦਾ ਹੋਵੇ, ਓਨਾ ਹੀ ਚੰਗਾ ਹੁੰਦਾ ਹੈ। ਨਾਲੇ ਸਾਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਪੰਜਾਬੀ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੀ ਸਾਂਝੀ ਬੋਲੀ ਹੈ। ਇਹ ਤਾਂ ਸਾਡੀ ਸਾਰਿਆਂ ਦੀ ਸਾਂਝੀ ਮਾਂ ਹੈ ਅਤੇ ਅਸੀਂ ਹਾਂ ਇਸ ਦੇ ਬੱਚੇ, ਤੇ ਇਹ ਗੱਲ ਜ਼ਰੂਰੀ ਹੈ ਕਿ ਕਿ ਬੱਚੇ ਸਮਝ ਲੈਣ ਕਿ ਮਾਂ ਕੀ ਆਖਦੀ ਏ। ਜਿਵੇਂ ਅੰਗਰੇਜ਼ੀ ਵਿਚ ਲੈਟਿਨ, ਗਰੀਕ, ਐਂਗਲੋ-ਸੈਕਸ਼ਨ, ਸਕਾਚ, ਵੈਲਸ਼, ਗੈਲਿਕ, ਪੁਰਤਗਾਲੀ ਅਤੇ ਹਿੰਦੁਸਤਾਨੀ ਤੱਕ ਦੇ ਲਫਜ਼ ਸ਼ਾਮਲ ਹਨ, ਇਸੇ ਤਰ੍ਹਾਂ ਹੀ ਪੰਜਾਬੀ ਦੀ ਨਵੀਂ ਉਸਰਦੀ ਇਮਾਰਤ ਦੇ ਬੂਹੇ ਵੀ ਚਾਰੇ ਪਾਸਿਓਂ ਖੁੱਲ੍ਹੇ ਰੱਖਦੇ ਚਾਹੀਦੇ ਹਨ ਅਤੇ ਇਸ ਵਿਚ ਅਰਬੀ, ਫ਼ਾਰਸੀ, ਉਰਦੂ, ਸੰਸਕ੍ਰਿਤ, ਹਿੰਦੀ ਅਤੇ ਅੰਗਰੇਜ਼ੀ ਤੱਕ ਦੇ ਲਫਜ਼ ਆਉਣੇ ਚਾਹੀਦੇ ਹਨ। ਏਸੇ ਤਰੀਕੇ ਨਾਲ ਹੀ ਇਹ ਜ਼ਬਾਨ ਅਮੀਰ ਹੋ ਸਕਦੀ ਹੈ ਅਤੇ ਤਰੱਕੀ ਕਰ ਸਕਦੀ ਹੈ।






# ਇੱਕ ਬਜ਼ੁਰਗ ਮਾਤਾ ਬੁਢਾਪਾ ਪੈਨਸ਼ਨ ਲੈ ਕੇ ਬੈਂਕ ਵਿੱਚੋਂ ਬਾਹਰ ਨਿਕਲੀ..!



ਸ਼ਹਿਰ ਵਿੱਚ ਭੀੜ ਕਾਫੀ ਸੀ ਰਾਹ ਪਾਰ ਕਰਦੀ _ਕਰਦੀ, ਨੂੰ ਤੇਜ ਰਫਤਾਰ ਵਿੱਚ ਆ ਰਹੇ ਗੱਡੀ ਵਾਲੇ ਨੇ ਫੇਟ ਮਾਰ ਦਿੱਤੀ..!

ਕੁਝ ਲੋਕ ਉੱਥੇ ਮੌਜੂਦ ਸੀ. ਮਾਤਾ ਨੂੰ ਚੱਕ ਕੇ ਹਸਪਤਾਲ ਵਿੱਚ ਲੈ ਗਏ, ਸਿਰ ਵਿੱਚ ਕਾਫੀ ਸੱਟ ਸੀ..!

ਹਸਪਤਾਲ ਵਿੱਚ ਮਾਤਾ ਦੋ ਦਿਨ ਕੁਝ ਨਹੀਂ ਬੋਲੀ ਕੋਈ ਪਿੱਛੇ ਪਤਾਂ ਵੀ ਲੈਣ ਨਹੀਂ ਆਇਆ ,ਜਿਹੜੇ ਬੰਦੇ ਹਸਪਤਾਲ ਦਾਖਲ ਕਰਵਾਂ ਕੇ ਗਏ ਸੀ ਐਨੀ ਗੱਲ ਕਹਿ ਗਏ ਇਹ ਮਾਤਾ ਲਾਗਲੇ ਪਿੰਡ ਦੀ ਆ..!!

ਉਸ ਤੋਂ ਬਾਅਦ ਕੋਈ ਪਿੱਛੇ ਖਬਰ ਸਾਰ ਲੈਣ ਨਹੀਂ ਆਇਆ..!

ਤੀਜੇ: ਦਿਨ ਬਾਅਦ ਮਾਤਾ ਚੰਗੀ ਤਰਾਂ ਗੱਲਬਾਤ ਕਰਨ ਲੱਗੀ ਐਨੇ ਨੂੰ ਵੱਡਾ ਡਾਕਟਰ •ਤੇ ਨਰਸ ਵੀ ਆ ਗਏ.. !!

ਡਾਕਟਰ ਨੇ ਮਾਤਾ ਦਾ ਹਾਲ ਚਾਲ ਪੁੱਛਿਆਂ, ਨਰਸ ਥੋੜੇ ਗੁੱਸੇ ਵਿੱਚ ਬੋਲੀ ਮਾਤਾਂ ਕਿਉ ਐਨੀ ਉਮਰ ਵਿੱਚ ਇਕੱਲੇ ਸਹਿਰ ਆਉਦੇ ਆ ਘਰ ਵਿੱਚ ਧੀ ਪੁੱਤ ਪੋਤੇ ਹੈ ਨਹੀ ਸਾਂਭਣ ਵਾਲੇ ਨਾਲੇ ਅਪਣਾ ਪਿੰਡ ਦੱਸੋਂ ਅਪਣੇ ਘਰੋਂ ਸੱਦ ਕਿਸੇ ਨੂੰ ਤੇਰੇ ਕੋਲ ਬੈਠੈ ਤੇਰਾ ਖਿਆਲ ਰੱਖੇ ਹੁਣ ਅਸੀ ਬਹੁਤ ਸੇਵਾ ਕਰ ਲਈ ਤੇਰੀ ਹੁਣ ਸਾਨੂੰ ਔਖਾ ਲੱਗਦਾ ਨਾਲੇ ਤੇਰੇ ਇਲਾਜ ਦੇ ਪੈਸੇ ਜਮਾਂ ਕਰਵਾਉਣੇ ਆ..!

ਫਿਰ ਡਾਕਟਰ::ਨੇ ਮਾਤਾ ਨੂੰ ਥੋੜੇ ਪਿਆਰ ਨਾਲ ਪੁੱਛਿਆਂ, ਮਾਤਾ ਜੀ ਤੁਹਾਡਾ ਪੱਤ ਜਾ ਨੂੰਹ ਹੈ ਕੋਈ ਘਰ ਵਿੱਚ, ਉਹ ਕਿ ਕਰਦੇ ਐਨੇ ਦਿਨ ਹੋਂ ਗਏ ਤੇਰੇ ਪਿੱਛੇ ਕੋਈ ਕਿਉ ਨਹੀਂ ਆਇਆ .ਤੇਰੀ ਖਬਰ ਸਾਰ ਲੈਣ ਲਈ..!!

ਐਨੇ ਨੂੰ ਸਾਹਮਣੇ ਕੰਧ ਤੇ ਲੱਗੀ ਐਲਸੀਡੀ ਤੇ ਕਿਸੇ ਡੇਰੇ ਵਿੱਚ ਚੱਲ ਰਹੀ ਸੇਵਾਂ ਦੀ ਕੋਈ ਪੱਤਰਕਾਰ ਸੇਵਾਦਾਰਾਂ ਦੀ ਇੰਟਰਵਿਊ ਲੈ ਰਿਹਾ ਸੀ.. !

ਵਾਰ ਵਾਰ ਵੀਡੀਓ ਵਿੱਚ ਦਿਖਾ ਰਿਹਾ ਸੀ ਆ ਦੇਖੋ ਦੋਵੇ ਮੀਆਂ ਬੀਬੀ ਡੇਰੇ ਦੇ ਪੱਕੇ ਸੇਵਾਦਾਰ ਆ ਇੱਕ ਮਹੀਨੇ ਤੋ ਨੰਗੇ ਪੈਰ ਸਿਰ ਤੇ ਮਿੱਟੀ ਦੇ ਤਸਲੇ ਚੱਕ ਰਹੇ ,ਆ ਬਹੁਤ ਦਿਲ ਤੋਂ ਸੇਵਾ ਕਰ ਰਹੇ ਆਂ ਇਹਨਾਂ ਲੋਕਾ ਨੇ ਰੱਬ ਨੂੰ ਪਾਉਣਾ...!

ਮਾਤਾ ਨੇ ਕੰਧ ਤੇ ਲੱਗੀ ਐਲਸੀਡੀ ਵੱਲ ਹੱਥ ਕਰਕੇ ਕਿਹਾਂ ਡਾਕਟਰ ਜੀ ਉਹ ਸਾਹਮਣੇ ਜੋ ਸੇਵਾਂ ਕਰ ਰਹੇ ਦੇਖ ਰਹੇ ਓ ,ਉਹ ਮੇਰਾ ਪੁੱਤ ਤੇ ਨੂੰਹ ਆ ,..!

ਇਹ ਗੱਲ ਸੁਣ ਕੇ ਡਾਕਟਰ ਕਦੇ ਮਾਤਾ ਦੇ ਮੈਲੇ ਤੇ ਫਟੇ ਕੱਪੜੇ ਤੇ ਜਖਮੀ ਹੱਥ ਪੈਰ ਦੇਖਦਾ...!

ਕਦੇ ਐਲਸੀਡੀ ਤੇ ਚੱਲ ਰਹੀ ਡੇਰੇ ਦੀ ਵੀਡੀਓ ਦੇਖ ਰਿਹਾ ਇੱਕ ਪਾਸੇ ਇੱਕ ਬੰਦਾ ਉਹਨਾਂ ਨੂੰ ਬਹੁਤ ਵੱਡੇ ਸੇਵਾਦਾਰ ਕਹਿ ਰਿਹਾ ਰੱਬ ਨਾਲ ਮਲਾ ਰਿਹਾ.. !!

ਪਰ ਦੂਜੇ ਪਾਸੇ ਜੋ ਦੁਨੀਆਂ ਦਿਖਾਉਣ ਵਾਲਾ ਅਸਲੀ ਰੱਬ ਘਰ ਵਿੱਚ ਮਾਂ ਹੈ ਉਸਨੂੰ ਕੋਈ ਸ਼ਹਿਰ ਤੱਕ ਦਵਾਈ ਬੂਟੀ ਜਾ ਪੈਨਸ਼ਨ ਦਿਵਾਉਣ ਲੈ ਕੇ ਨਹੀਂ ਜਾਂਦਾ ...!!

ਦੂਰ ਤੀਰਥਾਂ ਤੇ ਜਾ ਕੇ ਨੱਕ ਰਗੜਨ ਨਾਲ ਕੁਝ ਨਹੀਂ ਮਿਲਦਾ !.ਜਿਸਦੇ ਘਰ ਵਿੱਚ ਬਜੁਰਗ ਮਾਤਾਂ ਪਿਤਾ ਹਨ ਉਹਨਾਂ ਦੀ ਸੇਵਾ ਕਰੋਂ ਚੰਗਾ ਰੋਟੀ ਪਾਣੀ ਦੇਵੋਂ ਰੱਬ ਤੁਹਾਡੇ ਘਰ ਵਿੱਚ ਆ..!!

ਪਤਾ ਨਹੀਂ ਕਿਉ ਅੱਜ ਬੁੱਢੇ ਮਾਂ ਬਾਪ ਅਲੌਂਦ ਲਈ ਬੋਝ ਬਣ ਗਏ ,ਜੇ ਦੇਖੀਏ ਤਾਂ ਅਨਾਤ ਆਸ਼ਰਮ ਵਿੱਚ ਬੱਚੇ ਗਰੀਬ ਦੇ ਤੇ ਮਾਂ-ਬਾਪ ਅਮੀਰ ਦੇ ਮਿਲਦੇ ਹਨ ...!

ਅਸਲੀ ਰੱਬ ਮਾਂ-ਬਾਪ ਆ ਜਿਸ ਨੇ ਇਹਨਾਂ ਦੋਵੇ ਰੱਬਾ ਨੂੰ ਖੁਸ ਰੱਖਿਆਂ , !ਫਿਰ ਬਾਬਾ ਉਹਨਾਂ ਦੀਆਂ ਝੋਲੀਆਂ ਵੀ ਖੁਸੀਆਂ ਨਾਲ ਭਰ ਦਿੰਦਾ..!!

ਕਦੇ ਕਦੇ ਰੱਬ ਵੀ ਉਹ ਕੁਝ ਨਹੀਂ ਦਿੰਦਾ ਜਿਹੜਾ ਕੁਝ ਮਾਂ-ਬਾਪ ਦੀ ਸੇਵਾ ਕਰਕੇ ਉਹਨਾਂ ਦੀਆਂ ਅਸੀਸਾਂ ਮਿਲ ਜਾਂਦਾ ...!!

ਗੁਰਦੀਪ ਸਿੰਘ ਭਮਾਂ ਕਲਾਂ

# ਵਿਆਹ ਵਾਲਾ ਚਾਅ...

ਮੁੰਡੇ ਵਾਲਿਆਂ ਨੇ ਦੇਖਣ ਆਉਣਾ ਸੀ ਤੇ ਚੰਨੀ ਲਈ ਇਹ ਛੇਵਾਂ ਮੁੰਡਾ ਸੀ ਜੋ ਉਸਨੂੰ ਦੇਖਣ ਆ ਰਿਹਾ ਸੀ। ਉਸ ਲਈ ਇੰਝ ਬਹੁਤ ਔਖਾ ਸੀ ਵਾਰ-ਵਾਰ ਸਜ ਕੇ ਜਾਣਾ ਤੇ ਫਿਰ ਅੱਗੋਂ ਨਾਂਹ ਸੁਣਨੀ। ਹੁਣ ਤੇ ਵਿਆਹ ਵਾਲਾ ਚਾਅ ਵੀ ਲੱਥ ਗਿਆ ਸੀ ।

ਮੁੰਡੇ ਵਾਲੇ ਆ ਗਏ। ਚਾਹ ਪਾਣੀ ਪੀ ਲੈਣ ਦੇਣ ਦੀ ਗੱਲ ਚੱਲੀ। ਗੱਲ ਉੱਕੀ ਪੁੱਕੀ 25 ਲੱਖ ਦੇ ਨਿੱਬੜੀ। ਵਿਆਹ ਦਾ ਸਾਰਾ ਖਰਚਾ ਕੱਢ ਕੇ ਬਾਕੀ ਪੈਸੇ ਝੋਲੀ ਪਾਉਣ ਦੀ ਗੱਲ ਵਿਚੋਲੇ ਨੇ ਚੰਨੀ ਦੇ ਪਿਉ ਕੋਲ ਠੋਕਰ ਦਿੱਤੀ ।

ਚੰਨੀ ਨੂੰ ਬੁਲਾਇਆ ਗਿਆ ਤੇ ਹਮੇਸ਼ਾ ਦੀ ਤਰ੍ਹਾਂ ਚੰਨੀ ਨੂੰ ਅੰਦਰੋਂ ਅੰਦਰ ਘਬਰਾਹਟ ਹੋਣ ਲੱਗੀ ਪਰ ਆਪਣੇ ਆਪ ਨੂੰ ਸੰਭਾਲਦਿਆਂ ਉਹ ਸਭ ਨੂੰ ਸਤਿ ਸ਼੍ਰੀ ਅਕਾਲ ਬੁਲਾ ਕੇ ਸੋਫ਼ੇ 'ਤੇ ਬੈਠੇ ਆਵਦੇ ਭਰਾ ਕੋਲ ਜਾ ਕੇ ਬੈਠ ਗਈ। ਨਾਲਦੇ ਸੋਫ਼ੇ 'ਤੇ ਬੈਠੀ ਮੁੰਡੇ ਦੀ ਮਾਂ ਨੇ ਚੰਨੀ ਨਾਲ ਰਸਮੀ ਗੱਲਾਂ ਬਾਤਾਂ ਕੀਤੀਆਂ ਤੇ ਗੱਲਾਂ 'ਚੋਂ ਗੱਲ ਏਹ ਵੀ ਕੀਤੀ ਕਿ ਬੇਟਾ ਐਮ ਏ ਕਾਹਤੋਂ ਵਿੱਚ ਛੱਡ ਦਿੱਤੀ। ਚੰਨੀ ਨੇ ਰੋਣਹਾਕਾ ਮੂੰਹ ਬਣਾ ਲਿਆ ਪਰ ਨਾਲ ਬੈਠੇ ਉਸਦੇ ਭਰਾ ਨੇ ਉਸਦਾ ਹੱਥ ਘੁੱਟ ਕੇ ਫੜ੍ਹ ਲਿਆ ਤੇ ਅੱਖਾਂ ਭਰ ਆਵਦਾ ਸਿਰ ਹਿਲਾਇਆ ਜਿਵੇਂ ਕਹਿ ਰਿਹਾ ਹੋਵੇ ਕਿ ਨਾ ਰੋਣਾ ਨੀ। ਅੱਗੇ ਗੱਲ ਹੋਣ ਲੱਗੀ ਕਿ ਬੇਟਾ ਤੁਹਾਡੇ ਅੱਖਾਂ ਦੇ ਘੇਰੇ ਕਾਲੇ ਕਾਹਤੋਂ ਨੇ, ਕੋਈ ਮੈਡੀਸਨ ਨਹੀਂ ਲਈ। ਚੰਨੀ ਦੀ ਭੁੱਬ ਨਿਕਲ ਗਈ ਤੇ ਉਹ ਉੱਚੀ ਉੱਚੀ ਰੋਣ ਲੱਗ ਗਈ। ਸਾਰੇ ਹੈਰਾਨ ਹੋਏ। ਮੁੰਡੇ ਦੀ ਮਾਂ ਨੇ ਵਿਚੋਲਣ ਦੇ ਕੰਨ 'ਚ ਘੁਸਰ ਮੁਸਰ ਕੀਤੀ, "ਕੁੜੀ ਤਾਂ ਟੈਨਸ਼ਨ 'ਚ ਲੱਗਦੀ ਆ, ਲੱਗਦਾ ਘਰਦੇ ਧੱਕਾ ਕਰ ਰਹੇ ਆ ਵਿਆਹ ਨੂੰ ਜਾਂ ਫਿਰ ਕੁੜੀ ਨੂੰ ਕੋਈ ਕਸਰ ਕੁਸਰ ਹੁੰਦੀ ਹੋਊ। ਚੱਲੀਏ ਆਪਾਂ ਇੱਥੋਂ..." ਵਿਚੋਲਣ ਗੱਲ ਅਣਸੁਣੀ ਜੇਹੀ ਕਰ ਕਹਿੰਦੀ ਕਿ ਕੋਈ ਨਾ ਦੋ ਮਿੰਟ ਹੋਰ ਬੈਠੋ ਭੈਣਜੀ। ਐਨੇ ਨੂੰ ਮੁੰਡੇ ਦੇ ਪਿਉ ਨੇ ਕਿਹਾ ਕਿ ਚਲੋ ਮੁੰਡਾ ਕੁੜੀ ਮਿਲ ਲੈਣ ਇਕੱਲੇ .. ਕੋਈ ਗੱਲਬਾਤ ਪੁੱਛਣੀ ਹੋਵੇ ਉਹਨਾਂ ਨੇ ਤਾਂ...।

ਮੁੰਡਾ ਉੱਠ ਕੇ ਪੌੜੀਆਂ ਚੜ੍ਹ ਕੇ ਚੁਬਾਰੇ 'ਚ ਚਲਾ ਗਿਆ । ਉੱਥੇ ਚੁਬਾਰੇ 'ਚ ਬੈੱਡ 'ਤੇ ਲਾਲ ਰੰਗ ਦੀ ਡਾਇਰੀ ਪਈ ਸੀ ਤੇ ਮੁੰਡੇ ਨੇ ਯਕਾਤੱਕੀ 'ਚ ਡਾਇਰੀ ਖੋਲ੍ਹੀ ਤੇ ਅੱਜ ਦੀ ਤਾਰੀਕ ਤੇ ਚੰਨੀ ਨੇ ਆਵਦੀ ਮਾਂ ਨੂੰ ਛੋਟਾ ਜੇਹਾ ਖ਼ਤ ਲਿਖਿਆ ਸੀ,

"ਮਾਂ ਅੱਜ ਫਿਰ ਛੇਵੀਂ ਵਾਰ ਕੋਈ ਮੁੰਡਾ ਦੇਖਣ ਆ ਰਿਹਾ। ਮੈਨੂੰ ਪਤਾ ਉਹਨੇ ਮੈਨੂੰ ਦੇਖ ਕੇ ਨਾਂਹ ਹੀ ਕਰ ਦੇਣੀ ਆ ਪਰ ਫਿਰ ਵੀ ਮੈਂ ਤੇਰਾ ਸਵਾ ਕੇ ਦਿੱਤਾ ਨਵਾਂ ਸੂਟ ਪਾਇਆ। ਪਤਾ ਮਾਂ ਤੇਰੇ ਜਾਣ ਤੋਂ ਬਾਅਦ ਘਰਦੇ ਕਾਹਲੇ ਆ ਮੈਨੂੰ ਤੋਰਨ ਲਈ। ਉਹ ਵੀ ਤਾਂ ਸਹੀ ਆ, ਧੀਆਂ ਨੂੰ ਕਿੰਨਾ ਟਾਈਮ ਘਰ ਰੱਖ ਸਕਦਾ ਕੋਈ? ਮਾਂ ਏਹ ਦੁੱਖ ਨੀ ਕਿ ਮੈਂ ਵਿਆਹੀ ਜਾਣਾ। ਦੁੱਖ ਏਹ ਆ ਕਿ ਤੇਰੀ ਥਾਂ ਕੌਣ ਭਰੂਗਾ। ਤੂੰ ਜਦੋਂ ਦੀ ਰੱਬ ਕੋਲ ਗਈ ਏ, ਮੇਰੀਆਂ ਅੱਖਾਂ ਸੌਂ ਕੇ ਵੀ ਨਹੀਂ ਸੌਂਦੀਆਂ। ਮਾਂ ਮੈਂ ਡਿਪ੍ਰੈਸ਼ਨ 'ਚ ਹਾਂ ਅਤੇ ਮੁੰਡੇ ਵਾਲੇ ਏਹ ਕਹਿ ਨਾ ਕਰ ਦਿੰਦੇ ਆ ਕਿ ਕੁੜੀ ਵਿਆਹ ਨੂੰ ਰਾਜ਼ੀ ਨਹੀਂ ਲੱਗਦੀ । ਕੀ ਦੱਸਾਂ ਮੇਰੇ ਵੀ ਚਾਅ ... ਚੰਗਾ ਮਾਂ ਮੁੰਡੇ ਵਾਲੇ ਆ ਗਏ ਫੇਰ ਦੱਸੂਗੀ ਕੀ ਹੋਇਆ...। "

ਡਾਇਰੀ ਪੜ੍ਹਦਿਆਂ ਮੁੰਡੇ ਦੇ ਅੱਖਾਂ 'ਚ ਅੱਥਰੂ ਸੀ ਤੇ ਮੁੰਡੇ ਨੇ ਆਵਦੀ ਜੇਬ 'ਚੋਂ ਪੈੱਨ ਕੱਢ ਲਿਖ ਦਿੱਤਾ, "ਪੈਰੀਂ ਪੈਨ੍ਹਾ ਮਾਂ, ਮੈਂ ਤੁਹਾਡਾ ਜੁਆਈ ਤੇ ਤੁਹਾਡੀ ਕੁੜੀ ਮੈਨੂੰ ਪਿਆਰੀ ਲੱਗੀ... ਤੁਸੀਂ ਹੁਣ ਉਸਦੀ ਫ਼ਿਕਰ ਨਾ ਕਰਨਾ... ਮੈਂ ਹੈਗਾ ਉਹਨੂੰ ਸੰਭਾਲ ਲਵਾਂਗਾ..." ਮੁੰਡੇ ਨੇ ਐਨਾ ਲਿਖ ਕੇ ਡਾਇਰੀ ਬੰਦ ਕਰ ਦਿੱਤੀ ਤੇ ਨੀਚੇ ਆ ਗਿਆ।

ਚੰਨੀ ਠੀਕ ਹੋ ਕੇ ਹਾਲੇ ਪਾਣੀ ਪੀ ਕੇ ਉੱਪਰ ਜਾਣ ਲਈ ਸੋਫ਼ੇ ਤੋਂ ਉੱਠਣ ਲੱਗੀ ਸੀ ਕਿ ਮੁੰਡਾ ਉੱਥੇ ਆਇਆ। ਚੰਨੀ ਦੇ ਸਾਹ ਤੇਜ਼ ਹੋ ਗਏ ਤੇ ਆਵਦੇ ਪਿਉ ਦੇ ਮੂੰਹ ਵੱਲ ਦੇਖਣ ਲੱਗੀ ਕਿ ਇਸ ਵਾਰ ਫੇਰ ਨਾਂਹ ਸੁਣ ਕੇ ਬਾਪੂ ਦਾ ਚਿਹਰਾ ਫੇਰ ਨਾ ਮੁਰਝਾ ਜਾਵੇ।

ਮੁੰਡਾ ਆਵਦੀ ਮਾਂ ਕੋਲ ਆ ਕੇ ਕਹਿੰਦਾ, "ਦਿਨ ਤਰੀਕ ਵੇਖ ਲੋ, ਕੁੜੀ ਪਸੰਦ ਆ ਮੈਨੂੰ... ਕਹਿੰਦੇ ਆ ਤਾਂ ਅੱਜ ਹੀ ਚੁੰਨੀ ਚੜਾਵਾ ਕਰ ਲੈਨੇ ਆ..."। ਮਾਂ ਦਾ ਮੂੰਹ ਉੱਡ ਗਿਆ ਕਿ ਐਨੀਆਂ ਸੋਹਣੀਆਂ ਕੁੜੀਆਂ ਦੇਖ ਕੇ ਹਾਂ ਨਾ ਕਰਨ ਵਾਲਾ ਇਸ ਕੁੜੀ ਲਈ ਕਿਵੇਂ ਮੰਨ ਗਿਆ। ਸਾਰੇ ਕਹਿਣ ਲੱਗਗੇ ਕਿ ਅੱਜ ਨੀਂ ਸੁੱਖੀ ਸਾਂਦੀ ਵਿਆਹ ਕਰਕੇ ਤੋਰਾਂਗੇ ਕੁੜੀ।

ਮੁੰਡਾ ਵਿਚੋਲੇ ਨੂੰ ਪਾਸੇ ਕਰਕੇ ਕਹਿੰਦਾ ਕਿ ਵਿਆਹ ਦਾ ਖਰਚਾ ਅੱਧੋ ਅੱਧ ਕਰਾਂਗੇ...ਕਹਿ ਦੇਣਾ ਕੁੜੀ ਦੇ ਪਿਉ ਨੂੰ। ਮੁੰਡੇ ਦੀ ਮਾਂ ਨੇ ਉਲਝੀ ਜੇਹੀ ਨੇ ਚੰਨੀ ਦੇ ਖੰਬਣੀ ਬੰਨ੍ਹ ਕੇ ਮੂੰਹ ਮਿੱਠਾ ਕਰਾ ਦਿੱਤਾ । ਸਾਰੇ ਇੱਕ ਦੂਜੇ ਨੂੰ ਵਧਾਈਆਂ ਦੇਣ ਲੱਗੇ। ਚੰਨੀ ਬਹੁਤ ਖੁਸ਼ ਹੋਈ ਤੇ ਅੱਖਾਂ 'ਚ ਪਾਣੀ ਭਰ ਆਵਦੇ ਭਰਾ ਨੂੰ ਘੁੱਟ ਕੇ ਮਿਲੀ ।

ਇਹ ਕਮਾਲ ਉਸ ਖ਼ਤ ਦਾ ਸੀ ਜੋ ਉਹਨੇ ਆਵਦੀ ਮਾਂ ਨੂੰ ਪਾਇਆ ਸੀ ਤੇ ਕਿਸੇ ਹੋਰ ਨੂੰ ਮਿਲ ਗਿਆ ਸੀ ਜੋ ਉਸਦੀ ਮਾਂ ਦੀ ਖਾਲੀ ਥਾਂ ਭਰਨ ਰਾਹ 'ਚੋਂ ਮੁੜ ਆਇਆ ਸੀ ।

ਲਿਖਤ- ਬਰਾੜ ਜੈਸੀ



# ਤੁਸੀਂ ਬਹੁਤ ਖੁਸ਼ਕਿਸਮਤ !



ਜ਼ਿੰਦਗੀ ਵਿੱਚ ਬਹੁਤ ਵਾਰ ਅਜਿਹਾ ਮੌਕਾ ਆਉਂਦਾ ਹੈ ਜਦੋਂ ਸਾਨੂੰ ਲੱਗਦਾ ਹੈ ਕਿ ਸਾਡੇ ਕੋਲ ਕੁਝ ਵੀ ਨਹੀਂ ਹੈ। ਜਦੋਂ ਕਦੇ ਅਜਿਹੇ ਨਿਰਾਸ਼ਾ ਦੇ ਆਲਮ ਵਿੱਚ ਹੋਵੋ ਤਾਂ ਇਹ ਗੱਲ ਧਿਆਨ ਵਿੱਚ ਰੱਖਣਾ ਕਿ ਤੁਹਾਡੇ ਕੋਲ ਬਹੁਤ ਕੁਝ ਹੈ ਜਿਸ ਨੂੰ ਤੁਸੀਂ ਗਿਣਦੇ ਹੀ ਨਹੀਂ। ਬਹੁਤ ਕੁਝ ਅਜਿਹਾ ਜਿਸ ਵੱਲ ਤੁਸੀਂ ਧਿਆਨ ਹੀ ਨਹੀਂ ਦਿੰਦੇ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਪਰਮਾਤਮਾ ਨੇ ਸਿਹਤਮੰਦ ਸਰੀਰ ਦਿੱਤਾ ਹੈ। ਜੇਕਰ ਤੁਹਾਡੀਆਂ ਸਾਰੀਆਂ ਇੰਦਰੀਆਂ ਕੰਮ ਕਰਦੀਆਂ ਹਨ ਤਾਂ ਤੁਸੀਂ ਬਹੁਤ ਖੁਸ਼ਕਿਸਮਤ ਹੋ। ਤੁਸੀਂ ਸਵੇਰੇ ਉੱਠੇ ਹੋ ਇਹ ਬਹੁਤ ਵੱਡੀ ਗੱਲ ਹੈ। ਬਹੁਤ ਲੋਕ ਹਨ ਜਿਨਾਂ ਨੇ ਅੱਜ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਚੰਗੀ ਜ਼ਿੰਦਗੀ ਲਈ ਜਮੀਨ ਜਾਇਦਾਦ ਵੱਡੀਆਂ ਕਾਰਾਂ ਜਰੂਰੀ ਨਹੀਂ ਹਨ। ਚੰਗੀ ਜ਼ਿੰਦਗੀ ਲਈ ਜ਼ਰੂਰੀ ਹੈ ਇਕ ਸਹੀ ਸੋਚ। ਇੱਕ ਸੰਤੁਲਿਤ ਸੋਚ। ਕੁਛ ਕਿਸ ਚੀਜ਼ ਵਿੱਚ ਲੱਭਦੀ ਹੈ ਇਹ ਤੁਹਾਡੇ ਤੇ ਨਿਰਭਰ ਕਰਦਾ ਹੈ। ਅਸੀਂ ਤਾਂ ਦੇਖਣਾ ਚਾਹੁੰਦੇ ਹਾਂ ਉਹੀ ਦਿਸਦਾ ਹੈ। ਤੰਦਰੁਸਤੀ ਹਜਾਰ ਨਿਆਮਤ ਹੈ। ਕੋਸ਼ਿਸ਼ ਕਰ ਰਹੇ ਇਸ ਗੱਲ ਦੀ ਸਮਝ ਉਦੋਂ ਹੀ ਆਏਗੀ ਜਦੋਂ ਤੰਦਰੁਸਤੀ ਨੂੰ ਗਵਾ ਲਵੋਂਗੇ। ਜੇਕਰ ਸਿਹਤ ਠੀਕ ਨਾ ਹੋਵੇ ਤਾਂ ਕੋਈ ਵੀ ਚੀਜ਼ ਚੰਗੀ ਨਹੀਂ ਲੱਗਦੀ। ਚਾਈਨਾ ਦੇ ਵਿੱਚ ਇੱਕ ਅਰਬਪਤੀ ਨੂੰ ਕੈਂਸਰ ਹੋ ਗਿਆ। ਚੌਥੀ ਸਟੇਜ ਤੇ ਸੀ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਉਹ ਨੋਟਾਂ ਦਾ ਇੱਕ ਸੂਟ ਕੇਸ ਭਰ ਕੇ ਹਸਪਤਾਲ ਲੈ ਗਿਆ। ਉਸਨੇ ਡਾਕਟਰਾਂ ਨੂੰ ਕਿਹਾ ਕਿ ਇਹ ਸਾਰਾ ਪੈਸਾ ਲੈ ਲਓ ਤੇ ਮੈਨੂੰ ਥੋੜੀ ਜ਼ਿੰਦਗੀ ਦੇ ਦਿਓ। ਡਾਕਟਰਾਂ ਨੇ ਕਿਹਾ ਕਿ ਇਹ ਸਾਡੇ ਵੱਸ ਵਿੱਚ ਨਹੀਂ। ਕਹਿੰਦੇ ਉਸਨੇ ਸਾਰੇ ਨੋਟ ਉੱਥੇ ਹੀ ਖਿਲਾਰ ਦਿੱਤੇ। ਉਸਨੇ ਕਿਹਾ ਮੈਨੂੰ ਅੱਜ ਸਮਝ ਆਈ ਹੈ ਕਿ ਇਹ ਸਭ ਵਿਅਰਥ ਹੈ। ਇਸੇ ਤਰ੍ਹਾਂ ਤੁਹਾਨੂੰ ਯਾਦ ਹੋਵੇਗਾ ਕੋਵਿਡ ਦੇ ਸਮੇਂ ਫਰਾਂਸ ਵਿੱਚ ਇਕ ਵਿਅਕਤੀ ਜਿਸਦੇ ਕਈ ਹੋਟਲ ਸਨ ਉਸਨੇ ਆਪਣੇ ਹੋਟਲ ਦੀ ਉੱਪਰਲੀ ਮੰਜ਼ਿਲ ਤੋਂ ਛਾਲ ਮਾਰ ਕੇ ਜਾਨ ਦੇ ਦਿੱਤੀ ਸੀ। ਉਸ ਦਾ ਸਾਰਾ ਪਰਿਵਾਰ ਕੋਵਿਡ ਦੀ ਭੇਟ ਚੜ ਗਿਆ ਸੀ। ਉਹ ਖੁਦ ਕੋਵਿਡ ਦਾ ਮਰੀਜ਼ ਸੀ। ਕਹਿਣ ਦਾ ਮਤਲਬ ਸਿਰਫ ਇਨਾ ਹੈ ਕਿ ਬੇਸ਼ਕੀਮਤੀ ਚੀਜ਼ ਸਾਡੇ ਕੋਲ ਹੈ ਪਰ ਅਸੀਂ ਉਸਨੂੰ ਮਾਮੂਲੀ ਸਮਝ ਕੇ ਹੋਰ ਚੀਜ਼ਾਂ ਪਿੱਛੇ ਦੌੜਦੇ ਰਹਿੰਦੇ ਹਾਂ। ਜਰਾ ਧਿਆਨ ਦੋ ਕਿ ਜਿਸ ਦਿਨ ਤੁਹਾਡਾ ਕੁਝ ਨਹੀਂ ਦੁੱਖਦਾ ਉਹ ਦਿਨ ਕਿੰਨਾ ਵਧੀਆ ਹੁੰਦਾ ਹੈ। ਜਿਸ ਦਿਨ ਤੁਸੀਂ ਬਿਮਾਰ ਹੁੰਦੇ ਹੋ ਉਸ ਦਿਨ ਕਿੰਨਾ ਔਖਾ ਲੰਘਦਾ ਹੈ। ਇਸ ਲਈ ਬਹੁਤ ਜਰੂਰੀ ਹੈ ਕਿ ਆਪਣੇ ਸਰੀਰ ਵੱਲ ਤੇ ਸਿਹਤ ਵੱਲ ਧਿਆਨ ਦਿਓ। ਤੰਦਰੁਸਤ ਹੋ ਤਾਂ ਸਭ ਕੁਝ ਹੈ।

ਪੜ ਕੇ ਤੁਹਾਨੂੰ ਲੱਗਦਾ ਹੋਵੇਗਾ ਕਿ ਅਸੀਂ ਇਹ ਸਭ ਜਾਣਦੇ ਹਾਂ। ਪਰ ਇਹ ਬਾਰ ਬਾਰ ਯਾਦ ਕਰਾਉਣਾ ਬਹੁਤ ਜਰੂਰੀ ਹੈ।

ਹਰਪ੍ਰੀਤ ਕੌਰ ਸੰਧੂ

# ਮਾਂ ਕਿਉਂ ਨਹੀਂ ਬਣਦੀ ਨੂੰਹ ਦੀ ਮਾਂ ਓ ਦੁਨਿਆ ਵਾਲਿਓ...?

ਸਾਡੇ ਸਮਾਜ ਵਿੱਚ ਬੜਾ ਹੀ ਆਮ ਵਰਤਾਰਾ ਹੈ..ਕਿ ਪਰਏਗਨਓਨਚੇ ਦੋਰਾਨ ਔਰਤ ਕਾਫੀ ਸਮਾਂ ਪੇਕੇ ਘਰ ਰਹਿੰਦੀ ਹੈ ਤੇ ਜਿਆਦਾਤਰ ਧਏਲਿਵਏਰੇ ਵੀ ਪੇਕੇ ਘਰ ਹੀ ਹੁੰਦੀ ਹੈ..ਸੱਸ ਨੂੰਹ ਦੋਹਾਂ ਦਾ ਸਾਂਝਾ ਵਿਚਾਰ ਹੁੰਦਾਂ ਹੈ ਕਿ ਪੇਕੇ ਘਰ ਚਓਰਏ ਵਧੀਆ ਹੋਵੇਗੀ....ਕੁੜੀ ਮਹਿਸੂਸ ਕਰਦੀ ਹੈ ਕਿ ਮੇਰੀ ਸੱਸ ਮੇਰਾ ਦੁੱਖ ਦਰਦ ਗਨੋਰਏ ਕਰਦੀ ਹੈ, ਤੇ ਮਾਂ ਵਾਂਗ ਪਿਆਰ ਤੇ ਚਓਰਏ ਨਹੀਂ ਕਰਦੀ, ਤਾਂ ਕਰਕੇ ਉਹ ਵੀ ਪੇਕੇ ਘਰ ਜਾਨਾ ਚਾਂਹੁੰਦੀ ਹੈ ਤਾਂ ਜੋ ਉਹ ਮਨਮਰਜੀ ਮੁਤਾਬਿਕ ਆਰਾਮ ਕਰ ਸਕੇ .. ਤੇ ਘਰੇਲੂ ਜਿਮੇਦਾਰੀਆਂ ਤੋ ਮੁਕਤੀ ਪਾ ਸਕੇ...ਦੂਜੇ ਪਾਸੇ, ਉਹੀ ਸੱਸ ਆਪਣੀ ਧੀ ਦੀ ਬੜੀ ਚਓਰਏ ਕਰਦੀ ਹੈ.. ਜਦੋਂ ਉਹ ਪਰਏਗਨਓਨਚੇ ਦੋਰਾਨ ਆਪਣੇ ਪੇਕੇ ਆਈ ਹੁੰਦੀ ਹੈ..ਦੋਹਾਂ ਹਲਾਤਾਂ ਵਿੱਚ ਮਾਂ ਅਤੇ ਸੱਸ ਦਾ ਕਿਰਦਾਰ ਨਿਭਾ ਰਹੀ ਔਰਤ ਇੱਕੋ ਹੈ...।

ਫਿਰ ਨੂੰਹ ਧੀ ਦੇ ਪ੍ਰਤੀ ਭਾਵਨਾਂਵਾਂ ਦਾ ਵਖਰੇਵਾਂ ਕਿਉਂ ..?

ਸੱਸਾਂ ਮਾਵਾਂ ਬਣ ਜਾਣ ਤਾਂ ਸ਼ਾਇਦ ਪੁੱਤ ਜੋਰੂ ਦੇ ਗੁਲਾਮ ਨਾ ਲਗਣ ਉਹਨਾਂ ਨੂੰ.. ਨੂੰਹ ਵੀ ਕਿਸੇ ਦੀ ਧੀ ਹੁੰਦੀ ਹੈ, ਉਹਦੀਆਂ ਭਾਵਨਾਂਵਾਂ, ਜਜਬਾਤ, ਦੁੱਖ-ਦਰਦ ਵੀ ਤੁਹਾਡੀ ਧੀ ਵਰਗੇ ਹੀ ਹੁੰਦੇ ਨੇ...ਪਰ ਸਾਡੇ ਸਮਾਜ ਵਿੱਚ ਆਪਣੀ ਪੀੜੀ ਹੇਠਾਂ ਸੋਟਾ ਮਾਰਨ ਦਾ ਰਿਵਾਜ ਹੀ ਨਹੀਂ ਹੈ... ਸਾਨੂੰ ਤਾਂ ਸਿਰਫ ਤਾਹਨੇ ਮਿਹਣੇ ਦੇਣੇ ਆਉਦੇ ਨੇ। ਅਸੀਂ ਤਾਂ ਖੁਦ ਜਿਮੇਦਾਰੀਆ ਤੋਂ ਭੱਜ ਕੇ ਉਮੀਦਾਂ ਦੇ ਪਹਾੜ ਸਿਰਜਨ ਵਾਲੇ ਲੋਕ ਹਾਂ..ਖੋਖਲੀਆਂ ਆਦਰਸ਼ਵਾਦੀ ਗੱਲਾਂ ਜਿਨ੍ਹੀਆਂ ਮਰਜੀ ਸੁਣ ਲਉ.. ਜਿਨ੍ਹਾਂ ਤੇ ਅਮਲ ਨਾ ਕਰਨ ਦੀ ਸੌਹ ਜਿਵੇਂ ਗੁੜਤੀ 'ਚ ਹੀ ਮਿਲੀ ਹੋਵੇ ...!!

# ਰਿਸ਼ਤਿਆਂ ਦੀ ਕੌੜੀ ਸੱਚਾਈ

ਮੇਰੀ ਧੀ ਨੇ ਮੇਰੇ ਅੱਗੇ ਬੱਚੇ ਦੀ ਦੇਖਭਾਲ ਲਈ ਅਮਰੀਕਾ ਆਉਣ ਦੀਆਂ ਮਿੰਨਤਾਂ ਕੀਤੀਆਂ.. ਪਰ ਇੱਕ ਰਾਤ, ਜਦੋਂ ਮੈਂ ਉਸਦੇ ਬੱਚੇ ਨੂੰ ਨਹਾ ਰਹੀ ਸੀ, ਤਾਂ ਉਸਨੇ ਮੇਰੇ ਚਿਹਰੇ ਵੱਲ ਉਂਗਲ ਉਠਾਈ ਅਤੇ ਕੁਝ ਅਜਿਹਾ ਕਿਹਾ ਕਿ ਮੇਰਾ ਖੂਨ ਜੰਮ ਗਿਆ। "

ਮੇਰਾ ਨਾਮ ਕਰਮਜੀਤ ਕੌਰ ਹੈ। ਮੈਂ 58 ਸਾਲਾਂ ਦੀ ਸੀ ਜਦੋਂ ਮੈਨੂੰ ਸਮਝ ਆਇਆ ਕਿ ਕਦੇ-ਕਦੇ ਸਭ ਤੋਂ ਡੂੰਘਾ ਜ਼ਖ਼ਮ ਕਿਸੇ ਦੁਸ਼ਮਣ ਤੋਂ ਨਹੀਂ, ਬਲਕਿ ਉਸ ਇਨਸਾਨ ਤੋਂ ਮਿਲਦਾ ਹੈ ਜਿਸ ਲਈ ਤੁਸੀਂ ਆਪਣੀ ਪੂਰੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਹੋਵੇ।

ਮੈਂ ਅੰਮ੍ਰਿਤਸਰ ਦੀ ਰਹਿਣ ਵਾਲੀ ਹਾਂ। ਜਦੋਂ ਮੇਰੀ ਧੀ.ਪ੍ਰਭਜੋਤ ਸਿਰਫ਼ ਛੇ ਸਾਲਾਂ ਦੀ ਸੀ, ਉਦੋਂ ਮੇਰੇ ਘਰਵਾਲੇ ਦਾ ਦੇਹਾਂਤ ਹੋ ਗਿਆ ਸੀ। ਉਦੋਂ ਤੋਂ, ਮੈਂ ਹੀ ਉਸਦੇ ਲਈ ਮਾਂ, ਪਿਓ, ਨਰਸ, ਡਰਾਈਵਰ, ਅਧਿਆਪਕਾ ਅਤੇ ਇੱਥੋਂ ਤੱਕ ਕਿ ਰਾਤ ਦੀ ਚੌਕੀਦਾਰ ਵੀ ਬਣ ਗਈ। ਮੈਂ ਟਿਫ਼ਨ ਸਰਵਿਸ ਚਲਾਈ, ਦੂਜਿਆਂ ਦੇ ਕੱਪੜੇ ਧੋਤੇ, ਸਬਜ਼ੀ ਮੰਡੀ ਵਿੱਚ ਦੁਕਾਨ ਲਗਾਈ ਅਤੇ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ, ਸਾਡੇ ਮੁਹੱਲੇ ਵਿੱਚ ਇੱਕ ਛੋਟੀ ਜਿਹੀ ਹਾਰਡਵੇਅਰ ਅਤੇ ਪੇਂਟ ਦੀ ਦੁਕਾਨ ਖੜ੍ਹੀ ਕਰ ਲਈ। ਮੈਂ ਕੋਈ ਬਹੁਤ ਅਮੀਰ ਨਹੀਂ ਸੀ, ਪਰ ਮੇਰਾ ਆਪਣਾ ਘਰ ਸੀ, ਇੱਕ ਮਾਰੂਤੀ ਸੀ, ਕੁਝ ਬਚਤ ਸੀ ਅਤੇ ਇੱਕ ਸਕੂਨ ਭਰੀ ਜ਼ਿੰਦਗੀ ਸੀ।

ਪ੍ਰਭਜੋਤ ਹੀ ਮੇਰੀ ਇਕਲੌਤੀ ਧੀ ਸੀ। ਜਦੋਂ ਉਸਨੇ ਆਪਣੀ ਇੰਜੀਨੀਅਰਿੰਗ ਪੂਰੀ ਕੀਤੀ, ਤਾਂ ਮੈਂ ਦਰਬਾਰ ਸਾਹਿਬ ਜਾ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਅਜਿਹੀ ਰੋਈ ਜਿਵੇਂ ਮੈਨੂੰ ਕੋਈ ਲਾਟਰੀ ਮਿਲ ਗਈ ਹੋਵੇ। ਇਸ ਤੋਂ ਬਾਅਦ ਉਸਦੀ ਜ਼ਿੰਦਗੀ ਵਿੱਚ ਅਮਨਦੀਪ ਆਇਆ। ਬੇਹੱਦ ਪੜ੍ਹਿਆ-ਲਿਖਿਆ, ਚਿਹਰੇ 'ਤੇ ਹਰ ਵੇਲੇ ਮੁਸਕਾਨ, ਪਰ ਉਸਦੀਆਂ ਅੱਖਾਂ ਵਿੱਚ ਇੱਕ ਅਜਿਹੀ ਚਮਕ ਸੀ ਜਿਸ 'ਤੇ ਮੇਰਾ ਦਿਲ ਕਦੇ ਭਰੋਸਾ ਨਹੀਂ ਕਰ ਸਕਿਆ। ਜਦੋਂ ਉਹ ਪਹਿਲੀ ਵਾਰ ਸਾਡੇ ਘਰ ਖਾਣੇ 'ਤੇ ਆਇਆ, ਤਾਂ ਉਸਨੇ ਚਾਰੋਂ ਤਰਫ਼ ਨਜ਼ਰਾਂ ਘੁਮਾਈਆਂ ਅਤੇ ਬੋਲਿਆ:

ਮੰਮੀ ਜੀ, ਤੁਸੀਂ ਤਾਂ ਅੱਛਾ-ਖ਼ਾਸਾ ਪੈਸਾ ਕਮਾਇਆ ਹੈ। ਅੰਮ੍ਰਿਤਸਰ ਦੀ ਪ੍ਰਾਪਰਟੀ ਵੀ ਮਹਿੰਗੀ ਹੈ, ਚੰਗੀ ਗੱਲ ਹੈ ਤੁਸੀਂ ਇਕੱਲੇ ਰਹਿ ਕੇ ਵੀ ਸਭ ਕੁਝ ਬਣਾਇਆ ਹੋਇਆ

ਮੈਂ ਲਿਹਾਜ਼ ਖ਼ਾਤਰ ਮੁਸਕਰਾ ਤਾਂ ਦਿੱਤੀ, ਪਰ ਮੇਰੇ ਸੀਨੇ ਵਿੱਚ ਕੁਝ ਅਜੀਬ ਜਿਹਾ ਚੁੱਭ ਗਿਆ।

ਦੋਵਾਂ ਦਾ ਵਿਆਹ ਹੋ ਗਿਆ ਅਤੇ ਉਹ ਨਿਊਯਾਰਕ ਜਾ ਕੇ ਰਹਿਣ ਲੱਗੇ। ਸ਼ੁਰੂਆਤ ਵਿੱਚ ਪ੍ਰਭਜੋਤ ਮੈਨੂੰ ਰੋਜ਼ ਫ਼ੋਨ ਕਰਦੀ ਸੀ। ਉਹ ਮੈਨੂੰ ਉੱਥੋਂ ਦੀ ਬਰਫ਼, ਉੱਥੋਂ ਦਾ ਖਾਣਾ, ਆਪਣਾ ਫਲੈਟ ਦਿਖਾਉਂਦੀ ਅਤੇ ਕਹਿੰਦੀ ਕਿ ਉਸਨੂੰ ਮੇਰੀ ਬਹੁਤ ਯਾਦ ਆਉਂਦੀ ਹੈ। ਫਿਰ ਮੇਰੇ ਦੋਹਤੇ ਫ਼ਤਿਹ ਦਾ ਜਨਮ ਹੋਇਆ, ਅਤੇ ਮੇਰੇ ਬੁੱਢੇ ਦਿਲ ਨੂੰ ਧੜਕਨ ਦੀ ਇੱਕ ਨਵੀਂ ਵਜ੍ਹਾ ਮਿਲ ਗਈ।

ਇੱਕ ਦਸੰਬਰ ਦੀ ਰਾਤ, ਕਰੀਬ ਅੱਧੀ ਰਾਤ ਨੂੰ ਪ੍ਰਭਜੋਤ ਨੇ ਮੈਨੂੰ ਰੋਂਦੇ ਹੋਏ ਫ਼ੋਨ ਕੀਤਾ।

"ਮੰਮੀ, ਪਲੀਜ਼ ਇੱਥੇ ਆ ਜਾਓ। ਮੈਂ ਹੋਰ ਨਹੀਂ ਸੰਭਾਲ ਪਾ ਰਹੀ। ਅਮਨਦੀਪ ਆਪਣੇ ਬਿਜ਼ਨਸ ਵਿੱਚ ਬਹੁਤ ਵਿਅਸਤ ਰਹਿੰਦਾ ਹੈ, ਮੈਂ ਨੌਕਰੀ ਕਰਦੀ ਹਾਂ, ਅਤੇ ਫ਼ਤਿਹ ਨੂੰ ਸੰਭਾਲਣ ਵਾਲਾ ਕੋਈ ਨਹੀਂ ਹੈ। ਮੈਂ ਪੂਰੀ ਤਰ੍ਹਾਂ ਟੁੱਟ ਰਹੀ ਹਾਂ।"

ਮੈਂ ਥੋੜ੍ਹਾ ਝਿਜਕੀ। ਅੰਮ੍ਰਿਤਸਰ ਵਿੱਚ ਮੇਰੀ ਦੁਕਾਨ ਸੀ, ਮੇਰੀਆਂ ਸਹੇਲੀਆਂ ਸਨ, ਮੇਰੀ ਕੀਰਤਨ ਮੰਡਲੀ ਸੀ ਅਤੇ ਗੁਰਮੁਖ ਸਿੰਘ ਜੀ ਸਨ ਇੱਕ ਰਿਟਾਇਰਡ ਹੈੱਡਮਾਸਟਰ, ਜਿੰਨਾ ਨਾਲ ਮੈਂ ਹਰ ਸ਼ਾਮ ਪਾਰਕ ਵਿੱਚ ਸੈਰ ਕਰਦੀ ਹੁੰਦੀ ਸੀ। ਸਾਡੇ ਵਿਚਕਾਰ ਕੋਈ ਰਸਮੀ ਰਿਸ਼ਤਾ ਨਹੀਂ ਸੀ, ਪਰ ਉਹ ਮੇਰਾ ਖ਼ਿਆਲ ਉਸ ਤਰ੍ਹਾਂ ਰੱਖਦੇ ਸਨ ਜਿਵੇਂ ਬਰਸਾਂ ਤੋਂ ਕਿਸੇ ਨੇ ਨਹੀਂ ਰੱਖਿਆ ਸੀ।

ਤੁਸੀਂ ਕਿੰਨੇ ਸਮੇਂ ਲਈ ਜਾ ਰਹੇ ਹੋ, ਕਰਮਜੀਤ ਜੀ?" ਜਦੋਂ ਮੈਂ ਉਨ੍ਹਾਂ ਨੂੰ ਦੱਸਿਆ, ਤਾਂ ਉਨ੍ਹਾਂ ਨੇ ਪੁੱਛਿਆ। ਬੱਸ ਕੁਝ ਹੀ ਮਹੀਨਿਆਂ ਦੀ ਗੱਲ ਹੈ।"

ਉਨ੍ਹਾਂ ਨੇ ਉਦਾਸੀ ਨਾਲ ਮੈਨੂੰ ਦੇਖਿਆ, "ਮੈਂ ਤੁਹਾਡਾ ਇੰਤਜ਼ਾਰ ਕਰਾਂਗਾ।"

ਤਿੰਨ ਦਿਨ ਬਾਅਦ ਮੈਂ ਦੁਕਾਨ ਬੰਦ ਕੀਤੀ, ਆਪਣਾ ਸਾਮਾਨ ਸਮੇਟਿਆ ਅਤੇ ਤਿੰਨ ਵੱਡੇ ਸੂਟਕੇਸ ਲੈ ਕੇ ਫਲਾਈਟ ਵਿੱਚ ਬੈਠ ਗਈ। ਉਨ੍ਹਾਂ ਸੂਟਕੇਸਾਂ ਵਿੱਚ ਘਰ ਦਾ ਬਣਿਆ ਅੰਬ ਦਾ ਅਚਾਰ, ਪਿੰਨੀਆਂ, ਫ਼ਤਿਹ ਲਈ ਕੱਪੜੇ, ਖਿਡੌਣੇ, ਦਵਾਈਆਂ ਅਤੇ ਇੱਥੋਂ ਤੱਕ ਕਿ ਘਰ ਦੇ ਪੀਸੇ ਹੋਏ ਮਸਾਲੇ ਵੀ ਸਨ, ਕਿਉਂਕਿ ਪ੍ਰਭਜੋਤ ਕਹਿੰਦੀ ਸੀ ਕਿ ਉੱਥੋਂ ਦੇ ਖਾਣੇ ਵਿੱਚ ਕੋਈ ਸੁਆਦ ਨਹੀਂ ਹੁੰਦਾ।

ਜਦੋਂ ਮੈਂ ਪਹੁੰਚੀ, ਤਾਂ ਮੇਰੀ ਧੀ ਨੇ ਮੈਨੂੰ ਘੁੱਟ ਕੇ ਗਲੇ ਲਗਾ ਲਿਆ। ਉਹ ਦੁਬਲੀ ਹੋ ਗਈ ਸੀ, ਅੱਖਾਂ ਦੇ ਹੇਠਾਂ ਕਾਲੇ ਘੇਰੇ ਸਨ ਅਤੇ ਥੱਕੀ ਹੋਈ ਲੱਗ ਰਹੀ ਸੀ। ਅਮਨਦੀਪ ਏਅਰਪੋਰਟ 'ਤੇ ਨਹੀਂ ਆਇਆ ਸੀ। ਪ੍ਰਭਜੋਤ ਦੇ ਮੁਤਾਬਕ, ਉਸਦੀ ਕੋਈ ਜ਼ਰੂਰੀ ਮੀਟਿੰਗ ਸੀ।

ਉਨ੍ਹਾਂ ਦਾ ਘਰ ਦੇਖ ਕੇ ਮੈਂ ਹੈਰਾਨ ਰਹਿ ਗਈ। ਦੋ ਮੰਜ਼ਿਲਾ ਵੱਡਾ ਜਿਹਾ ਘਰ ਸੀ, ਅੱਗੇ ਲਾੱਨ ਅਤੇ ਵੱਡੀ ਗੱਡੀ ਖੜ੍ਹੀ ਕਰਨ ਦਾ ਗੈਰਾਜ। ਮੈਨੂੰ ਯਾਦ ਸੀ ਕਿ ਮੇਰੀ ਧੀ ਕਹਿੰਦੀ ਸੀ ਕਿ ਉਨ੍ਹਾਂ ਕੋਲ ਪੈਸਿਆਂ ਦੀ ਤੰਗੀ ਹੈ। ਪਰ ਜਿਵੇਂ ਹੀ ਮੈਂ ਇਸ ਬਾਰੇ ਪੁੱਛਿਆ, ਪ੍ਰਭਜੋਤ ਨੇ ਨਜ਼ਰਾਂ ਝੁਕਾ ਲਈਆਂ।

"ਮੰਮੀ, ਅਜੇ ਇਸਦੀਆਂ ਕਿਸ਼ਤਾਂ ਚੱਲ ਰਹੀਆਂ ਹਨ।"

ਉਸੇ ਵੇਲੇ ਫ਼ਤਿਹ ਦੌੜਦਾ ਹੋਇਆ ਬਾਹਰ ਆਇਆ ਅਤੇ ਚਿੱਲਾਇਆ, "ਨਾਨੀ ਮਾਂ!" ਉਸ ਇੱਕ ਪਲ ਵਿੱਚ ਮੈਂ ਸਭ ਕੁਝ ਭੁੱਲ ਗਈ। ਮੈਂ ਉਸਨੂੰ ਗਲੇ ਨਾਲ ਲਗਾ ਲਿਆ ਅਤੇ ਮੈਨੂੰ ਲੱਗਿਆ ਕਿ ਇਹ ਲੰਬਾ ਸਫ਼ਰ, ਇਹ ਥਕਾਣ ਅਤੇ ਇਹ ਦੂਰੀ ਸਭ ਕੁਝ ਸਾਰਥਕ ਹੋ ਗਈ।

ਪਰ ਇਹ ਖ਼ੁਸ਼ੀ ਜ਼ਿਆਦਾ ਦਿਨ ਨਹੀਂ ਟਿੱਕੀ। ਘਰ ਦਾ ਲਿਵਿੰਗ ਰੂਮ ਪੂਰੀ ਤਰ੍ਹਾਂ ਬਿਖਰਿਆ ਪਿਆ ਸੀ। ਜੂਠੇ ਬਰਤਨ, ਚਾਰੋਂ ਤਰਫ਼ ਫੈਲੇ ਕੱਪੜੇ, ਖਿਡੌਣੇ। ਉਸ ਰਾਤ ਮੈਂ ਮਾਂਹ-ਛੋਲਿਆਂ ਦੀ ਦਾਲ, ਜੀਰਾ ਰਾਈਸ ਅਤੇ ਆਲੂ ਦੀ ਭੁੱਜੀਆ ਬਣਾਈ। ਪ੍ਰਭਜੋਤ ਨੇ ਤਾਂ ਬੱਚਿਆਂ ਵਾਂਗ ਚਾਅ ਨਾਲ ਖਾਧਾ, ਪਰ ਅਮਨਦੀਪ ਜਦੋਂ ਨੀਚੇ ਆਇਆ ਅਤੇ ਉਸਨੇ ਟੇਬਲ ਦੇਖੀ, ਤਾਂ ਬੋਲਿਆ:

ਫਿਰ ਤੋਂ ਉਹੀ ਦਾਲ-ਚੌਲ? ਹੁਣ ਮੈਨੂੰ ਇਸ ਖਾਣੇ ਦੀ ਆਦਤ ਨਹੀਂ ਰਹੀ।"

ਉਸਨੇ ਇਹ ਤੱਕ ਨਹੀਂ ਪੁੱਛਿਆ ਕਿ ਮੈਂ ਇੰਨੀ ਲੰਬੀ ਯਾਤਰਾ ਤੋਂ ਬਾਅਦ ਥੱਕੀ ਹਾਂ ਜਾਂ ਨਹੀਂ।



ਪਹਿਲੀ ਰਾਤ ਮੈਨੂੰ ਨੀਂਦ ਨਹੀਂ ਆਈ। ਰਾਤ ਦੇ ਤਿੰਨ ਵਜੇ ਮੈਂ ਪਾਣੀ ਪੀਣ ਨੀਚੇ ਆਈ, ਤਾਂ ਮੈਂ ਲਿਵਿੰਗ ਰੂਮ ਵਿੱਚ ਅਮਨਦੀਪ ਨੂੰ ਪ੍ਰਭਜੋਤ ਨਾਲ ਗੱਲ ਕਰਦੇ ਹੋਏ ਸੁਣਿਆ।

ਮੈਂ ਤੁਹਾਨੂੰ ਕਿਹਾ ਸੀ ਨਾ ਕਿ ਤੁਹਾਡੀ ਮੰਮੀ ਦੇ ਆਉਣ ਨਾਲ ਸਾਡਾ ਕੰਮ ਬਹੁਤ ਆਸਾਨ ਹੋ ਜਾਵੇਗਾ। ਸਾਫ਼-ਸਫ਼ਾਈ, ਖਾਣਾ... ਤੁਹਾਨੂੰ ਅੰਦਾਜ਼ਾ ਹੈ ਕਿ ਸਾਡੇ ਕਿੰਨੇ ਪੈਸੇ ਬਚ ਰਹੇ ਹਨ?"

ਪ੍ਰਭਜੋਤ ਨੇ ਫੁਸਫੁਸਾਉਂਦੇ ਹੋਏ ਕਿਹਾ, "ਪਰ ਉਹ ਅਜੇ ਤਾਂ ਆਏ ਨੇ।

"ਤਾਂ ਕੀ ਹੋਇਆ? ਤੁਹਾਡੀ ਮੰਮੀ ਹੀ ਤਾਂ ਨੇ। ਵੈਸੇ ਵੀ, ਉੱਥੇ ਪੰਜਾਬ 'ਚ ਉਨ੍ਹਾਂ ਕੋਲ ਜੋ ਕੁਝ ਵੀ ਹੈ, ਉਹ ਇੱਕ ਦਿਨ ਤੁਹਾਡਾ ਹੀ ਤਾਂ ਹੋਣਾ ਹੈ, ਹੈ ਨਾ?"

ਇਹ ਸੁਣ ਕੇ ਮੇਰੇ ਹੱਥ-ਪੈਰ ਠੰਢੇ ਪੈ ਗਏ। ਮੈਨੂੰ ਉਮੀਦ ਸੀ ਕਿ ਮੇਰੀ ਧੀ ਉਸਨੂੰ ਡਾਂਟ ਕੇ ਚੁੱਪ ਕਰਵਾ ਦੇਵੇਗੀ। ਪਰ ਉਸਨੇ ਸਿਰਫ਼ ਦੱਬੀ ਆਵਾਜ਼ ਵਿੱਚ ਕਿਹਾ, "ਅਜਿਹੀਆਂ ਗੱਲਾਂ ਨਾ ਕਰੋ।"

ਮੈਂ ਬਿਨਾਂ ਕੋਈ ਆਵਾਜ਼ ਕੀਤੇ ਆਪਣੇ ਕਮਰੇ ਵਿੱਚ ਵਾਪਿਸ ਆਈ। ਸਵੇਰ ਹੋਣ ਤੱਕ ਮੈਂ ਛੱਤ ਨੂੰ ਨਿਹਾਰਦੀ ਰਹੀ ਅਤੇ ਖੁਦ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਰਹੀ ਕਿ ਸ਼ਾਇਦ ਮੈਨੂੰ ਸੁਣਨ ਵਿੱਚ ਕੋਈ ਗ਼ਲਤੀ ਹੋਈ ਹੈ।

ਪਰ ਤੀਜੇ ਹੀ ਦਿਨ, ਪ੍ਰਭਜੋਤ ਨੇ ਮੈਨੂੰ ਇੱਕ ਕਾਗਜ਼ ਫੜਾ ਦਿੱਤਾ ਜਿਸ 'ਤੇ ਕੰਮਾਂ ਦੀ ਲਿਸਟ ਸੀ: ਫ਼ਤਿਹ ਨੂੰ ਸਕੂਲ ਛੱਡਣਾ, ਕੱਪੜੇ ਧੋਣਾ, ਗ੍ਰੋਸਰੀ ਲਿਆਉਣਾ, ਖਾਣਾ ਬਣਾਉਣਾ, ਬਾਥਰੂਮ ਸਾਫ਼ ਕਰਨਾ, ਗਾਰਡਨ ਦੀ ਦੇਖਭਾਲ ਕਰਨਾ ਅਤੇ ਲੰਚ ਬਾਕਸ ਤਿਆਰ ਕਰਨਾ।

"ਮੰਮੀ, ਤੁਹਾਨੂੰ ਨਹੀਂ ਪਤਾ ਇੱਥੇ ਇਕੱਲਿਆਂ ਚੀਜ਼ਾਂ ਸੰਭਾਲਣਾ ਕਿੰਨਾ ਮੁਸ਼ਕਿਲ ਹੁੰਦਾ ਹੈ।"

ਮੈਂ ਹਾਂ ਵਿੱਚ ਸਿਰ ਹਿਲਾ ਦਿੱਤਾ। ਆਖ਼ਰ ਉਹ ਮੇਰੀ ਧੀ ਸੀ। ਮੈਂ ਉਸਦੀ ਮਦਦ ਕਿਉਂ ਨਹੀਂ ਕਰਦੀ?

ਉਸ ਦੁਪਹਿਰ, ਸਾਰਾ ਕੰਮ ਖ਼ਤਮ ਕਰਨ ਤੋਂ ਬਾਅਦ ਮੈਂ ਬੱਸ ਪੰਜ ਮਿੰਟ ਲਈ ਬੈਠੀ ਹੀ ਸੀ ਕਿ ਅਮਨਦੀਪ ਅੰਦਰ ਆਇਆ। ਉਸਨੇ ਬਾਹਰ ਲਾੱਨ ਵੱਲ ਦੇਖਿਆ ਅਤੇ ਕਿਹਾ, "ਤੁਸੀਂ ਘਾਹ ਨਹੀਂ ਕੱਟੀ?"

"ਪੁੱਤ, ਅੱਜ ਸਮਾਂ ਹੀ ਨਹੀਂ ਮਿਲਿਆ।"

ਉਸਨੇ ਆਪਣਾ ਮੂੰਹ ਸਿਕੋੜਿਆ ਅਤੇ ਬੋਲਿਆ, "ਹੈਰਤ ਹੈ, ਤੁਸੀਂ ਪੂਰਾ ਦਿਨ ਘਰ ਹੀ ਤਾਂ ਰਹਿੰਦੇ ਹੋ..."

ਉਸ ਇੱਕ ਵਾਕ ਨੇ ਮੈਨੂੰ ਉਮੀਦ ਨਾਲੋਂ ਕਿਤੇ ਜ਼ਿਆਦਾ ਡੂੰਘੀ ਚੋਟ ਪਹੁੰਚਾਈ।

ਉਸੇ ਰਾਤ ਮੈਨੂੰ ਗੁਰਮੁਖ ਸਿੰਘ ਜੀ ਦਾ ਇੱਕ ਮੈਸੇਜ ਮਿਲਿਆ: ਕਰਮਜੀਤ ਜੀ, ਕੀ ਉੱਥੇ ਜ਼ਿਆਦਾ ਠੰਢ ਹੈ?"

ਮੈਂ ਅੱਖਾਂ ਵਿੱਚ ਹੰਝੂ ਲਈ ਉਸ ਸਕ੍ਰੀਨ ਨੂੰ ਦੇਖਦੀ ਰਹਿ ਗਈ। ਆਪਣਿਆਂ ਨਾਲ ਭਰੇ ਉਸ ਪੂਰੇ ਘਰ ਵਿੱਚ, ਮੈਨੂੰ ਇਹ ਪੁੱਛਣ ਵਾਲਾ ਕੋਈ ਨਹੀਂ ਸੀ।

ਹਫ਼ਤੇ ਬੀਤਦੇ ਗਏ। ਮੈਂ ਖਾਣਾ ਬਣਾਉਂਦੀ, ਸਫ਼ਾਈ ਕਰਦੀ, ਫ਼ਤਿਹ ਨੂੰ ਸੰਭਾਲਦੀ। ਅਮਨਦੀਪ ਮੇਰੇ ਨਾਲ ਸ਼ਾਇਦ ਹੀ ਕਦੇ ਗੱਲ ਕਰਦਾ ਸੀ, ਸਿਵਾਏ ਉਦੋਂ ਦੇ ਜਦੋਂ ਉਸਨੂੰ ਕੋਈ ਕੰਮ ਹੁੰਦਾ। ਪ੍ਰਭਜੋਤ ਵੀ ਹੌਲੀ-ਹੌਲੀ ਮੇਰੀ ਮੌਜੂਦਗੀ ਦੀ ਇੰਨੀ ਆਦੀ ਹੋ ਗਈ ਜਿਵੇਂ ਮੇਰੀ ਥਕਾਣ ਉਸਨੂੰ ਦਿਖਾਈ ਹੀ ਨਹੀਂ ਦਿੰਦੀ ਸੀ।

ਇੱਕ ਦਿਨ, ਜਦੋਂ ਮੈਂ ਸੁਪਰਮਾਰਕੀਟ ਵਿੱਚ ਸੀ, ਤਾਂ ਮੈਨੂੰ ਇੰਡੀਆ ਦੇ ਬੈਂਕ ਤੋਂ ਇੱਕ ਫ਼ੋਨ ਆਇਆ।

"ਕਰਮਜੀਤ ਕੌਰ ਜੀ, ਅਸੀਂ ਪੁਸ਼ਟੀ ਕਰਨਾ ਚਾਹੁੰਦੇ ਹਾਂ ਕਿ ਇਸ ਮਹੀਨੇ ਤੁਹਾਡੇ ਖਾਤੇ ਚੋਂ 1,30,000 ਰੁਪਏ ਦਾ ਆਟੋ-ਡੇਬਿਟ (ਕਿਸ਼ਤ) ਹੋ ਗਿਆ ਹੈ।"

ਮੇਰੀਆਂ ਸਾਹਾਂ ਥੰਮ੍ਹ ਗਈਆਂ। ਉਹ ਪ੍ਰਭਜੋਤ ਦੇ ਇਸ ਵੱਡੇ ਘਰ ਦੀ ਹੋਮ ਲੋਨ ਦੀ ਕਿਸ਼ਤ ਸੀ।

ਮੈਨੂੰ ਯਾਦ ਆਇਆ ਕਿ ਸਾਲਾਂ ਪਹਿਲਾਂ ਉਸਨੇ ਮੇਰੇ ਕੋਲੋਂ ਕਾਗਜ਼ੀ ਕਾਰਵਾਈ ਅਤੇ 'ਇਨਕਮ ਪ੍ਰੂਫ਼' ਦਿਖਾਉਣ ਲਈ "ਆਰਜ਼ੀ ਮਦਦ" ਮੰਗੀ ਸੀ। ਮੈਂ ਆਪਣੀ ਧੀ 'ਤੇ ਭਰੋਸਾ ਕਰਕੇ ਸਾਈਨ ਕਰ ਦਿੱਤੇ ਸਨ। ਉਸ ਤੋਂ ਬਾਅਦ ਮੈਂ ਕਦੇ ਧਿਆਨ ਹੀ ਨਹੀਂ ਦਿੱਤਾ।

ਉਸ ਰਾਤ ਜਦੋਂ ਮੈਂ ਘਰ ਪਹੁੰਚੀ, ਤਾਂ ਮੈਂ ਅਮਨਦੀਪ ਨੂੰ ਆਪਣੇ ਇੱਕ ਦੋਸਤ ਨਾਲ ਹੱਸਦੇ ਹੋਏ ਸੁਣਿਆ।

"ਮੇਰੀ ਸੱਸ ਬਹੁਤ ਭੋਲੀ ਹੈ ਬਾਈ। ਔਰਤ ਕੋਲ ਅੱਛਾ ਪੈਸਾ ਹੈ, ਅੰਮ੍ਰਿਤਸਰ 'ਚ ਜਿਸ ਇਲਾਕੇ ਵਿੱਚ ਘਰ ਹੈ, ਦੁਕਾਨ ਹੈ ਉਹ ਦਾ ਮੁੱਲ ਕਰੋੜ ਹੈ ... ਬੱਸ ਉਨ੍ਹਾਂ ਨੂੰ ਥੋੜ੍ਹਾ ਮੱਖਣ ਲਗਾਉਣਾ ਆਉਣਾ ਚਾਹੀਦਾ ਹੈ।"

ਦੂਜੇ ਆਦਮੀ ਨੇ ਹੱਸ ਕੇ ਕਿਹਾ, "ਅਜਿਹੀ ਸੱਸ ਮਿਲੇ ਤਾਂ ਕੋਈ ਵੀ ਤਰੱਕੀ ਕਰ ਜਾਵੇ।"

ਅਮਨਦੀਪ ਜ਼ੋਰ ਦੀ ਠਹਾਕਾ ਮਾਰ ਕੇ ਹੱਸਿਆ, "ਅਜੇ ਤਾਂ ਅਸਲੀ ਖੇਡ ਬਾਕੀ ਹੈ ਮੇਰੇ ਭਰਾ। ਵੱਡੀ ਮੱਛੀ ਨੂੰ ਹੌਲੀ-ਹੌਲੀ ਜਾਲ ਵਿੱਚ ਫਸਾਇਆ ਜਾਂਦਾ ਹੈ।"

ਮੈਂ ਗ੍ਰੋਸਰੀ ਦੇ ਥੈਲੇ ਹੱਥ ਵਿੱਚ ਲਈ ਘਰ ਦੇ ਬਾਹਰ ਖੜ੍ਹੀ ਰਹਿ ਗਈ। ਮੈਨੂੰ ਅਜਿਹਾ ਲੱਗਿਆ ਜਿਵੇਂ ਮੇਰੇ ਅੰਦਰ ਕੁਝ ਹਮੇਸ਼ਾ ਲਈ ਟੁੱਟ ਗਿਆ ਹੋਵੇ। ਪਰ ਜੋ ਕੁਝ ਮੈਂ ਹੁਣ ਤੱਕ ਸੁਣਿਆ ਸੀ, ਉਹ ਉਸ ਭਿਆਨਕ ਸੱਚ ਦੇ ਸਾਹਮਣੇ ਕੁਝ ਵੀ ਨਹੀਂ ਸੀ ਜੋ ਅੱਗੇ ਆਉਣ ਵਾਲਾ ਸੀ

ਕਰਮਜੀਤ ਕੌਰ ਦੇ ਹੱਥੋਂ ਰਾਸ਼ਨ ਦੇ ਥੈਲੇ ਛੁੱਟਣ ਹੀ ਵਾਲੇ ਸਨ, ਪਰ ਉਨ੍ਹਾਂ ਨੇ ਖੁਦ ਨੂੰ ਸੰਭਾਲਿਆ। ਉਹ ਚੁੱਪਚਾਪ ਆਪਣੇ ਕਮਰੇ ਵਿੱਚ ਚਲੀ ਗਈ। ਉਸ ਰਾਤ ਉਨ੍ਹਾਂ ਨੇ ਤੈਅ ਕਰ ਲਿਆ ਕਿ ਉਹ ਆਪਣੀ ਧੀ ਅਤੇ ਜਵਾਈ ਨਾਲ ਇਸ ਬਾਰੇ ਸਿੱਧੀ ਗੱਲ ਕਰਨਗੇ।

ਅਗਲੇ ਦਿਨ ਸ਼ਨੀਵਾਰ ਸੀ। ਅਮਨਦੀਪ ਅਤੇ ਪ੍ਰਭਜੋਤ ਘਰ ਹੀ ਸਨ। ਦੁਪਹਿਰ ਦੇ ਵਕਤ, ਜਦੋਂ ਫ਼ਤਿਹ ਉੱਪਰ ਆਪਣੇ ਕਮਰੇ ਵਿੱਚ ਸੌਂ ਰਿਹਾ ਸੀ, ਕਰਮਜੀਤ ਕੌਰ ਲਿਵਿੰਗ ਰੂਮ ਵਿੱਚ ਆਈ। ਉਨ੍ਹਾਂ ਦੇ ਚਿਹਰੇ 'ਤੇ ਪੰਜਾਬ ਦੀ ਉਸ ਅਣਖੀ ਮਹਿਲਾ ਦਾ ਤੇਜ਼ ਸੀ ਜਿਸਨੇ ਇਕੱਲੇ ਦਮ 'ਤੇ ਪੂਰੀ ਜ਼ਿੰਦਗੀ ਦਾ ਸਫ਼ਰ ਤੈਅ ਕੀਤਾ ਸੀ। ਉਨ੍ਹਾਂ ਨੇ ਟੇਬਲ 'ਤੇ ਬੈਂਕ ਦਾ ਉਹ ਸਟੇਟਮੈਂਟ ਰੱਖ ਦਿੱਤਾ ਜੋ ਉਨ੍ਹਾਂ ਨੇ ਸਵੇਰੇ ਹੀ ਆਨਲਾਈਨ ਕਢਵਾਇਆ ਸੀ।

ਪ੍ਰਭਜੋਤ, ਇਹ ਕੀ ਹੈ?" ਕਰਮਜੀਤ ਕੌਰ ਦੀ ਆਵਾਜ਼ ਵਿੱਚ ਇੱਕ ਅਜੀਬ ਜਿਹੀ ਖ਼ਾਮੋਸ਼ੀ ਸੀ।

ਪ੍ਰਭਜੋਤ ਨੇ ਜਿਵੇਂ ਹੀ ਉਸ ਕਾਗਜ਼ ਨੂੰ ਦੇਖਿਆ, ਉਸਦੇ ਚਿਹਰੇ ਦਾ ਰੰਗ ਉੱਡ ਗਿਆ। ਉਹ ਹਕਬਕਾ ਗਈ, "ਮੰਮੀ.. ਉਹ.. ਐਕਚੁਅਲੀ.."

ਤੱਦ ਹੀ ਅਮਨਦੀਪ ਆਪਣੀ ਕੌਫ਼ੀ ਦਾ ਮੱਗ ਲਈ ਉੱਥੇ ਆਇਆ। ਕਾਗਜ਼ ਦੇਖ ਕੇ ਉਸਦੇ ਚਿਹਰੇ 'ਤੇ ਸ਼ਿਕਨ ਤੱਕ ਨਹੀਂ ਆਈ। ਉਸਨੇ ਬੇਹੱਦ ਬੇਸ਼ਰਮੀ ਨਾਲ ਮੁਸਕਰਾਉਂਦੇ ਹੋਏ ਕਿਹਾ, "ਅਰੇ ਮੰਮੀ ਜੀ, ਤੁਸੀਂ ਤਾਂ ਬੇਕਾਰ ਵਿੱਚ ਪਰੇਸ਼ਾਨ ਹੋ ਰਹੇ ਹੋ। ਪ੍ਰਭਜੋਤ ਤੁਹਾਨੂੰ ਦੱਸਣ ਹੀ ਵਾਲੀ ਸੀ। ਇੱਥੇ ਅਮਰੀਕਾ ਵਿੱਚ ਟੈਕਸ ਬਚਾਉਣ ਅਤੇ ਲੋਨ ਅਪ੍ਰੂਵਲ ਲਈ ਸਾਨੂੰ ਇੱਕ ਕੋ-ਸਾਈਨਰ ਦੀ ਜ਼ਰੂਰਤ ਸੀ। ਅਤੇ ਵੈਸੇ ਵੀ, ਤੁਹਾਡੀ ਦੁਕਾਨ ਅਤੇ ਘਰ ਦੀ ਵਾਰਿਸ ਕੌਣ ਹੈ? ਪ੍ਰਭਜੋਤ ਹੀ ਨਾ? ਤਾਂ ਜੇ ਥੋੜ੍ਹਾ ਜਿਹਾ ਪੈਸਾ ਇੱਥੇ ਇਨਵੈਸਟ ਹੋ ਵੀ ਰਿਹਾ ਹੈ, ਤਾਂ ਇਸ ਵਿੱਚ ਬੁਰਾ ਕੀ ਹੈ?"

ਕਰਮਜੀਤ ਕੌਰ ਨੇ ਅਮਨਦੀਪ ਵੱਲ ਦੇਖਿਆ ਵੀ ਨਹੀਂ। ਉਨ੍ਹਾਂ ਨੇ ਸਿੱਧਾ ਪ੍ਰਭਜੋਤ ਦੀਆਂ ਅੱਖਾਂ ਵਿੱਚ ਅੱਖਾਂ ਪਾਈਆਂ, "ਪ੍ਰਭਜੋਤ, ਮੈਂ ਤੈਨੂੰ ਪੁੱਛ ਰਹੀ ਹਾਂ। ਕੀ ਤੈਨੂੰ ਪਤਾ ਸੀ ਕਿ ਮੇਰੇ ਖਾਤੇ ਚੋਂ ਹਰ ਮਹੀਨੇ ਇਹ ਰਕਮ ਕੱਟ ਰਹੀ ਹੈ? ਕੀ ਤੈਨੂੰ ਪਤਾ ਸੀ ਕਿ ਤੁਹਾਡੀ ਇਸ ਵੱਡੀ ਗੱਡੀ ਅਤੇ ਆਲੀਸ਼ਾਨ ਘਰ ਦੀਆਂ ਕਿਸ਼ਤਾਂ ਤੁਹਾਡੀ ਬੁੱਢੀ ਮਾਂ ਦੀ ਉਸ ਦੁਕਾਨ ਦੀ ਕਮਾਈ ਤੋਂ ਜਾ ਰਹੀਆਂ ਹਨ, ਜਿਸਨੂੰ ਮੈਂ ਆਪਣੇ ਖ਼ੂਨ-ਪਸੀਨੇ ਨਾਲ ਸਿੰਜਿਆ ਹੈ?"

ਪ੍ਰਭਜੋਤ ਨੇ ਨਜ਼ਰਾਂ ਚੁਰਾ ਲਈਆਂ, "ਮੰਮੀ, ਅਮਨਦੀਪ ਦਾ ਬਿਜ਼ਨਸ ਥੋੜ੍ਹਾ ਸਲੋ ਚੱਲ ਰਿਹਾ ਸੀ। ਸਾਨੂੰ ਇਸ ਘਰ ਦੀ ਸਖ਼ਤ ਜ਼ਰੂਰਤ ਸੀ, ਨਹੀਂ ਤਾਂ ਸਮਾਜ ਵਿੱਚ ਸਾਡੀ ਕੀ ਇੱਜ਼ਤ ਰਹਿ ਜਾਂਦੀ? ਤੁਸੀਂ ਤਾਂ ਵੈਸੇ ਵੀ ਉੱਥੇ ਇਕੱਲੇ ਰਹਿੰਦੇ ਹੋ, ਤੁਹਾਡੇ ਕੋਲ ਇੰਨੀ ਸੇਵਿੰਗਸ ਹਨ...

"ਇੱਜ਼ਤ?" ਕਰਮਜੀਤ ਕੌਰ ਦੇ ਬੁੱਲ੍ਹਾਂ ਤੋਂ ਇੱਕ ਕੌੜੀ ਮੁਸਕਾਨ ਨਿਕਲੀ। "ਇੱਜ਼ਤ ਕਮਾਉਣ ਲਈ ਆਪਣਿਆਂ ਨੂੰ ਲੁੱਟਿਆ ਨਹੀਂ ਜਾਂਦਾ, ਪ੍ਰਭਜੋਤ। ਅਤੇ ਅਮਨਦੀਪ." ਹੁਣ ਕਰਮਜੀਤ ਕੌਰ ਅਮਨਦੀਪ ਵੱਲ ਮੁੜੀ, "ਤੂੰ ਕੱਲ੍ਹ ਰਾਤ ਆਪਣੇ ਦੋਸਤ ਨੂੰ ਕਿਹਾ ਸੀ ਨਾ ਕਿ ਵੱਡੀ ਮੱਛੀ ਨੂੰ ਜਾਲ ਵਿੱਚ ਫਸਾਉਣਾ ਬਾਕੀ ਹੈ? ਉਹ ਅਗਲਾ ਖੇਡ ਕੀ ਹੈ ਤੇਰਾ?"

ਅਮਨਦੀਪ ਦਾ ਮੁਖੌਟਾ ਹੁਣ ਪੂਰੀ ਤਰ੍ਹਾਂ ਉਤਰ ਚੁੱਕਾ ਸੀ। ਉਸਨੇ ਟੇਬਲ 'ਤੇ ਇੱਕ ਹੋਰ ਦਸਤਾਵੇਜ਼ ਪਟਕਿਆ। ਉਹ ਅੰਮ੍ਰਿਤਸਰ ਦੇ ਮਕਾਨ ਅਤੇ ਦੁਕਾਨ ਦੇ 'ਪਾਵਰ ਆਫ਼ ਅਟਾਰਨੀ' ਅਤੇ ਟ੍ਰਾਂਸਫਰ ਪੇਪਰ ਸਨ।

ਅਮਨਦੀਪ ਨੇ ਠੰਢੇ ਲਹਿਜੇ ਵਿੱਚ ਕਿਹਾ, "ਦੇਖੋ ਮੰਮੀ ਜੀ, ਸਿੱਧੇ ਸ਼ਬਦਾਂ ਵਿੱਚ ਸਮਝੋ। ਫ਼ਤਿਹ ਦੇ ਭਵਿੱਖ ਲਈ ਸਾਨੂੰ ਇੱਥੇ ਇੱਕ ਨਵਾਂ ਵੈਂਚਰ ਸ਼ੁਰੂ ਕਰਨਾ ਹੈ। ਪੰਜਾਬ ਵਿੱਚ ਜੋ ਤੁਹਾਡੀ ਪ੍ਰਾਪਰਟੀ ਹੈ, ਉਹ ਉੱਥੇ ਬੇਕਾਰ ਪਈ ਹੈ। ਤੁਸੀਂ ਵੈਸੇ ਵੀ ਹੁਣ ਬੁੱਢੇ ਹੋ ਰਹੇ ਹੋ, ਇਕੱਲੇ ਕਦੋਂ ਤੱਕ ਸੰਭਾਲੋਗੇ? ਤੁਸੀਂ ਇਨ੍ਹਾਂ ਪੇਪਰਾਂ 'ਤੇ ਸਾਈਨ ਕਰ ਦਿਓ। ਤੁਸੀਂ ਇੱਥੇ ਹੀ ਸਾਡੇ ਨਾਲ ਰਹੋ, ਫ਼ਤਿਹ ਨੂੰ ਸੰਭਾਲੋ, ਘਰ 'ਤੇ ਰਾਜ ਕਰੋ। ਵੈਸੇ ਵੀ ਇੰਡੀਆ ਵਾਪਸ ਜਾ ਕੇ ਤੁਸੀਂ ਕਰੋਗੇ ਵੀ ਕੀ?"

"ਤੇ ਜੇ ਮੈਂ ਸਾਈਨ ਨਾ ਕਰਾਂ ਤਾਂ?" ਕਰਮਜੀਤ ਕੌਰ ਨੇ ਪੁੱਛਿਆ।

ਅਮਨਦੀਪ ਨੇ ਇੱਕ ਕਰੂਰ ਮੁਸਕਾਨ ਦੇ ਨਾਲ ਪ੍ਰਭਜੋਤ ਵੱਲ ਦੇਖਿਆ। ਪ੍ਰਭਜੋਤ ਚੁੱਪ ਖੜ੍ਹੀ ਰਹੀ, ਉਸਨੇ ਆਪਣੀ ਮਾਂ ਦੇ ਪੱਖ ਵਿੱਚ ਇੱਕ ਸ਼ਬਦ ਵੀ ਨਹੀਂ ਕਿਹਾ। ਅਮਨਦੀਪ ਬੋਲਿਆ, "ਜੇ ਤੁਸੀਂ ਸਾਈਨ ਨਹੀਂ ਕਰੋਗੇ, ਤਾਂ ਸਾਨੂੰ ਫ਼ਤਿਹ ਦੀ ਪਰਵਰਿਸ਼ ਲਈ ਇਹ ਘਰ ਵੇਚਣਾ ਪਵੇਗਾ, ਅਤੇ ਸ਼ਾਇਦ ਅਸੀਂ ਕਦੇ ਇੰਡੀਆ ਵਾਪਸ ਵੀ ਨਾ ਆ ਸਕੀਏ। ਤੁਸੀਂ ਆਪਣੇ ਦੋਹਤੇ ਤੋਂ ਹਮੇਸ਼ਾ ਲਈ ਦੂਰ ਹੋ ਜਾਓਗੇ। ਫ਼ੈਸਲਾ ਤੁਹਾਡਾ ਹੈ।"

ਕਰਮਜੀਤ ਕੌਰ ਨੂੰ ਲੱਗਿਆ ਜਿਵੇਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੋਵੇ। ਜਿਸ ਧੀ ਨੂੰ ਉਨ੍ਹਾਂ ਨੇ ਉਂਗਲੀ ਫੜ ਕੇ ਤੁਰਨਾ ਸਿਖਾਇਆ, ਉਹ ਅੱਜ ਇੱਕ ਅਜਨਬੀ ਦੇ ਲਾਲਚ ਦੇ ਸਾਹਮਣੇ ਮੂਕਦਰਸ਼ਕ ਬਣੀ ਖੜ੍ਹੀ ਸੀ। ਫ਼ਤਿਹ ਦਾ ਵਾਸਤਾ ਦੇ ਕੇ ਉਨ੍ਹਾਂ ਨੂੰ ਬਲੈਕਮੇਲ ਕੀਤਾ ਜਾ ਰਿਹਾ ਸੀ।

ਉਸ ਰਾਤ, ਕਰਮਜੀਤ ਕੌਰ ਦੇ ਜੀਵਨ ਦਾ ਸਭ ਤੋਂ ਹਨੇਰਾ ਸਮਾਂ ਸੀ। ਉਹ ਆਪਣੇ ਕਮਰੇ ਵਿੱਚ ਫ਼ਤਿਹ ਨੂੰ ਨਹਾਉਣ ਅਤੇ ਸੁਲਾਉਣ ਦੀ ਤਿਆਰੀ ਕਰ ਰਹੀ ਸੀ। ਉਨ੍ਹਾਂ ਦਾ ਦਿਲ ਭਾਰੀ ਸੀ, ਅੱਖਾਂ ਸੁੱਜ ਚੁੱਕੀਆਂ ਸਨ।

ਤੱਦ ਹੀ ਫ਼ਤਿਹ ਟੱਬ ਵਿੱਚ ਪਾਣੀ ਨਾਲ ਖੇਡਦੇ ਹੋਏ ਅਚਾਨਕ ਰੁਕਿਆ। ਉਸਨੇ ਕਰਮਜੀਤ ਕੌਰ ਦੇ ਹੰਝੂਆਂ ਨਾਲ ਭਿੱਜੇ ਚਿਹਰੇ ਵੱਲ ਦੇਖਿਆ। ਆਪਣੀ ਛੋਟੀ ਜਿਹੀ ਉਂਗਲੀ ਕਰਮਜੀਤ ਕੌਰ ਦੇ ਗੱਲ੍ਹਾਂ 'ਤੇ ਫੇਰਦੇ ਹੋਏ ਉਸਨੇ ਮਾਸੂਮੀਅਤ ਨਾਲ ਪੁੱਛਿਆ:

"ਨਾਨੀ ਮਾਂ, ਡੈਡੀ ਕਹਿ ਰਹੇ ਸੀ ਕਿ ਜਦੋਂ ਤੁਸੀਂ ਇਸ ਪੇਪਰ 'ਤੇ ਆਪਣਾ ਅੰਗੂਠਾ ਲਗਾ ਦਿਓਗੇ, ਤਾਂ ਅਸੀਂ ਤੁਹਾਨੂੰ ਵਾਪਸ ਇੰਡੀਆ ਦੇ ਓਲਡ ਏਜ ਹੋਮ (ਬਿਰਧ ਆਸ਼ਰਮ) ਭੇਜ ਦੇਵਾਂਗੇ। ਕੀ ਤੁਸੀਂ ਮੈਨੂੰ ਛੱਡ ਕੇ ਚਲੇ ਜਾਓਗੇ?"

ਫ਼ਤਿਹ ਦੇ ਇਨ੍ਹਾਂ ਸ਼ਬਦਾਂ ਨੇ ਕਰਮਜੀਤ ਕੌਰ ਦੇ ਜਿਸਮ ਵਿੱਚ ਇੱਕ ਕੰਬਣੀ ਪੈਦਾ ਕਰ ਦਿੱਤੀ। ਉਨ੍ਹਾਂ ਦਾ ਖ਼ੂਨ ਜੰਮ ਗਿਆ। ਅਮਨਦੀਪ ਦਾ ਅਸਲੀ ਪਲਾਨ ਇਹ ਸੀ ਉਹ ਸਿਰਫ਼ ਪ੍ਰਾਪਰਟੀ ਨਹੀਂ ਹੜੱਪ ਰਿਹਾ ਸੀ, ਬਲਕਿ ਫ਼ਤਿਹ ਦੀ ਦੇਖਭਾਲ ਦਾ ਮੁਫ਼ਤ ਦਾ ਜ਼ਰੀਆ ਖ਼ਤਮ ਹੁੰਦੇ ਹੀ, ਉਹ ਕਰਮਜੀਤ ਕੌਰ ਨੂੰ ਹਮੇਸ਼ਾ ਲਈ ਇੱਕ ਬਿਰਧ ਆਸ਼ਰਮ ਵਿੱਚ ਸੁੱਟਣ ਦੀ ਤਿਆਰੀ ਕਰ ਚੁੱਕਾ ਸੀ। ਅਤੇ ਸਭ ਤੋਂ ਦਰਦਨਾਕ ਗੱਲ ਇਹ ਸੀ ਕਿ ਪ੍ਰਭਜੋਤ ਨੂੰ ਇਸ ਯੋਜਨਾ ਦਾ ਪਤਾ ਸੀ, ਫਿਰ ਵੀ ਉਸਨੇ ਮਾਂ ਨੂੰ ਬਚਾਉਣ ਲਈ ਕੁਝ ਨਹੀਂ ਕੀਤਾ।

ਉਸ ਮਾਸੂਮ ਬੱਚੇ ਦੀ ਗੱਲ ਸੁਣ ਕੇ ਕਰਮਜੀਤ ਕੌਰ ਦੇ ਭੀਤਰ ਦੀ ਮਮਤਾ ਪਲ ਭਰ ਵਿੱਚ ਇੱਕ ਚੱਟਾਨ ਵਰਗੀ ਦ੍ਰਿੜ੍ਹਤਾ ਵਿੱਚ ਬਦਲ ਗਈ। ਉਨ੍ਹਾਂ ਨੇ ਫ਼ਤਿਹ ਨੂੰ ਗਲੇ ਨਾਲ ਲਗਾਇਆ ਅਤੇ ਹੌਲੀ ਦੇਣੇ ਕਿਹਾ, "ਨਹੀਂ ਮੇਰੇ ਬੱਚੇ, ਨਾਨੀ ਮਾਂ ਕਿਧਰੇ ਨਹੀਂ ਜਾ ਰਹੀ।"

ਅਗਲੀ ਸਵੇਰ, ਘਰ ਵਿੱਚ ਅਜੀਬ ਜਿਹੀ ਖ਼ਾਮੋਸ਼ੀ ਸੀ। ਅਮਨਦੀਪ ਅਤੇ ਪ੍ਰਭਜੋਤ ਲਿਵਿੰਗ ਰੂਮ ਵਿੱਚ ਬੈਠੇ ਕੌਫ਼ੀ ਪੀ ਰਹੇ ਸੀ ਅਤੇ ਇਸ ਗੱਲ ਦਾ ਜਸ਼ਨ ਮਨਾ ਰਹੇ ਸੀ ਕਿ ਫ਼ਤਿਹ ਦੇ ਇਮੋਸ਼ਨਲ ਡਰਾਮੇ ਤੋਂ ਬਾਅਦ ਕਰਮਜੀਤ ਕੌਰ ਟੁੱਟ ਚੁੱਕੀ ਹੋਵੇਗੀ ਅਤੇ ਹੁਣ ਪੇਪਰਾਂ 'ਤੇ ਸਾਈਨ ਕਰ ਦੇਵੇਗੀ।

ਕਰਮਜੀਤ ਕੌਰ ਸੀੜ੍ਹੀਆਂ ਤੋਂ ਨੀਚੇ ਆਈ। ਉਨ੍ਹਾਂ ਦੇ ਹੱਥ ਵਿੱਚ ਉਨ੍ਹਾਂ ਦੇ ਤਿੰਨੋਂ ਵੱਡੇ ਸੂਟਕੇਸ ਸਨ। ਉਹ ਪੂਰੀ ਤਰ੍ਹਾਂ ਤਿਆਰ ਸੀ—ਵਹੀ ਪੰਜਾਬੀ ਸੂਟ, ਸਿਰ 'ਤੇ ਦੁਪੱਟਾ ਅਤੇ ਅੱਖਾਂ ਵਿੱਚ ਆਤਮਸੰਮਾਨ ਦੀ ਇੱਕ ਅਟੁੱਟ ਚਮਕ।

ਅਮਨਦੀਪ ਉੱਠ ਖੜ੍ਹਾ ਹੋਇਆ, "ਇਹ ਕੀ ਹੈ ਕਰਮਜੀਤ ਜੀ? ਤੁਸੀਂ ਕਿਧਰੇ ਜਾ ਰਹੇ ਹੋ? ਪੇਪਰ ਕਿੱਥੇ ਹਨ?"

ਕਰਮਜੀਤ ਕੌਰ ਨੇ ਆਪਣੇ ਬੈਗ ਚੋਂ ਇੱਕ ਲਿਫ਼ਾਫ਼ਾ ਕੱਢਿਆ ਅਤੇ ਟੇਬਲ 'ਤੇ ਰੱਖ ਦਿੱਤਾ।

— "ਪੇਪਰ ਇੱਥੇ ਹਨ ਅਮਨਦੀਪ," ਕਰਮਜੀਤ ਕੌਰ ਨੇ ਸ਼ਾਂਤ ਪਰ ਕੜਕ ਆਵਾਜ਼ ਵਿੱਚ ਕਿਹਾ। "ਪਰ ਇਹ ਉਹ ਪੇਪਰ ਨਹੀਂ ਹਨ ਜੋ ਤੂੰ ਚਾਹੁੰਦਾ ਸੀ। ਇਹ ਉਹ ਲੀਗਲ ਨੋਟਿਸ ਹੈ ਜੋ ਮੈਂ ਸਵੇਰੇ-ਸਵੇਰੇ ਆਪਣੇ ਵਕੀਲ ਦੇ ਜ਼ਰੀਏ ਇੰਡੀਆ ਦੇ ਬੈਂਕ ਨੂੰ ਭੇਜਿਆ ਹੈ। ਤੁਹਾਡੀ 'ਆਰਜ਼ੀ ਮਦਦ' ਦਾ ਜੋ ਫ੍ਰਾਡ ਤੁਸੀਂ ਮੇਰੇ ਨਾਲ ਕੀਤਾ ਸੀ, ਉਸਨੂੰ ਮੈਂ ਤੁਰੰਤ ਪ੍ਰਭਾਵ ਨਾਲ ਬਲਾਕ ਕਰਵਾ ਦਿੱਤਾ ਹੈ। ਹੁਣ ਮੇਰੇ ਖਾਤੇ ਚੋਂ ਇੱਕ ਰੁਪਿਆ ਵੀ ਤੁਹਾਡੇ ਇਸ ਮਕਾਨ ਦੀ ਕਿਸ਼ਤ ਲਈ ਨਹੀਂ ਜਾਵੇਗਾ।"

ਅਮਨਦੀਪ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਗਿਆ, "ਤੁਹਾਡੀ ਹਿੰਮਤ ਕਿਵੇਂ ਹੋਈ! ਤੁਸੀਂ ਸਾਡੀ ਜ਼ਿੰਦਗੀ ਬਰਬਾਦ ਕਰ ਰਹੇ ਹੋ!"

— "ਜ਼ਿੰਦਗੀ ਤੁਸੀਂ ਆਪਣੀ ਖੁਦ ਬਰਬਾਦ ਕੀਤੀ ਹੈ, ਅਮਨਦੀਪ। ਲਾਲਚ ਦਾ ਅੰਤ ਹਮੇਸ਼ਾ ਇਹੀ ਹੁੰਦਾ ਹੈ," ਕਰਮਜੀਤ ਕੌਰ ਨੇ ਕਿਹਾ।

ਫਿਰ ਉਹ ਪ੍ਰਭਜੋਤ ਵੱਲ ਮੁੜੀ, ਜੋ ਹੁਣ ਰੋਣ ਲੱਗ ਪਈ ਸੀ। "ਪ੍ਰਭਜੋਤ, ਮੈਂ ਤੈਨੂੰ ਪਾਲਣ ਲਈ ਆਪਣੀ ਪੂਰੀ ਜ਼ਿੰਦਗੀ ਲਗਾ ਦਿੱਤੀ। ਮੈਨੂੰ ਲੱਗਿਆ ਸੀ ਕਿ ਮੈਂ ਆਪਣੀ ਧੀ ਦੇ ਘਰ ਆਈ ਹਾਂ, ਪਰ ਮੈਨੂੰ ਇੱਥੇ ਸਿਰਫ਼ ਇੱਕ ਮੁਫ਼ਤ ਦੀ ਨੌਕਰਾਨੀ ਅਤੇ ਇੱਕ ਬੈਂਕ ਲਾਕਰ ਦੀ ਤਰ੍ਹਾਂ ਇਸਤੇਮਾਲ ਕੀਤਾ ਗਿਆ। ਤੂੰ ਮੇਰੀ ਮਮਤਾ ਦਾ ਸੌਦਾ ਕਰ ਲਿਆ, ਪ੍ਰਭਜੋਤ। ਇੱਕ ਮਾਂ ਸਭ ਕੁਝ ਬਰਦਾਸ਼ਤ ਕਰ ਸਕਦੀ ਹੈ, ਪਰ ਆਪਣੇ ਹੀ ਬੱਚੇ ਦਾ ਵਿਸ਼ਵਾਸਘਾਤ ਨਹੀਂ।"

"ਮੰਮੀ, ਪਲੀਜ਼ ਮੈਨੂੰ ਮਾਫ਼ ਕਰ ਦਿਓ... ਅਮਨਦੀਪ ਨੇ ਮੈਨੂੰ ਕਿਹਾ ਸੀ ਕਿ..." ਪ੍ਰਭਜੋਤ ਨੇ ਉਨ੍ਹਾਂ ਦਾ ਹੱਥ ਫੜਨ ਦੀ ਕੋਸ਼ਿਸ਼ ਕੀਤੀ।

ਕਰਮਜੀਤ ਕੌਰ ਨੇ ਆਪਣਾ ਹੱਥ ਪਿੱਛੇ ਖਿੱਚ ਲਿਆ। "ਹੁਣ ਬਹੁਤ ਦੇਰ ਹੋ ਚੁੱਕੀ ਹੈ। ਅੰਮ੍ਰਿਤਸਰ ਦਾ ਘਰ ਅਤੇ ਦੁਕਾਨ ਮੇਰੀ ਮਿਹਨਤ ਦੀ ਕਮਾਈ ਹੈ, ਅਤੇ ਉਹ ਹਮੇਸ਼ਾ ਮੇਰੀ ਹੀ ਰਹੇਗੀ। ਫ਼ਤਿਹ ਦੇ ਹਿੱਸੇ ਦਾ ਪਿਆਰ ਮੇਰੇ ਦਿਲ ਵਿੱਚ ਹਮੇਸ਼ਾ ਰਹੇਗਾ, ਪਰ ਤੁਹਾਡੇ ਇਸ ਜਾਲ ਵਿੱਚ ਫਸਣ ਲਈ ਮੇਰੇ ਕੋਲ ਹੁਣ ਉਮਰ ਨਹੀਂ ਬਚੀ।"

ਤੱਦ ਹੀ ਬਾਹਰ ਇੱਕ ਗੱਡੀ ਦੇ ਹਾਰਨ ਦੀ ਆਵਾਜ਼ ਸੁਣਾਈ ਦਿੱਤੀ। ਕਰਮਜੀਤ ਕੌਰ ਨੇ ਆਪਣੀ ਘੜੀ ਦੇਖੀ।

"ਮੇਰੀ ਟੈਕਸੀ ਆ ਗਈ ਹੈ। ਜੇਐੱਫਕੇ ਏਅਰਪੋਰਟ ਤੋਂ ਅੱਜ ਸ਼ਾਮ ਦੀ ਮੇਰੀ ਅੰਮ੍ਰਿਤਸਰ ਦੀ ਫਲਾਈਟ ਹੈ।"

ਅਮਨਦੀਪ ਨੇ ਚਿੱਲਾ ਕੇ ਕਿਹਾ, "ਤੁਸੀਂ ਇੰਨੀ ਆਸਾਨੀ ਨਾਲ ਨਹੀਂ ਜਾ ਸਕਦੇ! ਫ਼ਤਿਹ ਦਾ ਕੀ ਹੋਵੇਗਾ? ਘਰ ਦਾ ਕੀ ਹੋਵੇਗਾ?"

ਕਰਮਜੀਤ ਕੌਰ ਮੁੱਖ ਦਰਵਾਜ਼ੇ ਵੱਲ ਵਧੀ, ਉਨ੍ਹਾਂ ਨੇ ਮੁੜ ਕੇ ਆਖ਼ਰੀ ਵਾਰ ਉਸ ਆਲੀਸ਼ਾਨ ਪਰ ਖੋਖਲੇ ਘਰ ਨੂੰ ਦੇਖਿਆ।

ਤੁਹਾਡੀਆਂ ਕਿਸ਼ਤਾਂ ਅਤੇ ਤੁਹਾਡੀਆਂ ਜ਼ਿੰਮੇਵਾਰੀਆਂ ਹੁਣ ਤੁਸੀਂ ਜਾਣੋ, ਅਮਨਦੀਪ। ਅਤੇ ਹਾਂ... ਅੰਮ੍ਰਿਤਸਰ ਵਿੱਚ ਠੰਢ ਹੋਵੇ ਜਾਂ ਗਰਮੀ, ਉੱਥੇ ਮੇਰਾ ਹਾਲ ਪੁੱਛਣ ਵਾਲੇ ਲੋਕ (ਗੁਰਮੁਖ ਸਿੰਘ ਜੀ) ਅੱਜ ਵੀ ਮੇਰਾ ਇੰਤਜ਼ਾਰ ਕਰ ਰਹੇ ਹਨ।"

ਕਰਮਜੀਤ ਕੌਰ ਨੇ ਦਰਵਾਜ਼ਾ ਬੰਦ ਕੀਤਾ ਅਤੇ ਬਾਹਰ ਆ ਗਈ। ਨਿਊਯਾਰਕ ਦੀ ਠੰਢੀ ਹਵਾ ਉਨ੍ਹਾਂ ਦੇ ਚਿਹਰੇ ਨੂੰ ਛੂਹ ਰਹੀ ਸੀ, ਪਰ ਇਸ ਵਾਰ ਉਨ੍ਹਾਂ ਦਾ ਖ਼ੂਨ ਜੰਮਿਆ ਹੋਇਆ ਨਹੀਂ ਸੀ। ਉਨ੍ਹਾਂ ਦੇ ਸੀਨੇ ਵਿੱਚ ਗੁਰੂ ਕੀ ਨਗਰੀ ਅੰਮ੍ਰਿਤਸਰ ਵਰਗੀ ਇੱਕ ਅਸੀਮ ਸ਼ਾਂਤੀ ਅਤੇ ਆਤਮਸੰਮਾਨ ਦੀ ਗਰਮਾਹਟ ਸੀ। ਉਹ ਆਪਣੇ ਵਤਨ, ਆਪਣੀ ਆਜ਼ਾਦੀ ਅਤੇ ਆਪਣੇ ਸਵੈ-ਮਾਨ ਕੋਲ ਵਾਪਸ ਲੌਟ ਰਹੀ ਸੀ।

# ਜੀ7 ਸੰਮੇਲਨ ਦੇ ਵਿਰੋਧ ਲਈ ਜਨੇਵਾ ’ਚ ਹਜ਼ਾਰਾਂ ਲੋਕ ਇਕੱਤਰ




ਜਨੇਵਾ ਵਿੱਚ ਸੋਮਵਾਰ ਤੋਂ ਸ਼ੁਰੂ ਹੋ ਰਹੇ ਜੀ7 ਸਿਖਰ ਸੰਮੇਲਨ ਖਿਲਾਫ਼ ਰੋਸ ਜਤਾਉਣ ਲਈ ਹਜ਼ਾਰਾਂ ਲੋਕ ਇਕੱਤਰ ਹੋਏ। ਪ੍ਰਦਰਸ਼ਨਕਾਰੀਆਂ ਵਿੱਚ ਵਾਤਾਵਰਨ ਕਾਰਕੁਨ, ਨਾਰੀਵਾਦੀ, ਪੂੰਜੀਵਾਦ ਦੇ ਵਿਰੋਧੀ, ਫ਼ਲਸਤੀਨੀ ਹੱਕਾਂ ਦੇ ਹਮਾਇਤੀ ਤੇ ਹੋਰ ਕਾਰਕੁਨ ਸਮੂਹ ਸ਼ਾਮਲ ਸਨ। ਸੋਮਵਾਰ ਤੋਂ ਸ਼ੁਰੂ ਹੋ ਰਹੇ ਜੀ7 ਸਿਖਰ ਸੰਮੇਲਨ ਤੋਂ ਪਹਿਲਾਂ ਹੋਣ ਵਾਲੇ ਪ੍ਰਦਰਸ਼ਨਾਂ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਡਾਊਨਟਾਊਨ ਵਿਚਲੇ ਦੁਕਾਨਦਾਰਾਂ ਤੇ ਕਾਰੋਬਾਰੀਆਂ ਨੇ ਆਪੋ-ਆਪਣੀਆਂ ਦੁਕਾਨਾਂ ਅੱਗੇ ਲੱਕੜ ਦੇ ਪੈਨਲ ਲਗਾਏ ਹਨ। ਕਾਰੋਬਾਰੀ ਤੇ ਸਥਾਨਕ ਆਗੂ 2003 ਵਿੱਚ ਜੀ8 ਸੰਮੇਲਨ ਮੌਕੇ ਸਟੋਰਾਂ ਦੀ ਭੰਨਤੋੜ ਵਾਲੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਦੁਹਰਾਓ ਤੋਂ ਫਿਕਰਮੰਦ ਹਨ।

ਉਦੋਂ ਰੂਸ ਵੀ ਜੀ8 ਦਾ ਹਿੱਸਾ ਸੀ।ਸੰਮੇਲਨ ’ਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਹੋਰਨਾਂ ਆਗੂਆਂ ਦੀ ਮੌਜੂਦਗੀ ਦੇ ਮੱਦੇਨਜ਼ਰ ਫਰੈਂਚ ਤੇ ਸਵਿਸ ਅਥਾਰਿਟੀਜ਼ ਨੇ ਸੁਰੱਖਿਆ ਦੇ ਪੁਖਤਾ ਉਪਰਾਲੇ ਕੀਤੇ ਹਨ। 15 ਜੂਨ ਤੋਂ ਸ਼ੁਰੂ ਹੋਣ ਵਾਲੀ ਵਾਰਤਾ ਐਤਕੀਂ ਜਨੇਵਾ ਝੀਲ ਕੰਢੇ ਵਸੇ ਫਰਾਂਸ ਦੇ ਐਵੀਅਨ-ਲੇਸ-ਬੈਂਸ ਸ਼ਹਿਰ ਵਿੱਚ ਹੋ ਰਹੀ ਹੈ। ਸੰਮੇਲਨ ਦੌਰਾਨ ਮੱਧ ਪੂਰਬ, ਯੂਕਰੇਨ ਤੇ ਆਲਮੀ ਆਰਥਿਕ ਅਸੰਤੁਲਨ ਉੱਤੇ ਚਰਚਾ ਹੋਵੇਗੀ।

ਸ਼ਨਿੱਚਰਵਾਰ ਨੂੰ ਐਵੀਅਨ ਦੇ ਤੱਟ ਤੋਂ ਦੂਰ ਜਨੇਵਾ ਝੀਲ ਉੱਤੇ ਕਰੀਬ 20 ਕਿਸ਼ਤੀਆਂ ਦਾ ਬੇੜਾ ਦਿਖਾਈ ਦਿੱਤਾ, ਜਿਸ ਵਿੱਚ ਜੀ7 ਵਿਰੋਧੀ ਅਤੇ ਫ਼ਲਸਤੀਨ ਪੱਖੀ ਬੈਨਰ ਸਨ। ਸਵਿਸ ਮੀਡੀਆ ਰਿਪੋਰਟਾਂ ਅਨੁਸਾਰ ਸ਼ੁੱਕਰਵਾਰ ਸ਼ਾਮੀਂ ਕਰੀਬ 20 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸ ਤੋਂ ਪਹਿਲਾਂ ਸਰਕਾਰੀ ਬਰਾਡਕਾਸਟਰ ਆਰ ਟੀ ਐੱਸ ਦੀ ਰਿਪੋਰਟ ਅਨੁਸਾਰ 100 ਤੋਂ 150 ਦੇ ਵਿਚਕਾਰ ਲੋਕਾਂ ਨੇ ਜਨੇਵਾ ਵਿੱਚ ਸਾਈਕਲ ਮਾਰਚ ਰਾਹੀਂ ਰੋਸ ਜਤਾਇਆ। ਉਨ੍ਹਾਂ ਜੀ7 ਵਿਰੋਧੀ ਅਤੇ ਫਲਸਤੀਨ ਪੱਖੀ ਨਾਅਰੇ ਲਗਾਏ।

ਉੱਧਰ, ਸਵਿਸ ਸਰਕਾਰ ਨੇ ਕਿਹਾ ਕਿ ਉਹ ਸਿਖਰ ਸੰਮੇਲਨ ਦੌਰਾਨ ਪੁਲੀਸ ਦੀ ਮਦਦ ਲਈ 4000 ਜਵਾਨਾਂ ਦਾ ਅਮਲਾ ਤਾਇਨਾਤ ਕਰੇਗੀ। ਇਹਤਿਆਤ ਵਜੋਂ ਜਨੇਵਾ ਝੀਲ ’ਤੇ ਗਸ਼ਤ ਵਧਾ ਦਿੱਤੀ ਗਈ ਹੈ ਜਦੋਂਕਿ ਹਵਾਈ ਖੇਤਰ ਤੇ ਸੜਕੀ ਰੂਟ ’ਤੇ ਪਾਬੰਦੀਆਂ ਆਇਦ ਰਹਿਣਗੀਆਂ। ਫਰਾਂਸ ਨੇ ਸੰਮੇਲਨ ਵਾਲੇ ਖੇਤਰ ਵਿੱਚ ਸੁਰੱਖਿਆ ਲਈ 13000 ਤੋਂ ਵੱਧ ਪੁਲੀਸ ਮੁਲਾਜ਼ਮ ਤੇ ਹੋਰ ਅਮਲਾ ਤਾਇਨਾਤ ਕੀਤਾ ਹੈ।

# ਸਿੰਧੂ ਆਸਟਰੇਲੀਆ ਓਪਨ ਦੇ ਸੈਮੀਫਾਈਨਲ ’ਚ ਹਾਰੀ

ਦੋ ਵਾਰ ਓਲੰਪਿਕ ਤਗ਼ਮਾ ਜੇਤੂ ਪੀ ਵੀ ਸਿੰਧੂ ਅੱਜ ਆਸਟਰੇਲੀਆ ਬੈਡਮਿੰਟਨ ਓਪਨ ਦੇ ਸੈਮੀਫਾਈਨਲ ਵਿੱਚ ਜਾਪਾਨ ਦੀ ਅਕਾਨੇ ਯਾਮਾਗੁਚੀ ਤੋਂ ਸਿੱਧੇ ਸੈੱਟਾਂ ਵਿੱਚ ਹਾਰ ਗਈ। ਦੁਨੀਆ ਦੀ ਸਾਬਕਾ ਅੱਵਲ ਖਿਡਾਰਨ ਸਿੰਧੂ ਨੂੰ ਇੱਥੇ ਤੀਜੀ ਦਰਜਾਬੰਦੀ ਮਿਲੀ ਸੀ। ਉਸ ਨੇ ਪਹਿਲੀ ਗੇਮ ਵਿੱਚ ਸਖ਼ਤ ਟੱਕਰ ਦਿੱਤੀ ਪਰ 43 ਮਿੰਟ ਤੱਕ ਚੱਲੇ ਮੁਕਾਬਲੇ ਵਿੱਚ ਦੁਨੀਆ ਦੀ ਤੀਜੇ ਨੰਬਰ ਦੀ ਖਿਡਾਰਨ ਯਾਮਾਗੁਚੀ ਤੋਂ 20-22, 12-21 ਨਾਲ ਹਾਰ ਗਈ।

ਸਿੰਧੂ ਦੇ ਬਾਹਰ ਹੋਣ ਨਾਲ ਹੀ ਇਸ ਬੀ ਡਬਲਿਊ ਐੱਫ ਵਿਸ਼ਵ ਟੂਰ ਸੁਪਰ 500 ਟੂਰਨਾਮੈਂਟ ਵਿੱਚ ਭਾਰਤ ਦੀ ਚੁਣੌਤੀ ਖ਼ਤਮ ਹੋ ਗਈ ਹੈ। ਇਸ ਹਾਰ ਨਾਲ ਸਿੰਧੂ ਦਾ ਯਾਮਾਗੁਚੀ ਖ਼ਿਲਾਫ਼ ਹਾਲੀਆ ਸੰਘਰਸ਼ ਜਾਰੀ ਰਿਹਾ। ਹਾਲਾਂਕਿ, ਜਿੱਤ ਦੇ ਰਿਕਾਰਡ ਵਿੱਚ ਭਾਰਤੀ ਖਿਡਾਰਨ ਹਾਲੇ ਵੀ 15-13 ਨਾਲ ਅੱਗੇ ਹੈ।

# ਤੀਰਅੰਦਾਜ਼ਾਂ ਧੀਰਜ ਤੇ ਕੁਮਕੁਮ ਨੇ ਸੋਨ ਤਗ਼ਮਾ ਜਿੱਤਿਆ



ਭਾਰਤੀ ਰਿਕਰਵ ਤੀਰਅੰਦਾਜ਼ਾਂ ਨੇ ਵਿਸ਼ਵ ਪੱਧਰ ’ਤੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦਿਆਂ ਅੱਜ ਇੱਥੇ ਤੀਰਅੰਦਾਜ਼ੀ ਵਿਸ਼ਵ ਕੱਪ ਦੇ ਤੀਜੇ ਗੇੜ ਵਿੱਚ ਓਲੰਪੀਅਨ ਧੀਰਜ ਬੋਮਾਦੇਵਰਾ ਅਤੇ ਕੁਮਕੁਮ ਮੋਹੋਦ ਨੇ ਓਲੰਪਿਕ ਚੈਂਪੀਅਨ ਦੱਖਣੀ ਕੋਰੀਆ ਨੂੰ ਹਰਾ ਕੇ ਮਿਕਸਡ ਟੀਮ ਮੁਕਾਬਲੇ ਦਾ ਸੋਨ ਤਗ਼ਮਾ ਜਿੱਤਿਆ। ਭਾਰਤੀ ਜੋੜੀ ਨੇ ਫਾਈਨਲ ਵਿੱਚ ਕਿਮ ਜੇ ਦਿਓਕ ਅਤੇ ਓਹ ਯੇ ਜਿਨ ਨੂੰ 5-1 (37-36, 37-36, 39-39) ਨਾਲ ਹਰਾਇਆ। ਉਨ੍ਹਾਂ ਨੇ ਦੁਨੀਆ ਦੀਆਂ ਸਭ ਤੋਂ ਸਫਲ ਜੋੜੀਆਂ ਵਿੱਚੋਂ ਇੱਕ ਖ਼ਿਲਾਫ਼ ਗਜ਼ਬ ਦਾ ਸੰਜਮ ਅਤੇ ਜਜ਼ਬਾ ਦਿਖਾਇਆ।ਕੁਮਕੁਮ (17) ਨੇ ਕਿਹਾ ਕਿ ਉਨ੍ਹਾਂ ਨੇ ਵਿਰੋਧੀ ਟੀਮ ਦੀ ਬਜਾਏ ਆਪਣੇ ਪ੍ਰਦਰਸ਼ਨ ’ਤੇ ਧਿਆਨ ਦਿੱਤਾ। ਉਨ੍ਹਾਂ ਕਿਹਾ, ‘‘ਮੈਨੂੰ ਖੁਦ ’ਤੇ ਪੂਰਾ ਭਰੋਸਾ ਸੀ। ਮੈਂ ਇਸ ਬਾਰੇ ਨਹੀਂ ਸੋਚਿਆ ਕਿ ਮੇਰੇ ਸਾਹਮਣੇ ਕੌਣ ਹੈ। ਮੈਨੂੰ ਲੱਗਦਾ ਹੈ ਕਿ ਮੈਂ ਸ਼ੰਘਾਈ ਦੇ ਮੁਕਾਬਲੇ ਅੱਜ ਬਿਹਤਰ ਨਿਸ਼ਾਨੇ ਲਾਏ।’’ ਇਹ ਦੋ ਮਹੀਨਿਆਂ ਵਿੱਚ ਦੱਖਣੀ ਕੋਰੀਆ ’ਤੇ ਭਾਰਤ ਦੀ ਦੂਜੀ ਜਿੱਤ ਹੈ, ਜਿਸ ਨੇ ਤਿੰਨ ਮਹੀਨਿਆਂ ਬਾਅਦ ਹੋਣ ਵਾਲੀਆਂ ਏਸ਼ਿਆਈ ਖੇਡਾਂ ਤੋਂ ਪਹਿਲਾਂ ਰਿਕਰਵ ਟੀਮ ਦਾ ਮਨੋਬਲ ਵਧਾ ਦਿੱਤਾ ਹੈ। ਪਿਛਲੇ ਮਹੀਨੇ ਸ਼ੰਘਾਈ ਵਿਸ਼ਵ ਕੱਪ ਵਿੱਚ ਦੀਪਿਕਾ ਕੁਮਾਰੀ, ਕੁਮਕੁਮ ਅਤੇ ਅੰਕਿਤਾ ਭਕਤ ਦੀ ਮਹਿਲਾ ਤਿਕੜੀ ਨੇ ਸੈਮੀਫਾਈਨਲ ਵਿੱਚ ਰਿਕਾਰਡ 10 ਵਾਰ ਦੀ ਓਲੰਪਿਕ ਚੈਂਪੀਅਨ ਦੱਖਣੀ ਕੋਰੀਆ ਦੀ ਟੀਮ ਖ਼ਿਲਾਫ਼ ਉਲਟਫੇਰ ਕਰਦਿਆਂ ਸੋਨ ਤਗ਼ਮਾ ਜਿੱਤਿਆ ਸੀ। ਧੀਰਜ (24) ਅਤੇ ਕੁਮਕੁਮ ’ਤੇ ਕੋਰਿਆਈ ਟੀਮ ਵਿਰੁੱਧ ਖੇਡਣ ਦਾ ਕੋਈ ਦਬਾਅ ਨਜ਼ਰ ਨਹੀਂ ਆਇਆ। ਕੋਰਿਆਈ ਟੀਮ ਵਿੱਚ ਕਿਮ ਸ਼ਾਮਲ ਸੀ, ਜੋ ਟੋਕੀਓ ਓਲੰਪਿਕ ਵਿੱਚ ਮਿਕਸਡ ਟੀਮ ਦੇ ਸੋਨ ਤਗ਼ਮਾ ਜੇਤੂ ਰਹਿਣ ਤੋਂ ਇਲਾਵਾ ਪੈਰਿਸ ਓਲੰਪਿਕ ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਦੱਖਣੀ ਕੋਰਿਆਈ ਪੁਰਸ਼ ਟੀਮ ਦਾ ਹਿੱਸਾ ਵੀ ਰਿਹਾ ਹੈ।

## ਮਹਿਲਾ ਟੀ-20 ਵਿਸ਼ਵ ਕੱਪ 2026:

# ਭਾਰਤ ਨੇ ਪਾਕਿਸਤਾਨ ਨੂੰ 64 ਦੌੜਾਂ ਨਾਲ ਹਰਾਇਆ

## ਦੀਪਤੀ ਸ਼ਰਮਾ ਨੇ ਝਟਕਾਈਆਂ 5 ਵਿਕਟਾਂ



ਬ੍ਰਿਸਬੇਨ/ਐਜਬੈਸਟਨ: ਮਹਿਲਾ ਟੀ-20 ਵਿਸ਼ਵ ਕੱਪ 2026 ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨੂੰ ਜਾਰੀ ਰੱਖਦਿਆਂ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 64 ਦੌੜਾਂ ਦੇ ਵੱਡੇ ਫ਼ਰਕ ਨਾਲ ਕਰਾਰੀ ਹਾਰ ਦਿੱਤੀ ਹੈ। ਇਸ ਰੋਮਾਂਚਕ ਮੁਕਾਬਲੇ ਵਿੱਚ ਭਾਰਤ ਨੇ ਪਹਿਲਾਂ ਬੱਲੇਬਾਜ਼ੀ ਅਤੇ ਫਿਰ ਗੇਂਦਬਾਜ਼ੀ, ਦੋਵਾਂ ਹੀ ਖੇਤਰਾਂ ਵਿੱਚ ਪਾਕਿਸਤਾਨੀ ਟੀਮ ਨੂੰ ਪੂਰੀ ਤਰ੍ਹਾਂ ਬੈਕਫੁੱਟ 'ਤੇ ਧੱਕ ਦਿੱਤਾ।

**ਮੰਧਾਨਾ ਅਤੇ ਹਰਮਨਪ੍ਰੀਤ ਦੀ ਦਮਦਾਰ ਬੱਲੇਬਾਜ਼ੀ**

ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਭਾਰਤੀ ਟੀਮ ਨੇ ਨਿਰਧਾਰਤ 20 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ 170 ਦੌੜਾਂ ਦਾ ਮਜ਼ਬੂਤ ਸਕੋਰ ਖੜ੍ਹਾ ਕੀਤਾ। ਭਾਰਤ ਵੱਲੋਂ ਸਟਾਰ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ ਨੇ 68 ਦੌੜਾਂ ਦੀ ਸ਼ਾਨਦਾਰ ਅਰਧ-ਸੈਂਕੜੇ ਵਾਲੀ ਪਾਰੀ ਖੇਡੀ। ਉਨ੍ਹਾਂ ਦਾ ਸਾਥ ਦਿੰਦਿਆਂ ਕਪਤਾਨ ਹਰਮਨਪ੍ਰੀਤ ਕੌਰ ਨੇ 36 ਦੌੜਾਂ ਦਾ ਅਹਿਮ ਯੋਗਦਾਨ ਪਾਇਆ।

ਪਾਕਿਸਤਾਨ ਵੱਲੋਂ ਗੇਂਦਬਾਜ਼ੀ ਕਰਦਿਆਂ ਕਪਤਾਨ ਫਾਤਿਮਾ ਸਾਨਾ ਅਤੇ ਸਾਦੀਆ ਇਕਬਾਲ ਨੇ ਸਭ ਤੋਂ ਵੱਧ 2-2 ਵਿਕਟਾਂ ਹਾਸਲ ਕੀਤੀਆਂ, ਪਰ ਉਹ ਭਾਰਤੀ ਬੱਲੇਬਾਜ਼ਾਂ ਨੂੰ ਵੱਡਾ ਸਕੋਰ ਬਣਾਉਣ ਤੋਂ ਰੋਕਣ ਵਿੱਚ ਨਾਕਾਮ ਰਹੀਆਂ।

**ਦੀਪਤੀ ਸ਼ਰਮਾ ਦੀ ਫ਼ਿਰਕੀ 'ਚ ਉਲਝੀ ਪਾਕਿਸਤਾਨੀ ਟੀਮ**

171 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨ ਦੀ ਟੀਮ ਭਾਰਤੀ ਗੇਂਦਬਾਜ਼ਾਂ ਦੇ ਤਿੱਖੇ ਹਮਲੇ ਸਾਹਮਣੇ ਗੋਡੇ ਟੇਕ ਗਈ ਅਤੇ ਪੂਰੀ ਟੀਮ ਮਹਿਜ਼ 106 ਦੌੜਾਂ 'ਤੇ ਹੀ ਆਊਟ ਹੋ ਗਈ। ਭਾਰਤ ਦੀ ਇਸ ਜਿੱਤ ਦੀ ਮੁੱਖ ਸੂਤਰਧਾਰ ਸਟਾਰ ਆਲਰਾਊਂਡਰ ਦੀਪਤੀ ਸ਼ਰਮਾ ਰਹੀ, ਜਿਸ ਨੇ ਘਾਤਕ ਗੇਂਦਬਾਜ਼ੀ ਕਰਦਿਆਂ (ਆਪਣੇ 4 ਓਵਰਾਂ ਵਿੱਚ ਸਿਰਫ਼ 10 ਦੌੜਾਂ ਦੇ ਕੇ) 5 ਵਿਕਟਾਂ ਆਪਣੇ ਨਾਮ ਕੀਤੀਆਂ। ਦੀਪਤੀ ਤੋਂ ਇਲਾਵਾ ਸ੍ਰੀ ਚਰਣੀ ਨੇ ਵੀ ਬਿਹਤਰੀਨ ਗੇਂਦਬਾਜ਼ੀ ਦਾ ਮੁਜ਼ਾਹਰਾ ਕਰਦੇ ਹੋਏ 3 ਵਿਕਟਾਂ ਝਟਕਾਈਆਂ ਅਤੇ ਪਾਕਿਸਤਾਨੀ ਬੱਲੇਬਾਜ਼ੀ ਦੀ ਕਮਰ ਤੋੜ ਦਿੱਤੀ।

# ਮਹਾਨ ਬੱਲੇਬਾਜ਼ ਕੇਨ ਵਿਲੀਅਮਸਨ ਨੇ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲਿਆ!



ਨਿਊਜ਼ੀਲੈਂਡ ਕ੍ਰਿਕਟ ਦੇ ਥੰਮ੍ਹ ਕੇਨ ਵਿਲੀਅਮਸਨ ਨੇ ਅੱਜ ਅੰਤਰਰਾਸ਼ਟਰੀ ਕ੍ਰਿਕਟ ਤੋਂ ਤੁਰੰਤ ਪ੍ਰਭਾਵ ਨਾਲ ਸੰਨਿਆਸ ਦਾ ਐਲਾਨ ਕਰ ਦਿੱਤਾ ਹੈ। ਵਿਲੀਅਮਸਨ ਦਾ ਇਹ ਫ਼ੈਸਲਾ ਇੰਗਲੈਂਡ ਵਿਰੁੱਧ ਚੱਲ ਰਹੀ ਟੈਸਟ ਸੀਰੀਜ਼ ਦੇ ਬਿਲਕੁਲ ਅੱਧਵਾਟੇ ਆਇਆ ਹੈ।

35 ਸਾਲਾਂ ਦੇ ਕੇਨ ਸਟੂਅਰਟ ਵਿਲੀਅਮਸਨ ਨੇ ਲਗਾਤਾਰ 16 ਸਾਲ ਨਿਊਜ਼ੀਲੈਂਡ ਲਈ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ ਖੇਡੀ।

ਉਸ ਨੇ ਕੁੱਲ 378 ਮੈਚ ਅੰਤਰਰਾਸ਼ਟਰੀ ਮੈਚਾਂ ਵਿੱਚ 19,346 ਰਨ ਬਣਾਏ ਜਿਸ ਵਿੱਚ 48 ਸੈਂਕੜੇ ਸ਼ਾਮਲ ਹਨ।

ਟੈਸਟ: 110 ਮੈਚ, 9,515 ਰਨ (ਔਸਤ 54.06), 33 ਸੈਂਚੁਰੀਆਂ (Highest 251) (ਨਿਊਜ਼ੀਲੈਂਡ ਦਾ ਸਭ ਤੋਂ ਵੱਧ ਟੈਸਟ ਰਨ ਬਣਾਉਣ ਵਾਲਾ ਖਿਡਾਰੀ)

**ODIs** : 175 ਮੈਚ, 7,256 ਰਨ (ਔਸਤ 48.38), 15 ਸੈਂਚੁਰੀਆਂ (Highest 148)

**T20Is** : 93 ਮੈਚ, 2,575 ਰਨ (ਔਸਤ 33.01), +Highest 95) 18 ਅਰਧ-ਸੈਂਕੜੇ

ਵਿਲੀਅਮਸਨ ਨੇ ਟੈਸਟ ਕ੍ਰਿਕਟ ਤੇ ਫੋਕਸ ਕਰਨ ਲਈ ਪਹਿਲਾਂ ਹੀ T20 ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲਿਆ ਹੋਇਆ ਸੀ।

ਕੈਪਟਨ ਵਜੋਂ ਵੱਡੀਆਂ ਉਪਲਬਧੀਆਂ 'ਚ ਕੇਨ ਨੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਖਿਤਾਬ (2019-2021) ਜਿੱਤਿਆ।

ਉਹ ਆਪਣੀ ਕਪਤਾਨੀ ਵਿੱਚ 2019 ਵਨਡੇ ਅਤੇ 2021 **T20I** ਵਿਸ਼ਵ ਕੱਪਾਂ ਵਿੱਚ ਨਿਊਜ਼ੀਲੈਂਡ ਨੂੰ ਫਾਈਨਲ ਵਿੱਚ ਲੈ ਕੇ ਗਿਆ।

## ਮਹਿਲਾ ਹਾਕੀ:

# ਭਾਰਤ ਨੇ ਅਮਰੀਕਾ ਨੂੰ 3-2 ਨਾਲ ਹਰਾਇਆ



ਦੀਪਿਕਾ ਦੇ ਦੋ ਸ਼ਾਨਦਾਰ ਗੋਲਾਂ ਦੀ ਮਦਦ ਨਾਲ ਭਾਰਤੀ ਮਹਿਲਾ ਹਾਕੀ ਟੀਮ ਨੇ ਅੱਜ ਇੱਥੇ ਐੱਫ ਆਈ ਐੱਚ ਨੈਸ਼ਨਜ਼ ਕੱਪ ਦੇ ਪੂਲ ‘ਏ’ ਦੇ ਆਪਣੇ ਪਹਿਲੇ ਮੈਚ ਵਿੱਚ ਜ਼ਬਰਦਸਤ ਵਾਪਸੀ ਕਰਦਿਆਂ ਅਮਰੀਕਾ ਨੂੰ 3-2 ਨਾਲ ਹਰਾ ਦਿੱਤਾ। ਮੈਚ ਦੀ ਸ਼ੁਰੂਆਤ ਵਿੱਚ ਅਮਰੀਕਾ ਨੇ ਹਮਲਾਵਰ ਖੇਡ ਦਿਖਾਈ। ਐਸ਼ਲੇ ਸੇਸਾ ਨੇ ਚੌਥੇ ਮਿੰਟ ਵਿੱਚ ਮੈਦਾਨੀ ਗੋਲ ਕੀਤਾ ਅਤੇ ਮੈਡਲੀਨ ਜ਼ਿਮਰ ਨੇ ਸੱਤਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲ ਕੇ ਅਮਰੀਕਾ ਨੂੰ 2-0 ਦੀ ਸ਼ੁਰੂਆਤੀ ਲੀਡ ਦਿਵਾ ਦਿੱਤੀ। ਦੋ ਗੋਲਾਂ ਨਾਲ ਪੱਛੜਨ ਤੋਂ ਬਾਅਦ ਭਾਰਤ ਨੇ ਹਮਲਾਵਰ ਰੁਖ਼ ਅਪਣਾਇਆ। ਡਰੈਗ-ਫਲਿੱਕ ਮਾਹਿਰ ਦੀਪਿਕਾ ਨੇ 17ਵੇਂ ਅਤੇ 24ਵੇਂ ਮਿੰਟ ਵਿੱਚ ਲਗਾਤਾਰ ਦੋ ਪੈਨਲਟੀ ਕਾਰਨਰਾਂ ਨੂੰ ਗੋਲਾਂ ਵਿੱਚ ਬਦਲ ਕੇ ਸਕੋਰ 2-2 ਨਾਲ ਬਰਾਬਰ ਕਰ ਦਿੱਤਾ। ਇਸ ਤੋਂ ਬਾਅਦ 28ਵੇਂ ਮਿੰਟ ਵਿੱਚ ਨਵਨੀਤ ਕੌਰ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰ ਕੇ ਭਾਰਤ ਨੂੰ 3-2 ਦੀ ਲੀਡ ਦਿਵਾਈ, ਜੋ ਮੈਚ ਦੇ ਅਖ਼ੀਰ ਤੱਕ ਬਰਕਰਾਰ ਰਹੀ।

# ਵੈਭਵ ਸੂਰਿਆਵੰਸ਼ੀ ਨੇ ਸ੍ਰੀਲੰਕਾ ਦੇ ਖਿਡਾਰੀ ਨੂੰ ਮਾਰਿਆ ਧੱਕਾ



ਦਾਂਬੁਲਾ : ਸ੍ਰੀਲੰਕਾ-ਏ ਨੇ ਸੋਮਵਾਰ ਨੂੰ ਦਾਂਬੁਲਾ ਵਿੱਚ ਖੇਡੇ ਗਈ ਤਿਕੋਣੀ ਲੜੀ ਦੇ ਰੋਮਾਂਚਕ ਮੁਕਾਬਲੇ ਵਿੱਚ ਭਾਰਤ-ਏ ਨੂੰ ਸੁਪਰ ਓਵਰ ਵਿੱਚ ਹਰਾ ਦਿੱਤਾ। ਮੈਚ ਤੋਂ ਬਾਅਦ 15 ਸਾਲ ਦੇ ਵੈਭਵ ਸੂਰਿਆਵੰਸ਼ੀ ਦੀ ਇੱਕ ਸ੍ਰੀਲੰਕਾ ਦੇ ਖਿਡਾਰੀ ਨਾਲ ਬਹਿਸ ਹੋ ਗਈ ਅਤੇ ਇਸੇ ਦੌਰਾਨ ਉਨ੍ਹਾਂ ਨੇ ਵਿਰੋਧੀ ਖਿਡਾਰੀ ਨੂੰ ਧੱਕਾ ਵੀ ਦੇ ਦਿੱਤਾ। ਸ੍ਰੀਲੰਕਾ ਦੇ ਵਿਕਟਕੀਪਰ ਨਿਰੋਸ਼ਨ ਡਿਕਵੇਲਾ ਨੇ ਵਿਚਾਲੇ ਪੈ ਕੇ ਮਾਮਲਾ ਸ਼ਾਂਤ ਕਰਵਾਇਆ।

ਇਸ ਤੋਂ ਪਹਿਲਾਂ ਸੋਮਵਾਰ ਨੂੰ ਖੇਡਿਆ ਗਿਆ ਇਹ ਮੁਕਾਬਲਾ ਟਾਈ ਹੋ ਗਿਆ ਸੀ। ਭਾਰਤ-ਏ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 49.2 ਓਵਰਾਂ ਵਿੱਚ 265 ਰਨ ਬਣਾਏ ਸਨ। ਜਵਾਬ ਵਿੱਚ ਸ੍ਰੀਲੰਕਾ-ਏ ਵੀ 50 ਓਵਰਾਂ ਵਿੱਚ 265 ਰਨ ਹੀ ਬਣਾ ਸਕੀ। ਆਖਰੀ ਗੇਂਦ 'ਤੇ ਸ਼੍ਰੀਲੰਕਾ ਨੂੰ ਜਿੱਤ ਲਈ 2 ਰਨ ਚਾਹੀਦੇ ਸਨ, ਪਰ ਟੀਮ ਸਿਰਫ਼ 1 ਰਨ ਹੀ ਬਣਾ ਸਕੀ। ਇਸ ਤੋਂ ਬਾਅਦ ਸ੍ਰੀਲੰਕਾ-ਏ ਨੇ ਸੁਪਰ ਓਵਰ ਵਿੱਚ 16 ਰਨ ਬਣਾਏ, ਜਿਸ ਦੇ ਜਵਾਬ ਵਿੱਚ ਭਾਰਤੀ ਟੀਮ ਸਿਰਫ਼ 9 ਰਨ ਹੀ ਬਣਾ ਸਕੀ। ਜਦੋਂ ਮੈਚ ਟਾਈ ਹੋਇਆ ਤਾਂ ਇਹ ਸਪੱਸ਼ਟ ਨਹੀਂ ਸੀ ਕਿ ਸੁਪਰ ਓਵਰ ਹੋਵੇਗਾ ਜਾਂ ਨਹੀਂ। ਅੰਪਾਇਰ ਤਰਕ ਦੇ ਰਹੇ ਸਨ ਕਿ ਕਾਫ਼ੀ ਸ਼ਾਮ ਹੋ ਚੁੱਕੀ ਹੈ ਅਤੇ ਅੱਗੇ ਮੁਕਾਬਲਾ ਸੰਭਵ ਨਹੀਂ ਹੋਵੇਗਾ। ਇਸ ਤੋਂ ਬਾਅਦ ਭਾਰਤੀ ਕਪਤਾਨ ਤਿਲਕ ਵਰਮਾ ਦੀ ਅੰਪਾਇਰ ਨਾਲ ਬਹਿਸ ਹੋਈ। ਫਿਰ ਸੁਪਰ ਓਵਰ ਕਰਵਾਉਣ ਦਾ ਫੈਸਲਾ ਕੀਤਾ ਗਿਆ।










